JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit **punjabipost.ca/epaper** | Vol 21* Issue 194 | Friday, October 07, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਬਿੱਲ ਸੀ-30 ਸਰਬਸੰਮਤੀ ਨਾਲ ਪਾਸ



ਓਟਵਾ, 6 ਅਕਤੂਬਰ (ਪੋਸਟ ਬਿਊਰੋ) : ਲਿਬਰਲ ਸਰਕਾਰ ਦੇ ਅਫੋਰਡੇਬਿਲਿਟੀ ਉੱਤੇ ਕੇਂਦਰਿਤ ਦੋ ਬਿੱਲਾਂ ਵਿੱਚੋਂ ਇੱਕ ਵੀਰਵਾਰ ਨੂੰ ਸਰਬਸੰਮਤੀ ਨਾਲ ਪਾਸ ਹੋ ਗਿਆ। ਇਸ ਬਿੱਲ ਨੂੰ ਅੱਗੇ ਵਿਚਾਰ ਲਈ ਸੈਨੇਟ ਕੋਲ ਭੇਜ ਦਿੱਤਾ ਗਿਆ ਹੈ।

ਬਿੱਲ ਸੀ-30, ਜਿਸ ਤਹਿਤ ਘੱਟ ਤੋਂ ਦਰਮਿਆਨੀ ਆਮਦਨ ਵਾਲੇ ਕੈਨੇਡੀਅਨਜ਼ ਨੂੰ ਦਿੱਤੇ ਜਾਣ ਵਾਲੇ ਜੀਐਸਟੀ ਕ੍ਰੈਡਿਟ ਨੂੰ ਆਰਜ਼ੀ ਤੌਰ ਉੱਤੇ ਦੁੱਗਣਾ ਕੀਤੇ ਜਾਣ ਦੀ ਤਜਵੀਜ਼ ਹੈ, 19 ਸਤੰਬਰ ਨੂੰ ਪਾਰਲੀਆਮੈਂਟ ਦੀ ਪਹਿਲੀ ਸਿਟਿੰਗ ਵਿੱਚ ਹੀ ਫੈਡਰਲ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਸੀ। ਸਰਕਾਰ ਅਨੁਸਾਰ ਕ੍ਰੈਡਿਟ ਵਿੱਚ ਵਾਧੇ ਤੋਂ ਭਾਵ ਹੈ ਕਿ ਬੱਚਿਆਂ ਤੋਂ ਬਿਨਾਂ ਇੱਕਲੇ ਰਹਿਣ ਵਾਲੇ ਕੈਨੇਡੀਅਨਜ਼ ਨੂੰ 234 ਡਾਲਰ ਵਾਧੂ ਹਾਸਲ ਹੋਣਗੇ ਜਦਕਿ ਦੋ ਬੱਚਿਆਂ ਵਾਲੇ ਕੈਨੇਡੀਅਨ ਜੋੜੇ ਨੂੰ 467 ਡਾਲਰ ਵਾਧੂ ਹਾਸਲ ਹੋਣਗੇ ਤੇ ਇਸੇ ਤਰ੍ਹਾਂ ਬਜ਼ੁਰਗਾਂ ਨੂੰ ਔਸਤਨ 225 ਡਾਲਰ ਵਾਧੂ ਮਿਲਣਗੇ।

ਹਾਲਾਂਕਿ ਇਸ ਬਿੱਲ ਦਾ ਸਮਰਥਨ ਕਰਨ ਲਈ ਕੰਜ਼ਰਵੇਟਿਵ ਵੀ ਅੱਗੇ ਆਏ ਪਰ ਫਿਰ ਵੀ ਮਹਿੰਗਾਈ ਦੇ ਇਸ ਦੌਰ ਵਿੱਚ ਕੈਨੇਡੀਅਨਜ਼ ਦੀ ਹੋਰ ਮਦਦ ਕਰਨ ਦੀ ਮੰਗ ਉੱਠਦੀ ਰਹੀ। ਬਿੱਲ ਸੀ-30 ਬਾਰੇ ਫਰੀਲੈਂਡ ਵੱਲੋਂ ਵੀਰਵਾਰ ਸ਼ਾਮ ਨੂੰ ਸੈਨੇਟ ਨੂੰ ਸੰਬੋਧਨ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਉਹ ਸੈਨੇਟ ਦੇ ਕੰਮ ਨੂੰ ਇਸ ਬਿੱਲ ਦੇ ਸਬੰਧ ਵਿੱਚ ਜਲਦ ਤੋਂ ਜਲਦ ਪੂਰਾ ਕਰਨ ਦੀ ਮੰਗ ਵੀ ਕਰ ਚੁੱਕੀ ਹੈ ਤਾਂ ਕਿ ਕੈਨੇਡਾ ਰੈਵਨਿਊ ਏਜੰਸੀ (ਸੀਆਰਏ) ਇਸ ਸਾਲ ਦੇ ਅੰਤ ਤੋਂ ਪਹਿਲਾਂ ਯੋਗ ਕੈਨੇਡੀਅਨਜ਼ ਨੂੰ ਇਸ ਸਬੰਧੀ ਅਦਾਇਗੀਆਂ ਕਰ ਸਕੇ।

## ਸਾਨੂੰ ਬੈਕ ਟੂ ਵਰਕ ਕਾਨੂੰਨ ਦਾ ਸਹਾਰਾ ਲੈਣ ਲਈ ਮਜਬੂਰ ਨਾ ਕਰਨ ਯੂਨੀਅਨਾਂ : ਫੋਰਡ

ਓਨਟਾਰੀਓ, 6 ਅਕਤੂਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਐਜੂਕੇਸ਼ਨ ਵਰਕਰਜ਼ ਨੂੰ ਹੜਤਾਲ ਉੱਤੇ ਨਾ ਜਾਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਜੇ ਐਜੂਕੇਸ਼ਨ ਵਰਕਰਜ਼ ਹੜਤਾਲ ਉੱਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਕੰਮ ਜਾਰੀ ਰੱਖਣ ਲਈ ਬੈਕ ਟੂ ਵਰਕ ਕਾਨੂੰਨ ਦਾ ਸਹਾਰਾ ਲੈਣਾ ਹੋਵੇਗਾ।



ਪ੍ਰੀਮੀਅਰ ਵੱਲੋਂ ਇਹ ਟਿੱਪਣੀਆਂ ਉਸ ਸਮੇਂ ਕੀਤੀਆਂ ਗਈਆਂ ਜਦੋਂ ਸਰਕਾਰ ਤੇ ਸੀਯੂਪੀਈ ਦੀ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ (ਓਐਸਬੀਸੀਯੂ) ਦਰਮਿਆਨ ਵੀਰਵਾਰ ਨੂੰ ਗੱਲਬਾਤ ਸ਼ੁਰੂ ਹੋਈ। ਜ਼ਿਕਰਯੋਗ ਹੈ ਕਿ ਯੂਨੀਅਨ ਮੈਂਬਰਾਂ, ਜਿਨ੍ਹਾਂ ਵਿੱਚ ਪ੍ਰੋਵਿੰਸ ਭਰ ਦੇ 55,000 ਲਾਇਬ੍ਰੇਰੀਅਨਜ਼, ਕਸਟੋਡੀਅਨਜ਼ ਤੇ ਐਡਮਨਿਸਟ੍ਰੇਟਿਵ ਸਟਾਫ ਸ਼ਾਮਲ ਹੈ, ਵੱਲੋਂ ਪਿੱਛੇ ਜਿਹੇ ਹੜਤਾਲ ਦੇ ਪੱਖ ਵਿੱਚ ਵੋਟ ਪਾਇਆ ਗਿਆ। ਹਾਲਾਂਕਿ ਯੂਨੀਅਨ ਮੈਂਬਰਾਂ ਨੇ ਇਹ ਵੀ ਆਖਿਆ ਕਿ ਹੜਤਾਲ ਕਰਨਾ ਉਨ੍ਹਾਂ ਦੀ ਤਰਜੀਹ ਨਹੀਂ ਹੈ। ਜੇ ਹੜਤਾਲ ਹੁੰਦੀ ਵੀ ਹੈ ਤਾਂ ਉਸ ਵਿੱਚ ਅਜੇ ਤਿੰਨ ਹਫਤੇ ਦਾ ਸਮਾਂ ਪਿਆ ਹੈ।

ਇਸ ਦੌਰਾਨ ਇਹ ਪੁੱਛੇ ਜਾਣ ਉੱਤੇ ਕਿ ਕੀ ਭੱਤਿਆਂ ਸਬੰਧੀ ਕੀਤੀ ਜਾ ਰਹੀ ਮੰਗ ਦੇ ਸਬੰਧ ਵਿੱਚ ਸਰਕਾਰ ਥੋੜ੍ਹੀ ਰਿਆਇਤ ਵਿਖਾਵੇਗੀ ਤਾਂ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਓਨਟਾਰੀਓ ਦੇ ਅਧਿਆਪਕਾਂ ਤੇ ਲੋਕਾਂ ਨੂੰ ਸਹੀ ਡੀਲ ਮਿਲੇਗੀ। ਫੋਰਡ ਨੇ ਵਾਰੀ ਵਾਰੀ ਸਾਰੇ ਯੂਨੀਅਨ ਮੈਂਬਰਾਂ ਨੂੰ ਹੜਤਾਲ ਉੱਤੇ ਨਾ ਜਾਣ ਦੀ ਅਪੀਲ ਕੀਤੀ ਤੇ ਆਖਿਆ ਕਿ ਉਨ੍ਹਾਂ ਨੂੰ ਆਪਣੀ ਸ਼ਕਤੀ ਦੀ ਵਰਤੋਂ ਕਰਨ ਦਾ ਮੌਕਾ ਨਾ ਦਿੱਤਾ ਜਾਵੇ। ਇਹ ਪੁੱਛੇ ਜਾਣ ਉੱਤੇ ਕਿ ਕੀ ਇਹ ਅਲਟੀਮੇਟਮ ਹੈ ਤਾਂ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਪੇਸ਼ਕਸ਼ ਜਾਇਜ਼ ਹੈ। ਯੂਨੀਅਨਾਂ ਵੱਲੋਂ 50 ਫੀ ਸਦੀ ਵਾਧੇ ਦੀ ਮੰਗ ਕੀਤੀ ਜਾ ਰਹੀ ਹੈ ਤੇ ਹਰ ਕੋਈ ਜਾਣਦਾ ਹੈ ਕਿ ਅਜਿਹਾ ਸੰਭਵ ਨਹੀਂ ਹੈ। ਅਸੀਂ ਬੱਚਿਆਂ ਨੂੰ ਬਿਨਾਂ ਕਿਸੇ ਅੜਿੱਕੇ ਦੇ ਸਕੂਲ ਵਾਪਿਸ ਚਾਹੁੰਦੇ ਹਾਂ ਤੇ ਯੂਨੀਅਨਾਂ ਨਾਲ ਸਹੀ ਢੰਗ ਨਾਲ ਗੱਲਬਾਤ ਕਰ ਰਹੇ ਹਾਂ। ਸੀਯੂਪੀਈ ਵੱਲੋਂ ਸਰਕਾਰ ਨਾਲ ਵੀਰਵਾਰ, ਸ਼ੁੱਕਰਵਾਰ, 17 ਤੇ 18 ਅਕਤੂਬਰ ਨੂੰ ਗੱਲਬਾਤ ਕੀਤੀ ਜਾਵੇਗੀ।

## ਬਰੈਂਪਟਨ ਵਿਖੇ ਹਿੰਦੂ ਸਭਾ ਮੰਦਰ ਵਲੋਂ ਧੂਮਧਾਮ ਨਾਲ ਮਨਾਇਆ ਗਿਆ ਦੁਸਹਿਰਾ





ਬਰੈਂਪਟਨ, 6 ਅਕਤੂਬਰ (ਪੋਸਟ ਬਿਊਰੋ)- ਬਰੈਂਪਟਨ ਵਿਚ ਗੋਰ ਰੋਡ ਉਪਰ ਸਥਿਤ ਗੋਰ ਮੰਦਰ ਦੇ ਨਾਮ ਨਾਲ ਜਾਣੇ ਜਾਂਦੇ ਹਿੰਦੂ ਸਭਾ ਮੰਦਰ ਵਿਚ ਬੀਤੇ ਹਫਤੇ ਬੜੀ ਧੂਮ ਧਾਮ ਨਾਲ ਦਸਹਿਰੇ ਦਾ ਤਿਓਹਾਰ ਮਨਾਇਆ ਗਿਆ। ਸਵੇਰੇ ਤੋਂ ਹੀ ਮੰਦਰ ਵਿਚ ਸ਼ਰਧਾਲੂਆਂ ਦਾ ਆਉਣਾ ਸ਼ੁਰੂ ਹੋ ਗਿਆ ਸੀ। ਪੂਜਾ ਤੋਂ ਬਾਅਦ ਰਾਮ ਲੀਲਾ ਦੀਆਂ ਝਾਕੀਆਂ ਕੱਢੀਆਂ ਗਈਆਂ ਅਤੇ ਮੰਦਰ ਦੇ ਪਿਛਲੇ ਪਾਸੇ ਲੱਗਦੀ ਜ਼ਮੀਨ ਵਿਚ ਸਟੇਜ ਬਣਾਈ ਗਈ ਤੇ ਰਾਵਣ ਦਾ ਬੁੱਤ ਤਿਆਰ ਕੀਤਾ ਗਿਆ। ਮੰਦਰ ਦੇ ਮੁੱਖ ਪ੍ਰਬੰਧਕ ਕੁਲਦੀਪ ਗੁਪਤਾ ਜੀ ਦੀ ਰਹਿਨੁਮਾਈ ਹੇਠ ਹੋਏ ਇਸ ਪ੍ਰੋਗਰਾਮ ਵਿਚ ਸਟੇਜ ਉਤੇ ਜਿੱਥੇ ਰਾਮਲੀਲਾ ਖੇਡੀ ਗਈ, ਉਸ ਦੇ ਨਾਲ ਨਾਲ ਹਿੰਦੂ ਭਾਈਚਾਰੇ ਨਾਲ ਸਬੰਧਤ ਵੱਖ ਵੱਖ ਸ਼ਖਸੀਅਤਾਂ ਵਲੋਂ ਲੋਕਾਂ ਦਾ ਸਵਾਗਤ ਵੀ ਕੀਤਾ ਗਿਆ ਅਤੇ ਦੁਸਹਿਰੇ ਦੀਆਂ ਵਧਾਈਆਂ ਵੀ ਦਿੱਤੀਆਂ ਗਈਆਂ। ਰਾਮ ਲੀਲਾ ਤੋਂ ਬਾਅਦ ਫੈਡਰਲ ਪ੍ਰੋਵਿੰਸ਼ੀਅਲ ਅਤੇ ਵੱਡੇ ਪੱਧਰ ਉਤੇ ਮਿਉਂਸਪਲ ਆਗੂਆਂ ਵਲੋਂ ਵੀ ਸ਼ਿਰਕਤ ਕੀਤੀ ਗਈ। ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ, ਬਰੈਂਪਟਨ ਸੈਂਟਰ ਤੋਂ ਐਮ ਪੀ ਸ਼ਫਕਤ ਅਲੀ, ਬਰੈਂਪਟਨ ਈਸਟ ਤੋਂ ਐਮ ਪੀ ਪੀ ਹਰਦੀਪ ਗਰੇਵਾਲ, ਐਮ ਪੀ ਪੀ ਦੀਪਕ ਆਨੰਦ, ਐਮ ਪੀ ਪੀ ਅਮਰਜੋਤ ਸੰਧੂ, ਐਮ ਪੀ ਪੀ ਗਰੈਮ ਮੈਕਗਰੈਗਰ, ਐਮ ਪੀ ਪੀ ਨੀਨਾ ਤਾਂਗੜੀ ਤੇ ਨਾਲ ਨਾਲ ਸਿੱਖਿਆ ਮੰਤਰੀ ਸਟੀਵਨ ਲੀਚੇ ਨੇ ਆਈਆਂ ਸੰਗਤਾਂ ਨੂੰ ਸੰਬੋਧਨ ਕੀਤਾ। ਮਿਉਂਸਪਲ ਲੈਵਲ ਉਤੇ ਮੇਅਰ ਪੈਟ੍ਰਿਕ ਬ੍ਰਾਊਨ ਅਤੇ ਇਸ ਦੇ ਨਾਲ ਨਾਲ ਮੇਅਰ ਦੀ ਚੋਣ ਲੜ ਰਹੇ ਬੌਬ ਦੁਸਾਂਝ ਤੇ ਵੱਖ ਵੱਖ ਵਾਰਡਾਂ ਦੇ ਉਮੀਦਵਾਰਾਂ ਨੇ ਸ਼ਿਰਕਤ ਕੀਤੀ।

...ਬਾਕੀ ਪੰਨਾ 6 'ਤੇ


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL For Ourr Exclusive Deals
PRICE $4699
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
5781 Highway 7 Unit 10, Vaughan, ON L4L 1T8, (416)-477-5556
416-551-5553 WWW.OURRHOMEAPPLIANCES.COM

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life / Mortgage/Funeral Insurance
• Disability Insurance
• Critical Illness Insurance
• RESP / RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫਨਾਮੇ ਅਤੇ ਹੋਰ ਕਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਅੱਜ ਚੋਣਾਂ ਕਰਵਾਏ ਜਾਣ 'ਤੇ ਵੱਧ ਸੀਟਾਂ ਜਿੱਤ ਸਕਦੇ ਹਨ ਕੰਜ਼ਰਵੇਟਿਵ : ਨੈਨੋਜ਼

ਓਟਵਾ, 6 ਅਕਤੂਬਰ (ਪੋਸਟ ਬਿਊਰੋ) : ਨੈਨੋਜ਼ ਰਿਸਰਚ ਵੱਲੋਂ ਕੀਤੇ ਗਏ ਨਵੇਂ ਅਧਿਐਨ ਅਨੁਸਾਰ ਜੇ ਅੱਜ ਦੀ ਤਰੀਕ ਵਿੱਚ ਚੋਣਾਂ ਕਰਵਾਈਆਂ ਜਾਂਦੀਆਂ ਹਨ ਤਾਂ ਲਿਬਰਲਾਂ ਦੇ ਮੁਕਾਬਲੇ ਕੰਜ਼ਰਵੇਟਿਵ ਪਾਰਟੀ ਨੂੰ ਜ਼ਿਆਦਾ ਸੀਟਾਂ ਹਾਸਲ ਹੋ ਸਕਦੀਆਂ ਹਨ।






ਪਿਛਲੀਆਂ ਦੋ ਫੈਡਰਲ ਚੋਣਾਂ ਵਿੱਚ ਕੰਜ਼ਰਵੇਟਿਵ ਪੌਪੂਲਰ ਵੋਟ ਵਿੱਚ ਤਾਂ ਲਿਬਰਲਾਂ ਨੂੰ ਪਿੱਛੇ ਛੱਡਣ ਵਿੱਚ ਕਾਮਯਾਬ ਹੋ ਗਏ ਪਰ ਬਹੁਤੀਆਂ ਸੀਟਾਂ ਹਾਸਲ ਕਰਨ ਵਿੱਚ ਅਸਫਲ ਰਹੇ। ਇਸ ਨਾਲ ਜਸਟਿਨ ਟਰੂਡੋ ਮਾਇਨੌਰਿਟੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਏ। ਟਰੈਂਡ ਲਾਈਨ ਦੇ ਤਾਜ਼ਾ ਐਪੀਸੋਡ ਵਿੱਚ ਨੈਨੋਜ਼ ਰਿਸਰਚ ਦੇ ਨਿੱਕ ਨੈਨੋਜ਼ ਨੇ ਆਖਿਆ ਕਿ ਪਿਛਲੀ ਵਾਰੀ ਵੀ ਕੰਜ਼ਰਵੇਟਿਵ ਮੂਹਰੇ ਚੱਲ ਰਹੇ ਸਨ ਪਰ ਅਖੀਰ ਵਿੱਚ ਉਹ ਬਹੁਤੀਆਂ ਸੀਟਾਂ ਹਾਸਲ ਕਰਨ ਤੋਂ ਅਸਫਲ ਰਹੇ। ਪਰ ਇਸ ਵਾਰੀ ਸੀਟਾਂ ਸਬੰਧੀ ਲਗਾਏ ਜਾ ਰਹੇ ਕਿਆਫਿਆਂ ਅਨੁਸਾਰ ਕੰਜ਼ਰਵੇਟਿਵਾਂ ਦੇ ਲਿਬਰਲਾਂ ਨਾਲੋਂ ਵੱਧ ਸੀਟਾਂ ਜਿੱਤਣ ਦੀ ਸੰਭਾਵਨਾ ਹੈ। ਇਸ ਤੋਂ ਭਾਵ ਹੈ ਕਿ ਨਾ ਸਿਰਫ ਕੰਜ਼ਰਵੇਟਿਵ, ਲਿਬਰਲਾਂ ਨੂੰ ਸ਼ਿਕਸਤ ਦੇ ਸਕਦੇ ਹਨ ਸਗੋਂ ਕੰਜ਼ਰਵੇਟਿਵਾਂ ਦੇ ਸਰਕਾਰ ਬਣਾਉਣ ਦੀ ਵੀ ਬਹੁਤੀ ਸੰਭਾਵਨਾ ਹੈ।

ਹਾਲਾਂਕਿ ਨੇੜ ਭਵਿੱਖ ਵਿੱਚ ਫੈਡਰਲ ਚੋਣਾਂ ਹੋਣ ਦੀ ਸੰਭਾਵਨਾ ਨਹੀਂ ਹੈ ਤੇ ਇਸ ਵਿੱਚ ਵੱਡੀ ਭੂਮਿਕਾ ਲਿਬਰਲਾਂ ਤੇ ਐਨਡੀਪੀ ਦਰਮਿਆਨ ਹੋਏ ਸਮਝੌਤੇ ਦੀ ਵੀ ਹੈ, ਜਿਸ ਕਾਰਨ ਇਸ ਸਰਕਾਰ ਦੇ 2025 ਤੱਕ ਚੱਲਣ ਦੀ ਉਮੀਦ ਹੈ। ਪਰ ਸੀਟਾਂ ਸਬੰਧੀ ਕਿਆਫਿਆਂ ਅਨੁਸਾਰ ਜੇ ਅੱਜ ਚੋਣਾਂ ਕਰਵਾਈਆਂ ਜਾਣ ਤਾਂ ਕੰਜ਼ਰਵੇਟਿਵਾਂ ਨੂੰ 108 ਸੀਟਾਂ ਉੱਤੇ ਜਿੱਤ ਹਾਸਲ ਹੋ ਸਕਦੀ ਹੈ ਜਦਕਿ ਲਿਬਰਲਾਂ ਦੇ ਹਿੱਸੇ 106 ਸੀਟਾਂ ਹੀ ਆ ਸਕਦੀਆਂ ਹਨ। ਇਨ੍ਹਾਂ ਕਿਆਫਿਆਂ ਅਨੁਸਾਰ ਐਨਡੀਪੀ ਨੂੰ 41 ਸੀਟਾਂ, ਬਲਾਕ ਕਿਊਬਿਕੁਆ ਨੂੰ 24 ਸੀਟਾਂ ਤੇ ਗ੍ਰੀਨਜ਼ ਨੂੰ 2 ਸੀਟਾਂ ਹਾਸਲ ਹੋ ਸਕਦੀਆਂ ਹਨ।

## ਬੈਵਿਲਾਕੁਆ ਨੇ ਮੇਅਰ ਵਜੋਂ ਡੈਲ ਡੂਕਾ ਦੀ ਹਮਾਇਤ ਕਰਨ ਦਾ ਕੀਤਾ ਐਲਾਨ

ਵਾਅਨ, 6 ਅਕਤੂਬਰ (ਪੋਸਟ ਬਿਊਰੋ) : ਵਾਅਨ ਦੇ ਗੱਦੀਓਂ ਉਤਰ ਰਹੇ ਮੇਅਰ ਮੌਰੀਜੀਓ ਬੈਵਿਲਾਕੁਆ ਵੱਲੋਂ ਇਸ ਅਹੁਦੇ ਲਈ ਸਟੀਵਨ ਡੈਲ ਡੂਕਾ ਦੀ ਹਮਾਇਤ ਕੀਤੀ ਜਾ ਰਹੀ ਹੈ।

ਬੈਵਿਲਾਕੁਆ ਨੇ ਵੀਰਵਾਰ ਸਵੇਰੇ ਡੈਲ ਡੂਕਾ ਦੀ ਹਮਾਇਤ ਕਰਦਿਆਂ ਉਨ੍ਹਾਂ ਦੇ ਸਿਟੀ ਦੇ ਵਿਕਾਸ ਸਬੰਧੀ ਨਜ਼ਰੀਏ ਲਈ 10 ਨੁਕਾਤੀ ਐਕਸ਼ਨ ਪਲੈਨ ਦਾ ਖੁਲਾਸਾ ਕੀਤਾ। ਉਨ੍ਹਾਂ ਇੱਕ ਬਿਆਨ ਵਿੱਚ ਲਿਖਿਆ ਕਿ 12 ਸਾਲ ਤੱਕ ਮੇਅਰ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਉਹ ਇਹ ਦੱਸ ਸਕਦੇ ਹਨ ਕਿ ਇਸ ਕੰਮ ਲਈ ਅਖੰਡਤਾ, ਸਮਝਦਾਰੀ ਤੇ ਸੱਭ ਨੂੰ ਨਾਲ ਲੈ ਕੇ ਚੱਲਣ ਦੀ ਲੋੜ ਹੁੰਦੀ ਹੈ। ਉਨ੍ਹਾਂ ਆਖਿਆ ਕਿ ਇਸ ਕੰਮ ਲਈ ਆਪਣੇ ਤੋਂ ਬਾਅਦ ਉਹ ਸਟੀਵਨ ਡੈਲ ਡੂਕਾ ਦੀ ਹਮਾਇਤ ਕਰਦੇ ਹਨ ਕਿਉਂਕਿ ਸਿਟੀ ਹਾਲ ਲਈ ਸੁਚੱਜੀ ਲੀਡਰਸ਼ਿਪ ਵਾਸਤੇ ਉਨ੍ਹਾਂ ਕੋਲ ਤਜਰਬਾ, ਐਨਰਜੀ ਤੇ



ਨਜ਼ਰੀਆ ਸੱਭ ਕੁੱਝ ਹੈ।

ਡੈਲ ਡੂਕਾ ਵੱਲੋਂ ਜਾਰੀ ਕੀਤੇ ਗਏ ਐਕਸ਼ਨ ਪਲੈਨ ਵਿੱਚ ਪ੍ਰਾਪਰਟੀ ਟੈਕਸਾਂ ਨੂੰ ਘੱਟ ਰੱਖਣ, ਲੋਕਾਂ ਦੇ ਕੰਮ ਕਰਵਾਉਣ ਵਾਲੀ ਸਰਕਾਰ, ਐਨਵਾਇਰਮੈਂਟ ਦੀ ਸਥਿਰਤਾ ਲਈ ਸਮਰਪਣ ਭਾਵਨਾ ਤੇ ਕਿਸੇ ਵੀ ਤਰ੍ਹਾਂ ਦੀ ਖੜੋਤ ਨੂੰ ਖ਼ਤਮ ਕਰਨ ਉੱਤੇ ਜ਼ੋਰ ਦੇਣ ਦੀ ਗੱਲ ਆਖੀ ਗਈ। ਜੂਨ ਵਿੱਚ ਬੈਵਿਲਾਕੁਆ ਨੇ ਆਪਣੇ 62ਵੇਂ ਜਨਮਦਿਨ ਉੱਤੇ ਇਹ ਐਲਾਨ ਕੀਤਾ ਸੀ ਕਿ ਉਹ ਮੇਅਰ ਵਜੋਂ ਮੁੜ ਚੋਣ ਨਹੀਂ ਲੜਨੀ ਚਾਹੁੰਦੇ। ਮੇਅਰ ਦੇ ਅਹੁਦੇ ਲਈ ਚੋਣ 24 ਅਕਤੂਬਰ ਨੂੰ ਹੋਵੇਗੀ।

## ਗੈਸ ਦੀਆਂ ਕੀਮਤਾਂ ਵਿੱਚ 10 ਸੈਂਟ ਦਾ ਹੋਇਆ ਵਾਧਾ

ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ) : ਪਿਛਲੇ ਕੁੱਝ ਹਫਤਿਆਂ ਵਿੱਚ ਸਥਿਰ ਬਣੇ ਰਹਿਣ ਤੋਂ ਬਾਅਦ ਬੁੱਧਵਾਰ ਨੂੰ ਜੀਟੀਏ ਵਿੱਚ ਗੈਸ ਦੀਆਂ ਕੀਮਤਾਂ ਵਿੱਚ 10 ਸੈਂਟ ਦਾ ਵਾਧਾ ਦਰਜ ਕੀਤਾ ਗਿਆ।

ਇਹ ਵਾਧਾ ਰਾਤੋ ਰਾਤ ਹੋਇਆ ਤੇ ਹੁਣ ਜੀਟੀਏ ਵਿੱਚ ਗੈਸ ਦੀਆਂ ਕੀਮਤਾਂ 162.9 ਸੈਂਟ ਪ੍ਰਤੀ ਲੀਟਰ ਤੱਕ ਪਹੁੰਚ ਗਈਆਂ ਹਨ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਅਜੇ ਇਨ੍ਹਾਂ ਕੀਮਤਾਂ ਵਿੱਚ ਵੀਰਵਾਰ ਨੂੰ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ। ਅਗਸਤ ਤੋਂ ਬਾਅਦ ਦੱਖਣੀ ਓਨਟਾਰੀਓ ਵਿੱਚ ਇਸ ਸਮੇਂ ਗੈਸ ਦੀਆਂ ਕੀਮਤਾਂ ਸੱਭ ਤੋਂ ਵੱਧ ਦੱਸੀਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਜੂਨ ਵਿੱਚ ਜੀਟੀਏ ਵਿੱਚ ਗੈਸ ਦੀਆਂ ਕੀਮਤਾਂ 214.9 ਸੈਂਟ ਪ੍ਰਤੀ ਲੀਟਰ ਤੱਕ ਵੱਧ ਗਈਆਂ ਸਨ।



ਅਜੇ ਵੀ ਦੱਖਣੀ ਓਨਟਾਰੀਓ ਵਿੱਚ ਗੈਸ ਦੀਆਂ ਕੀਮਤਾਂ ਪੱਛਮੀ ਓਨਟਾਰੀਓ ਦੇ ਮੁਕਾਬਲੇ ਕੁੱਝ ਜ਼ਿਆਦਾ ਨਹੀਂ ਹਨ। ਮੈਟਰੋ ਵੈਨਕੂਵਰ ਵਿੱਚ ਇਸ ਹਫਤੇ ਗੈਸ ਦੀਆਂ ਕੀਮਤਾਂ 2.42 ਡਾਲਰ ਪ੍ਰਤੀ ਲੀਟਰ ਤੱਕ ਦਰਜ ਕੀਤੀਆਂ ਗਈਆਂ। ਇਨ੍ਹਾਂ ਕੀਮਤਾਂ ਵਿੱਚ ਵਾਧਾ ਅਜੇ ਹੋਰ ਹੋ ਸਕਦਾ ਹੈ ਕਿਉਂਕਿ ਮੇਨਟੇਨੈਂਸ ਲਈ ਵਾਸ਼ਿੰਗਟਨ ਦੀ ਇੱਕ ਰਿਫਾਇਨਰੀ ਨੂੰ ਬੰਦ ਕਰਨਾ ਪੈ ਗਿਆ ਹੈ।

## ਸਿੰਗਲ ਮੌਮ ਵਲੋਂ ਸ਼ਹਿਰ ਦੇ ਸਿਸਟਮਿਕ ਇਨਜਸਟਿਸ ਉਤੇ ਵਿਚਾਰ ਚਰਚਾ

ਜਿੱਥੇ ਅਬਾਦੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਇਮੀਗ੍ਰੈਂਟਸ (Immigrants) ਆ ਕੇ ਸਖ਼ਤ ਮਿਹਨਤ ਕਰ ਕੇ ਕਾਮਯਾਬ ਹੋ ਰਹੇ ਹਨ। ਇਸ ਸ਼ਹਿਰ ਦੇ ਵਸਨੀਕ ਟਰਾਂਸਪੋਰਟ ਰਾਹੀਂ ਸਾਰੇ ਦੇਸ਼ ਵਿਚ ਲੋੜੀਂਦੀਆਂ ਵਸਤਾਂ ਦੀ ਢੋਆ-ਢੁਆਈ ਕਰ ਰਹੇ ਹਨ।

ਇਸ ਸ਼ਹਿਰ ਦਾ ਨਾਮ ਬਰੈਂਪਟਨ (ਓਨਟਾਰੀਓ) ਹੈ, ਜਿੱਥੇ ਪਹਿਲਾਂ ਰਹਿੰਦੇ ਅਤੇ ਨਵੇਂ ਆਏ ਇਮੀਗ੍ਰਾਂਟਸ ਰਲ ਕੇ ਇਸ ਸ਼ਹਿਰ ਨੂੰ ਅੱਗੇ ਵਧਾ ਰਹੇ ਹਨ। ਇਸ ਸ਼ਹਿਰ ਵਿੱਚ ਇਨ੍ਹਾਂ ਨੂੰ ਸਿਸਟਮਿਕ ਇਨਜਸਟਿਸ ਨੂੰ ਹੰਢਾਉਣਾ ਪੈ ਰਿਹਾ ਹੈ। ਮੈਂ ਵੀ ਇਸ ਸ਼ਹਿਰ ਵਿਚ ਵੱਡੀ ਹੋਈ ਬੜੇ ਮਾਣ ਨਾਲ ਆਪਣਾ ਘਰ ਸਮਝਦੀ ਹਾਂ ਅਤੇ ਆਪਣੇ ਇਕਲੌਤੇ ਪੁੱਤਰ ਨੂੰ ਪਾਲ ਰਹੀ ਹਾਂ।

ਤੁਹਾਡੇ ਸਾਰਿਆਂ ਦੀ ਤਰ੍ਹਾਂ ਆਪਣੇ ਪੁੱਤਰ ਅਤੇ ਸਾਰੇ ਬੱਚਿਆਂ ਦਾ ਉਜਲ ਭਵਿੱਖ ਦੇਖਣ ਲਈ ਮਜ਼ਬੂਤ ਨੀਂਹ ਰੱਖਣੀ ਚਾਹੁੰਦੀ ਹਾਂ। ਉੱਚ ਵਿੱਦਿਆ ਦੇ ਕੇ ਹੀ ਇਹ ਕੰਮ ਕੀਤਾ ਜਾ ਸਕਦਾ ਹੈ। ਉੱਚੀ ਪੜ੍ਹਾਈ ਕਰਕੇ ਹੀ ਲੋਕ ਆਪਣੀ ਕਾਮਯਾਬੀ ਦੀ ਪੌੜੀ ਚੜ੍ਹਕੇ ਸਮਾਜਿਕ ਅਨਿਆਂ ਨੂੰ ਰੋਕ ਸਕਦੇ ਹਨ, ਜੋ ਉੱਚੀ ਵਿੱਦਿਆ ਪਾ ਕੇ ਆਰਥਿਕ ਸਫ਼ਲਤਾ ਨਾਲ ਫੈਸਲੇ ਕਰਨ ਵਾਲਿਆਂ ਤੋਂ ਇਨਸਾਫ਼ ਦੀ ਮੰਗ ਕਰ ਸਕਦੇ ਹਨ। ਇਸ ਲਈ ਮੈਂ ਸੂਬਾ ਸਰਕਾਰ ਵੱਲੋਂ 90 ਮਿਲੀਅਨ ਡਾਲਰ ਦੀ ਸਹਾਇਤਾ ਦੇਣ ਅਤੇ ਯੂਨੀਵਰਸਿਟੀ ਦਾ ਕੰਮ ਸ਼ੁਰੂ ਕਰਨ ਲਈ ਬਹੁਤ ਖੁਸ਼ ਸੀ। ਮੇਰਾ ਕੌਂਸਲਰ ਬਣਨ ਦਾ ਹਾਲੇ ਦੂਜਾ ਦਿਨ ਹੀ ਸੀ ਕਿ ਸੂਬਾ ਸਰਕਾਰ ਨੇ 90 ਮਿਲੀਅਨ ਡਾਲਰ ਦੇਣ ਤੋਂ ਇਨਕਾਰ ਕਰ ਦਿੱਤਾ। ਮੈਂ ਇਸ ਤੋਂ ਬਾਅਦ ਨਿਰਾਸ਼ ਹੋਈ। ਬਰੈਂਪਟਨ ਹੀ ਇੱਕ ਅਜਿਹਾ ਸ਼ਹਿਰ ਹੈ ਜਿਸ ਦੀ ਆਪਣੀ ਯੂਨੀਵਰਸਿਟੀ ਨਹੀਂ ਹੈ। ਇੱਥੋਂ ਦੇ ਵਿਦਿਆਰਥੀਆਂ ਨੂੰ ਦੂਰ ਜਾਣਾ ਪੈਂਦਾ ਹੈ ਜਿਸ ਨਾਲ ਜ਼ਿਆਦਾ ਸਮਾਂ ਲੱਗਦਾ ਹੈ ਅਤੇ ਖ਼ਰਚ ਵੀ ਵੱਧ ਹੁੰਦਾ ਹੈ।

ਮੇਰੇ ਫਿਲਪੀਨੋ ਪਰਿਵਾਰ ਨੇ ਸਖ਼ਤ ਮਿਹਨਤ ਕੀਤੀ ਤਾਂ ਜੋ ਅਸੀਂ ਵਧੀਆ ਵਿੱਦਿਆ ਲੈ ਸਕੀਏ। ਮੈਂ ਮਿਹਨਤ ਨਾਲ ਪੜ੍ਹ ਕੇ ਲੰਡਨ ਸਕੂਲ ਆਫ ਇਕੌਨਾਮਿਕਸ (London School Of Economics) ਵਿੱਚ ਮਾਸਟਰਜ਼ ਡਿਗਰੀ ਪ੍ਰਾਪਤ ਕੀਤੀ। ਇਹ ਸੌਖਾ ਨਹੀਂ ਸੀ, ਬਹੁਤ ਮਹਿੰਗਾ ਸੀ। ਇਸੇ ਕਰਕੇ ਮੈਂ ਬਰੈਂਪਟਨ ਦੇ ਲੋਕਾਂ ਨੂੰ ਨਾਲ ਲੈ ਕੇ ਵਧੀ। ਮੈਂ ਸਿਟੀ ਕੌਂਸਲ ਵਿੱਚ ਬਰੈਂਪਟਨ ਯੂ (Brampton U) ਦੀ ਚੈਂਪੀਅਨ ਸੀ। ਸਾਥੋਂ ਪਹਿਲੀ ਕੌਂਸਲ ਨੇ 90 ਮਿਲੀਅਨ ਡਾਲਰ ਲੈਣ ਲਈ 7,50,000 ਡਾਲਰ ਖ਼ਰਚ ਕੀਤੇ। ਬਰੈਂਪਟਨ ਯੂ (ਭਰਅਮਪਟੋਨ੍ਹ) ਨੇ 6,00,000 ਡਾਲਰ ਖ਼ਰਚ ਕਰ ਕੇ ਕਈ ਕਾਮਯਾਬੀਆਂ ਪ੍ਰਾਪਤ ਕੀਤੀਆਂ। ਇਕ



ਮੈਡੀਕਲ ਸਕੂਲ, 5 ਹਜਾਰ ਵਿਦਿਆਰਥੀਆਂ ਲਈ ਡਾਊਨਟਾਊਨ ਬਰੈਂਪਟਨ ਵਿੱਚ ਯੂਨੀਵਰਸਿਟੀ ਲਈ ਕੰਮ ਕਰ ਰਹੇ ਹਾਂ। ਟੋਰਾਂਟੋ ਯੂਨੀਵਰਸਿਟੀ ਐਂਡ ਅਲਗੋਮਾ (ਠੋਰੋਨਟੋ੍ਹਨਵਿਏਰਸਟਿ ਅਨਦ ੳਲਗੋਮਅ) ਵੀ ਅੱਗੇ ਵਧ ਰਹੀਆਂ ਹਨ। ਹੁਣ ਸ਼ੈਰੀਡਨ ਕਾਲਜ (Sheridan College) ਵੀ ਕਾਫੀ ਕਾਮਯਾਬ ਹੈ।

ਮੇਰੇ ਲਈ ਕੌਂਸਲਰ ਸਾਥੀ ਮੇਰੀ ਬਰੈਂਪਟਨ ਯੂ ਲਈ ਮਿਹਨਤ ਉਤੇ ਨਿਸ਼ਾਨ ਚਿੰਨ੍ਹ ਲਗਾ ਰਹੇ ਹਨ। ਹਾਲਾਂਕਿ ਇਨ੍ਹਾਂ ਸਾਰਿਆਂ ਨੇ ਰਲ ਕੇ ਸਹਿਮਤੀ ਦਿੱਤੀ ਸੀ। ਵੱਡੀ ਇਨਵੈਸਟਮੈਂਟ ਨਾਲ ਯੂਨੀਵਰਸਿਟੀ ਲਿਆਉਣ ਲਈ ਬਹੁਤ ਮਿਹਨਤ ਅਤੇ ਪੈਸੇ ਦੀ ਜ਼ਰੂਰਤ ਹੁੰਦੀ ਹੈ ਸਿਟੀ ਕੌਂਸਲ ਦੀ ਮਨਜ਼ੂਰੀ ਤੋਂ ਬਗੈਰ ਇਹ ਅਸੰਭਵ ਹੈ। ਸਾਰੀ ਕੌਂਸਲ ਦੀ ਸਹਿਮਤੀ ਨਾਲ ਇਹ ਕੰਮ ਸ਼ੁਰੂ ਹੋਇਆ ਸੀ, ਪਰ ਮੇਰੇ ਕੁਝ ਸਾਥੀ ਕੌਂਸਲਰਾਂ ਨੇ ਮੈਨੂੰ ਨਿਸ਼ਾਨਾ ਬਣਾ ਲਿਆ। ਮੈਂ ਇਕ ਸਿੰਗਲ ਮੌਮ ਮਾਈਨਾਰਿਟੀ (Single Mom Minority) ਅਤੇ ਇਕਲੌਤੀ ਔਰਤ ਕੌਂਸਲਰ ਹੋਣ ਕਰਕੇ ਇਨ੍ਹਾਂ ਨਾਲ ਸਿਸਟਮਿਕ ਇਨਜਸਟਿਸ (Systemic Injustice) ਲਈ ਆਵਾਜ਼ ਉਠਾਈ ਅਤੇ ਲੜ ਰਹੀ ਹਾਂ। ਮੈਂ ਤੁਹਾਨੂੰ ਸਾਰਿਆਂ ਨੂੰ ਨਾਲ ਲੈ ਕੇ ਹੀ ਅਗਲੀ ਪੀੜ੍ਹੀ ਦੇ ਹੱਕਾਂ ਅਤੇ ਬਰਾਬਰੀ ਦੇ ਇਨਸਾਫ਼ ਲਈ ਲੜ ਸਕਦੀ ਹਾਂ। ਆਓ ਆਪਾਂ ਸਾਰੇ ਹਲਕੇ ਬਰੈਂਪਟਨ ਸ਼ਹਿਰ ਦੀ ਖੁਸ਼ਹਾਲੀ ਅਤੇ ਆਪਣੇ ਬੱਚਿਆਂ ਦੇ ਭਵਿੱਖ ਲਈ ਰਲ ਕੇ ਅੱਗੇ ਵਧੀਏ। ਮੈਨੂੰ ਬਰੈਂਪਟਨ ਦੇ ਵਾਰਡ ਇੱਕ ਅਤੇ ਪੰਜ ਤੋਂ ਵੋਟ ਪਾ ਕੇ ਸਿਟੀ ਕੌਂਸਲਰ ਵਜੋਂ ਕਾਮਯਾਬ ਕਰੋ।

ਧੰਨਵਾਦ ਸਹਿਤ
ਰੋਅਨਾਂ ਸੈਨਡੋਜ਼।

## ਸਕੈਂਡਲਜ਼ ਨਾਲ ਨਜਿੱਠਣ ਸਬੰਧੀ ਹਾਕੀ ਕੈਨੇਡਾ ਦੀ ਪ੍ਰਤੀਕਿਰਿਆ ਪ੍ਰੇਸ਼ਾਨ ਕਰਨ ਵਾਲੀ ਹੈ : ਟਰੂਡੋ

ਓਟਵਾ, 6 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਹਾਕੀ ਕੈਨੇਡਾ ਦੇ ਗੈਂਗ ਰੇਪ ਵਰਗੇ ਦੋਸ਼ਾਂ ਨਾਲ ਨਜਿੱਠਣ ਦੇ ਤਰੀਕੇ ਕਾਰਨ ਦਿਮਾਗ ਬੌਖਲਾ ਜਾਂਦਾ ਹੈ। ਇਸ ਦੌਰਾਨ ਫੈਡਰਲ ਖੇਡ ਮੰਤਰੀ ਨੇ ਆਖਿਆ ਕਿ ਹੁਣ ਆਰਗੇਨਾਈਜ਼ੇਸ਼ਨ ਦਾ ਆਪਣੀ ਅੰਦਰੂਨੀ ਸਫਾਈ ਕਰਨ ਦਾ ਸਮਾਂ ਆ ਗਿਆ ਹੈ।

ਜ਼ਿਕਰਯੋਗ ਹੈ ਕਿ ਆਈਸ ਹਾਕੀ ਦੀ ਨੈਸ਼ਨਲ ਗਵਰਨਿੰਗ ਬਾਡੀ ਉੱਤੇ ਲੀਡਰਸ਼ਿਪ ਬਦਲਣ ਲਈ ਦਬਾਅ ਪਾਇਆ ਜਾ ਰਿਹਾ ਹੈ। ਮੰਗਲਵਾਰ ਨੂੰ ਹਾਕੀ ਕੈਨੇਡਾ ਦੇ ਐਗਜ਼ੈਕਟਿਵਜ਼ ਵਿੱਚੋਂ ਇੱਕ ਪਾਰਲੀਆਮੈਂਟਰੀ ਕਮੇਟੀ ਸਾਹਮਣੇ ਪੇਸ਼ ਹੋਇਆ। ਅੰਤਰਿਮ ਬੋਰਡ ਦੀ ਚੇਅਰ ਐਂਡਰੀਆ ਸਕਿਨਰ ਨੇ ਇਸ ਪੇਸ਼ੀ ਦੌਰਾਨ ਹਾਕੀ ਕੈਨੇਡਾ ਦਾ ਪੱਖ ਪੂਰਿਆ। ਉਨ੍ਹਾਂ ਆਖਿਆ ਕਿ ਹਾਕੀ ਕੈਨੇਡਾ ਦੀ ਸਾਖ਼ ਬਹੁਤ ਵਧੀਆ ਹੈ ਤੇ ਜ਼ਹਿਰੀਲੇ ਕਲਚਰ ਕਾਰਨ ਹਾਕੀ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ।

ਸਕਿਨਰ ਨੇ ਆਖਿਆ ਕਿ ਹਾਕੀ ਕੈਨੇਡਾ ਪ੍ਰਬੰਧਕੀ ਪੱਧਰ ਉੱਤੇ ਕੋਈ ਤਬਦੀਲੀ ਨਹੀਂ ਕਰ ਰਹੀ। ਉਨ੍ਹਾਂ ਇਹ ਵੀ ਆਖਿਆ ਕਿ ਖੇਡ ਮੰਤਰੀ ਵੱਲੋਂ ਜਿਵੇਂ ਵੱਡੀ ਪੱਧਰ ਉੱਤੇ ਹਾਕੀ ਕੈਨੇਡਾ ਦੀ ਗਵਰਨਿੰਗ ਬਾਡੀ ਦੇ ਅਸਤੀਫਿਆਂ ਦੀ ਮੰਗ ਕੀਤੀ ਗਈ ਹੈ, ਉਸ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਨਾਲ ਹਾਕੀ ਖੇਡਣ ਵਾਲੇ ਸਾਡੇ ਮੁੰਡੇ ਕੁੜੀਆਂ ਦੇ ਮਨੋਬਲ ਡਿੱਗ ਜਾਣਗੇ।

ਇਸ ਤਰ੍ਹਾਂ ਦੀ ਪ੍ਰਤੀਕਿਰਿਆ ਨਾਲ ਪ੍ਰਧਾਨ ਮੰਤਰੀ ਹੈਰਾਨ ਰਹਿ ਗਏ। ਪਾਰਲੀਆਮੈਂਟ ਹਿੱਲ ਉੱਤੇ ਕਾਕਸ ਮੀਟਿੰਗ ਲਈ ਜਾਣ ਤੋਂ ਪਹਿਲਾਂ ਬੁੱਧਵਾਰ ਨੂੰ ਟਰੂਡੋ ਨੇ ਆਖਿਆ ਕਿ ਦੇਸ਼ ਭਰ ਦੇ ਮਾਪਿਆਂ ਦਾ ਹਾਕੀ ਕੈਨੇਡਾ ਤੋਂ ਯਕੀਨ ਉੱਠ ਰਿਹਾ ਹੈ ਤੇ



ਓਟਵਾ ਦੇ ਸਿਆਸਤਦਾਨਾਂ ਦਾ ਤਾਂ ਪਹਿਲਾਂ ਹੀ ਹਾਕੀ ਕੈਨੇਡਾ ਤੋਂ ਭਰੋਸਾ ਉੱਠ ਚੁੱਕਿਆ ਹੈ। ਇਸ ਦੌਰਾਨ ਇੱਕ ਇੰਟਰਵਿਊ ਵਿੱਚ ਖੇਡ ਮੰਤਰੀ ਸੇਂਟ ਓਜ ਨੇ ਆਖਿਆ ਕਿ ਬੜੀ ਨਮੋਸ਼ੀ ਵਾਲੀ ਗੱਲ ਹੈ ਕਿ ਇੱਕ ਮਹਿਲਾ ਨੂੰ ਬੁਆਇਜ਼ ਕਲੱਬ ਦਾ ਚਿਹਰਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਹਾਕੀ ਕੈਨੇਡਾ ਤੇ ਸਕਿਨਰ ਦੋਵੇਂ ਹੀ ਹਾਲਾਤ ਦੀ ਨਜ਼ਾਕਤ ਨੂੰ ਸਮਝ ਨਹੀਂ ਰਹੇ।

ਇਸ ਦੌਰਾਨ ਟਿੰਮ ਹੌਰਟਨਜ਼ ਵੱਲੋਂ 2022-23 ਦੇ ਪੁਰਸ਼ਾਂ ਦੇ ਸੀਜ਼ਨ ਸਮੇਤ ਆ ਰਹੀ ਵਰਲਡ ਜੂਨੀਅਰ ਚੈਂਪੀਅਨਸ਼ਿਪ ਤੋਂ ਸਪਾਂਸਰਸ਼ਿਪ ਖ਼ਤਮ ਕਰਨ ਦੀ ਆਪਣੀ ਮੰਸ਼ਾਂ ਬਾਰੇ ਹਾਕੀ ਕੈਨੇਡਾ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ। ਬੁੱਧਵਾਰ ਨੂੰ ਟਿੰਮ ਹਾਰਟਨਜ਼ ਦੇ ਬੁਲਾਰੇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਕੰਪਨੀ ਕੈਨੇਡਾ ਦੀ ਮਹਿਲਾ ਤੇ ਪੈਰਾਲੰਪਿਕ ਅਤੇ ਯੂਥ ਹਾਕੀ ਟੀਮਾਂ ਨੂੰ ਫੰਡ ਦੇਣੇ ਜਾਰੀ ਰੱਖੇਗੀ। ਟਿੰਮ ਹੌਰਟਨਜ਼ ਦੇ ਡਾਇਰੈਕਟਰ ਆਫ ਕਮਿਊਨਿਕੇਸ਼ਨਜ਼ ਮਾਈਕਲ ਓਲਿਵੇਰਾ ਨੇ ਆਖਿਆ ਕਿ ਅਸੀ ਬਹੁਤ ਸਾਰੇ ਮੌਕਿਆਂ ਉੱਤੇ ਹਾਕੀ ਕੈਨੇਡਾ ਨੂੰ ਇਹ ਆਖ ਚੁੱਕੇ ਹਾਂ ਕਿ ਕੈਨੇਡੀਅਨਜ਼ ਦਾ ਭਰੋਸਾ ਦੁਬਾਰਾ ਜਿੱਤਣ ਲਈ ਆਰਗੇਨਾਈਜ਼ੇਸ਼ਨ ਨੂੰ ਠੋਸ ਕਦਮ ਚੁੱਕਣੇ ਹੋਣਗੇ।

## ਬੰਬ ਦੀ ਧਮਕੀ ਕਾਰਨ ਖਾਲੀ ਕਰਵਾਇਆ ਗਿਆ ਸਕੂਲ, ਵਾਲਮਾਰਟ ਸੁਪਰਸੈਂਟਰ




ਓਨਟਾਰੀਓ, 6 ਅਕਤੂਬਰ (ਪੋਸਟ ਬਿਊਰੋ) : ਬੰਬ ਸਬੰਧੀ ਮਿਲੀ ਧਮਕੀ ਤੋਂ ਬਾਅਦ ਬੁੱਧਵਾਰ ਨੂੰ ਕੇਲਡਨ ਹਾਈ ਸਕੂਲ ਤੇ ਇਸ ਦੇ ਨੇੜੇ ਸਥਿਤ ਵਾਲਮਾਰਟ ਨੂੰ ਖਾਲੀ ਕਰਵਾ ਲਿਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਕੇਲਡਨ ਓਪੀਪੀ ਇੰਸਪੈਕਟਰ ਮੈਰੀ ਲੂਈ ਕੀਅਰਨਜ਼ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰ ਸਮੇਂ ਆਈ ਇੱਕ ਫੋਨ ਕਾਲ ਵਿੱਚ ਆਖਿਆ ਗਿਆ ਕਿ ਮੇਅਫੀਲਡ ਸੈਕੰਡਰੀ ਸਕੂਲ ਤੇ ਇਸ ਦੇ ਨੇੜੇ ਹੀ ਸਥਿਤ ਵਾਲਮਾਰਟ ਸੁਪਰਸੈਂਟਰ ਵਿੱਚ ਬੰਬ ਹੋ ਸਕਦਾ ਹੈ। ਹਾਲਾਂਕਿ ਪੁਲਿਸ ਵੱਲੋਂ ਕੀਤੀ ਗਈ ਜਾਂਚ ਵਿੱਚ ਵਾਲਮਾਰਟ ਵਿੱਚ ਕੋਈ ਬੰਬ ਨਹੀਂ ਮਿਲਿਆ ਪਰ ਸਕੂਲ ਵਿੱਚ ਬੰਬ ਹੋਣ ਦੀ ਜਾਂਚ ਕੀਤੀ ਜਾ ਰਹੀ ਹੈ।

ਕੀਅਰਨਜ਼ ਅਨੁਸਾਰ ਇਹ ਸਕੂਲ 250,000 ਸਕੁਏਅਰ ਫੁੱਟ ਦੇ ਘੇਰੇ ਵਿੱਚ ਫੈਲਿਆ ਹੋਇਆ ਹੈ ਤੇ ਇਸ ਵਿੱਚ 1900 ਦੇ ਨੇੜੇ ਤੇੜੇ ਵਿਦਿਆਰਥੀ ਪੜ੍ਹਦੇ ਹਨ। ਮੇਅਫੀਲਡ ਦੇ ਵਿਦਿਆਰਥੀਆਂ ਨੂੰ ਨੇੜੇ ਬ੍ਰੈਮਲੀ ਰੋਡ ਉੱਤੇ ਸਥਿਤ ਜੇਮਜ਼ ਗ੍ਰੀਵ ਪਬਲਿਕ ਸਕੂਲ ਭੇਜ ਦਿੱਤਾ ਗਿਆ ਜਿੱਥੋਂ ਮਾਪਿਆਂ ਨੂੰ ਉਨ੍ਹਾਂ ਨੂੰ ਲਿਜਾਣ ਦੀ ਖੁੱਲ੍ਹ ਸੀ।

Tri-City
Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8






CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਲਾਟ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ, ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੈਨ, ਅਪਗ੍ਰੇਡ ਕਿਚਨ ਅਤੇ ਗ੍ਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਇਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS




SERVING AT 3 LOCATIONS
25 KINGS CROSS RD, #1, BRAMPTON, ON | (905) 790-3486
25 CHERRY CREST DR, BRAMPTON , ON | 905-913-1114
65 BRAYDON BLVD, #7A, BRAMPTON, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com

# ਐਮਰਜੰਸੀ ਐਕਟ ਲਾਉਣ ਬਾਰੇ ਟਰੂਡੋ ਰੱਖਣਗੇ ਆਪਣਾ ਪੱਖ

ਓਨਟਾਰੀਓ, 6 ਅਕਤੂਬਰ (ਪੋਸਟ ਬਿਊਰੋ) : ਇਸ ਸਾਲ ਦੇ ਸ਼ੁਰੂ ਵਿੱਚ ਫਰੀਡਮ ਕੌਨਵੌਏ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਲਈ ਐਮਰਜੰਸੀਜ਼ ਐਕਟ ਲਾਉਣ ਦੇ ਸਰਕਾਰ ਦੇ ਫੈਸਲੇ ਦੀ ਸੁਣਵਾਈ ਦੌਰਾਨ ਆਪਣਾ ਪੱਖ ਰੱਖਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸੱਦਿਆ ਜਾਵੇਗਾ।

ਓਨਟਾਰੀਓ ਦੇ ਸਾਬਕਾ ਸੁਪੀਰੀਅਰ ਕੋਰਟ ਜੱਜ ਪਾਲ ਰੂਲੋ ਦੀ ਅਗਵਾਈ ਵਾਲੇ ਪਬਲਿਕ ਆਰਡਰ ਐਮਰਜੰਸੀ ਕਮਿਸ਼ਨ ਵੱਲੋਂ ਇਸ ਮਾਮਲੇ ਦੀ ਸੁਣਵਾਈ ਅਗਲੇ ਹਫਤੇ ਸ਼ੁਰੂ ਕੀਤੀ ਜਾਵੇਗੀ। ਇਸ ਦੌਰਾਨ



1988 ਵਿੱਚ ਕਾਨੂੰਨ ਦਾ ਦਰਜਾ ਹਾਸਲ ਕਰਨ ਵਾਲੇ ਇਸ ਐਕਟ ਦੀ ਸਰਕਾਰ ਵੱਲੋਂ ਪਹਿਲੀ ਵਾਰੀ ਕੀਤੀ ਗਈ ਵਰਤੋਂ ਦਾ ਮੁਲਾਂਕਣ ਕੀਤਾ ਜਾਵੇਗਾ। ਹਾਲਾਂਕਿ ਕਮਿਸ਼ਨ ਕਾਊਂਸਲ ਵੱਲੋਂ 60 ਚਸ਼ਮਦੀਦਾਂ ਦੀ ਬਣਾਈ ਗਈ ਮੁੱਢਲੀ ਲਿਸਟ ਜਨਤਕ ਕੀਤੀ ਜਾਣੀ ਬਾਕੀ ਹੈ ਪਰ ਹਾਸਲ ਹੋਈ ਜਾਣਕਾਰੀ ਅਨੁਸਾਰ ਇਸ ਸੂਚੀ ਵਿੱਚ ਟਰੂਡੋ ਸਮੇਤ ਅੱਠ ਕੈਬਨਿਟ ਮੰਤਰੀ ਸ਼ਾਮਲ ਹਨ।

ਟਰੂਡੋ ਤੋਂ ਇਲਾਵਾ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਤੇ ਡਿਪਟੀ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਵੀ ਇਸ ਮਾਮਲੇ ਦੀ ਸੁਣਵਾਈ ਦੌਰਾਨ ਸੱਦਿਆ ਜਾਵੇਗਾ। ਜ਼ਿਕਰਯੋਗ ਹੈ ਕਿ ਕੋਵਿਡ-19 ਮਾਪਦੰਡਾਂ ਖਿਲਾਫ ਮੁਜ਼ਾਹਰਾ ਕਰ ਰਹੇ ਫਰੀਡਮ ਕੌਨਵੌਏ ਦੇ ਮੈਂਬਰਾਂ ਦੇ ਇਸ ਮੁਜ਼ਾਹਰੇ ਨੂੰ ਖ਼ਤਮ ਕਰਨ ਲਈ ਟਰੂਡੋ ਨੇ 14 ਫਰਵਰੀ ਨੂੰ ਇਸ ਐਕਟ ਨੂੰ ਲਾਗੂ ਕੀਤਾ ਸੀ।

# ਲੀਗਾਲਟ ਨੇ ਕਿਊਬਿਕ ਵਿੱਚ ਹਾਸਲ ਕੀਤੀ ਹੂੰਝਾ ਫੇਰੂ ਜਿੱਤ

ਕਿਊਬਿਕ, 6 ਅਕਤੂਬਰ (ਪੋਸਟ ਬਿਊਰੋ) : ਕਿਊਬਿਕ ਵਿੱਚ ਹੋਈਆਂ ਪ੍ਰੋਵਿੰਸ਼ੀਅਲ ਚੋਣਾਂ ਦੇ ਸਬੰਧ ਵਿੱਚ ਵੋਟਰਾਂ ਨੇ ਇੱਕ ਵਾਰੀ ਫਿਰ ਫਰੈਂਕੌਇਸ ਲੀਗਾਲਟ ਤੇ ਉਨ੍ਹਾਂ ਦੀ ਟੀਮ ਵਿੱਚ ਵਿਸ਼ਵਾਸ ਪ੍ਰਗਟਾਇਆ ਹੈ। ਇਨ੍ਹਾਂ ਚੋਣਾਂ ਨੂੰ ਜਿੱਤਣ ਤੋਂ ਬਾਅਦ ਲੀਗਾਲਟ ਕਿਊਬਿਕ ਦੇ ਪ੍ਰੀਮੀਅਰ ਬਣੇ ਰਹਿਣਗੇ। ਉਨ੍ਹਾਂ ਨੂੰ ਇੱਕ ਵਾਰੀ ਫਿਰ ਬਹੁਗਿਣਤੀ ਸਰਕਾਰ ਬਣਾਉਣ ਦਾ ਮੌਕਾ ਹਾਸਲ ਹੋਵੇਗਾ।

ਪ੍ਰੋਵਿੰਸ ਭਰ ਵਿੱਚ ਵੋਟਾਂ ਪੈਣ ਦਾ ਸਿਲਸਿਲਾ ਰਾਤੀਂ 8:00 ਵਜੇ ਬੰਦ ਹੋਣ ਤੋਂ ਅੱਠ ਮਿੰਟ ਦੇ ਅੰਦਰ ਅੰਦਰ



ਹੀ ਇਹ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਸਨ ਕਿ ਹਵਾ ਦਾ ਰੁਖ ਲੀਗਾਲਟ ਦੀ ਕੋਲੀਸ਼ਨ ਐਵੇਨੀਰ ਕਿਊਬਿਕ (ਸੀਏਕਿਊ) ਪਾਰਟੀ ਵੱਲ ਹੀ ਹੈ। ਇਸ ਜਿੱਤ ਦੀ ਕੋਈ ਬਹੁਤੀ ਹੈਰਾਨੀ ਨਹੀਂ ਹੋਈ ਕਿਉਂਕਿ ਚੋਣ ਸਰਵੇਖਣਾਂ ਵਿੱਚ ਪਹਿਲਾਂ ਹੀ ਇਹ ਪਤਾ ਲੱਗਣ ਲੱਗਿਆ ਸੀ ਕਿ ਲੀਗਾਲਟ ਦੀ ਪਾਰਟੀ ਦਾ ਕਾਫੀ ਦਬਦਬਾ ਹੈ ਤੇ ਲੋਕਾਂ ਦਾ ਝੁਕਾਅ ਵੀ ਉਨ੍ਹਾਂ ਵੱਲ ਹੀ ਸੀ।

ਸੋਮਵਾਰ ਨੂੰ ਵੋਟਾਂ ਗਿਣੇ ਜਾਣ ਦਾ ਸਿਲਸਿਲਾ ਅਜੇ ਜਾਰੀ ਸੀ ਤੇ ਲੀਗਾਲਟ ਦੀ ਪਾਰਟੀ 92 ਹਲਕਿਆਂ ਵਿੱਚ ਜਿੱਤ ਦਰਜ ਕਰਵਾ ਚੁੱਕੀ ਸੀ।

# ਗਾਰਡੀਨਰ ਐਕਸਪ੍ਰੈੱਸਵੇਅ ’ਤੇ ਬੈਰੀਅਰ ਨੂੰ ਤੋੜਦੀ ਹੋਈ ਗੱਡੀ ਰੁੱਖ ਨਾਲ ਟਕਰਾਈ, ਇੱਕ ਜ਼ਖ਼ਮੀ

ਇਟੋਬੀਕੋ, 6 ਅਕਤੂਬਰ (ਪੋਸਟ ਬਿਊਰੋ) : ਕਾਰ ਰੇਸਿੰਗ ਦੌਰਾਨ ਇਟੋਬੀਕੋ ਨੇੜੇ ਗਾਰਡੀਨਰ ਐਕਸਪ੍ਰੈੱਸਵੇਅ ਉੱਤੇ ਇੱਕ ਡਰਾਈਵਰ ਗੱਡੀ ਉੱਤੇ ਕਾਬੂ ਗੁਆ ਬੈਠਿਆ ਤੇ ਗੱਡੀ ਬੈਰੀਅਰ ਨੂੰ ਤੋੜਦੀ ਹੋਈ ਰੁੱਖ ਨਾਲ ਜਾ ਟਕਰਾਈ। ਟੋਰਾਂਟੋ ਪੁਲਿਸ ਵੱਲੋਂ ਬੁੱਧਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਗਈ।

ਅਧਿਕਾਰੀਆਂ ਨੂੰ ਗ੍ਰੈਂਡ ਐਵਨਿਊ ਨੇੜੇ ਗਾਰਡੀਨਰ ਉੱਤੇ ਵਾਪਰੀ ਇਸ ਘਟਨਾ ਦੀ ਜਾਣਕਾਰੀ ਰਾਤੀਂ 9:15 ਉੱਤੇ ਦਿੱਤੀ ਗਈ। ਹਾਈਵੇਅ ਉੱਤੇ ਦੋ ਕਾਰਾਂ ਦਰਮਿਆਨ ਚੱਲ ਰਹੀ ਰੇਸ ਕਾਰਨ ਇਹ ਘਟਨਾ ਵਾਪਰੀ। ਪੁਲਿਸ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਇੱਕ ਡਰਾਈਵਰ ਆਪਣੀ ਗੱਡੀ ਵਿੱਚ ਹੀ ਫਸ ਗਿਆ। ਫਾਇਰ ਕ੍ਰਿਊ ਦੀ ਮਦਦ ਨਾਲ ਗੱਡੀ ਕੱਟ ਕੇ ਉਸ ਨੂੰ ਬਾਹਰ ਕੱਢਿਆ ਗਿਆ ਤੇ ਹਸਪਤਾਲ ਲਿਜਾਇਆ




ਗਿਆ। ਉਸ ਨੂੰ ਕਿੰਨੀਆਂ ਸੱਟਾਂ ਲੱਗੀਆਂ ਇਸ ਬਾਰੇ ਅਜੇ ਸਪਸ਼ਟ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ।

ਹਾਲ ਦੀ ਘੜੀ ਪੱਛਮ ਵਾਲੇ ਪਾਸੇ ਗਾਰਡੀਨਰ ਐਕਸਪ੍ਰੈੱਸਵੇਅ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਟਰੈਫਿਕ ਨੂੰ ਲੇਕ ਸ਼ੋਰ ਬੁਲੇਵਾਰਡ ਜਾਂ ਸਾਊਥ ਕਿੰਗਸਵੇਅ ਤੋਂ ਹੀ ਮੋੜ ਦਿੱਤਾ ਗਿਆ ਹੈ। ਇਸ ਇਲਾਕੇ ਵਿੱਚ ਟਰੈਫਿਕ ਵਿੱਚ ਡਿਲੇਅ ਹੋ ਸਕਦੀ ਹੈ।

# ਦੱਖਣੀ ਓਨਟਾਰੀਓ ਵਿੱਚ ਸਰਦ ਰੁੱਤ ਨੇ ਦਿੱਤੀ ਦਸਤਕ

ਓਨਟਾਰੀਓ, 6 ਅਕਤੂਬਰ (ਪੋਸਟ ਬਿਊਰੋ) : ਦੱਖਣੀ ਓਨਟਾਰੀਓ ਵਿੱਚ ਸਰਦ ਰੁੱਤ ਨੇ ਪਹਿਲੀ ਦਸਤਕ ਦੇ ਦਿੱਤੀ ਹੈ। ਇਸ ਸਬੰਧ ਵਿੱਚ ਐਨਵਾਇਰਮੈਂਟ ਕੈਨੇਡਾ ਵੱਲੋਂ ਐਤਵਾਰ ਨੂੰ ਮੌਸਮ ਸਬੰਧੀ ਕਈ ਐਡਵਾਈਜ਼ਰੀਜ਼ ਜਾਰੀ ਕੀਤੀਆਂ ਗਈਆਂ। ਸੋਮਵਾਰ ਨੂੰ ਮੌਸਮ ਵਿੱਚ ਠੰਢ ਮਹਿਸੂਸ ਹੋਣ ਸਬੰਧੀ ਵੀ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ।

ਫੈਡਰਲ ਏਜੰਸੀ ਨੇ ਯੌਰਕ, ਦਰਹਾਮ, ਡਫਰਿਨ ਤੇ ਹਾਲਟਨ ਰੀਜਨ ਦੇ ਨਾਲ ਨਾਲ ਓਟਵਾ, ਕਿੰਗਸਟਨ ਤੇ ਲੰਡਨ ਵਿੱਚ ਕੋਹਰੇ ਸਬੰਧੀ ਚੇਤਾਵਨੀ ਜਾਰੀ ਕੀਤੀ। ਇਸ ਐਡਵਾਈਜ਼ਰੀ ਅਨੁਸਾਰ ਐਤਵਾਰ ਰਾਤ ਨੂੰ ਤਾਪਮਾਨ 0 ਡਿਗਰੀ



ਸੈਲਸੀਅਸ ਤੱਕ ਚੁੱਭੀ ਲਾ ਸਕਦਾ ਹੈ ਤੇ ਇਹੋ ਸਿਲਸਿਲਾ ਸੋਮਵਾਰ ਸਵੇਰ ਨੂੰ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ। ਕਿਤੇ ਕਿਤੇ ਕੋਹਰਾ ਜੰਮਿਆਂ ਵੀ ਨਜ਼ਰ ਆ ਸਕਦਾ ਹੈ।

ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲਿਆਂ ਨੂੰ ਆਪਣੇ ਪੌਦਿਆਂ ਨੂੰ ਢਕ ਕੇ ਰੱਖਣ ਦੀ ਸਲਾਹ ਦਿੱਤੀ ਗਈ ਹੈ। ਇਨ੍ਹਾਂ ਇਲਾਕਿਆਂ ਵਿੱਚ ਕੋਹਰੇ ਕਾਰਨ ਕਈ ਫਸਲਾਂ ਨੂੰ ਨੁਕਸਾਨ ਵੀ ਪਹੁੰਚ ਸਕਦਾ ਹੈ। ਐਨਵਾਇਰਮੈਂਟ ਕੈਨੇਡਾ ਅਨੁਸਾਰ ਟੋਰਾਂਟੋ ਵਿੱਚ ਰਾਤ ਸਮੇਂ ਮੌਸਮ 5 ਡਿਗਰੀ ਸੈਲਸੀਅਸ ਰਹਿ ਸਕਦਾ ਹੈ ਤੇ ਸੋਮਵਾਰ ਦੁਪਹਿਰ ਤੱਕ ਇਸ ਦੇ ਇਕਹਿਰੇ ਅੰਕੜੇ ਵਿੱਚ ਬਣੇ ਰਹਿਣ ਦੀ ਸੰਭਾਵਨਾ ਹੈ। ਮਿਸੀਸਾਗਾ ਤੇ ਨੌਰਥ ਯੌਰਕ ਵਿੱਚ ਤਾਪਮਾਨ 3 ਡਿਗਰੀ ਸੈਲਸੀਅਸ, ਵਾਅਨ ਤੇ ਰਿਚਮੰਡ ਹਿੱਲ ਵਿੱਚ ਪਾਰਾ ਰਾਤ ਸਮੇਂ ਮਨਫੀ 1 ਡਿਗਰੀ ਸੈਲਸੀਅਸ ਰਹਿਣ ਦੀ ਸੰਭਾਵਨਾ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਜ਼ਖ਼ਮੀ

ਮਿਸੀਸਾਗਾ, 6 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ।

ਇਹ ਘਟਨਾ ਸਵੇਰੇ 5:00 ਵਜੇ ਤੋਂ ਕੁੱਝ ਸਮੇਂ ਬਾਅਦ ਗੋਰਵੇਅ ਅਤੇ ਮੌਰਨਿੰਗ ਸਟਾਰ ਡਰਾਈਵਜ਼ ਨੇੜੇ




ਵਾਪਰੀ। ਪੀਲ ਪੁਲਿਸ ਨੇ ਦੱਸਿਆ ਕਿ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਗੰਭੀਰ ਜ਼ਖ਼ਮੀ ਹਾਲਤ ਵਿੱਚ ਮਹਿਲਾ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ।

ਬ੍ਰੈਂਡਨ ਗੇਟ ਡਰਾਈਵ ਉੱਤੇ ਉੱਤਰ ਵਾਲੇ ਪਾਸੇ ਗੋਰਵੇਅ ਡਰਾਈਵ ਨੂੰ ਬੰਦ ਕੀਤਾ ਗਿਆ ਹੈ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਦੋ ਵੱਖ ਵੱਖ ਹਾਦਸਿਆਂ ਵਿੱਚ ਦੋ ਮੋਟਰਸਾਈਕਲਿਸਟ ਜ਼ਖ਼ਮੀ

ਓਨਟਾਰੀਓ, 6 ਅਕਤੂਬਰ (ਪੋਸਟ ਬਿਊਰੋ) : ਕੁਈਨ ਐਲਿਜ਼ਾਬੈੱਥ ਵੇਅ (ਕਿਊਈਡਬਲਿਊ) ਉੱਤੇ ਸੋਮਵਾਰ ਨੂੰ ਦੋ ਵੱਖ ਵੱਖ ਹਾਦਸਿਆਂ ਵਿੱਚ ਦੋ ਮੋਟਰਸਾਈਕਲਿਸਟ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਬਰਲਿੰਗਟਨ ਸਥਿਤ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਦੇ ਅਧਿਕਾਰੀਆਂ ਨੂੰ ਸੱਭ ਤੋਂ ਪਹਿਲਾਂ ਸੈਂਟੇਨੀਅਲ ਪਾਰਕਵੇਅ ਦੇ ਕਿਊਈਡਬਲਿਊ ਰੈਂਪ ਉੱਤੇ ਇੱਕ ਮੋਟਰਸਾਈਕਲ ਨੂੰ ਪੇਸ਼ ਆਏ ਹਾਦਸੇ ਬਾਰੇ ਜਾਣਕਾਰੀ ਮਿਲੀ। ਇਸ ਘਟਨਾ ਵਿੱਚ ਮੋਟਰਸਾਈਕਲਿਸਟ ਆਪਣਾ ਨਿਯੰਤਰਣ ਗੁਆ ਬੈਠਿਆ ਤੇ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ





ਹਸਪਤਾਲ ਲਿਜਾਇਆ ਗਿਆ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਪੁਲਿਸ ਨੂੰ ਵਿੰਸਟਨ ਚਰਚਿਲ ਬੁਲੇਵਾਰਡ ਨੇੜੇ ਕਿਊਈਡਬਲਿਊ ਉੱਤੇ ਹੋਏ ਇੱਕ ਹੋਰ ਮੋਟਰਸਾਈਕਲ ਹਾਦਸੇ ਦੀ ਜਾਣਕਾਰੀ ਮਿਲੀ। ਇਹ ਹਾਦਸਾ ਵੀ ਮੋਟਰਸਾਈਕਲ ਚਾਲਕ ਨਾਲ ਵਾਪਰਿਆ। ਇੱਕਲੇ ਮੋਟਰਸਾਈਕਲ ਨੂੰ ਪੇਸ਼ ਆਏ ਇਸ ਹਾਦਸੇ ਵਿੱਚ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਸਾਰਜੈਂਟ ਸ਼ਮਿਡਟ ਨੇ ਦੱਸਿਆ ਕਿ ਚਸ਼ਮਦੀਦਾਂ ਅਨੁਸਾਰ ਇਹ ਵਿਅਕਤੀ ਬੜੇ ਗੁੱਸੇ ਨਾਲ ਤੇ ਬੇਚੈਨੀ ਨਾਲ ਮੋਟਰਸਾਈਕਲ ਚਲਾ ਰਿਹਾ ਸੀ ਜਦੋਂ ਹਾਦਸਾ ਵਾਪਰਿਆ।

# ਛੁਰੇਬਾਜ਼ੀ ਕਾਰਨ 40 ਸਾਲਾ ਵਿਅਕਤੀ ਦੀ ਹੋਈ ਮੌਤ

ਓਨਟਾਰੀਓ, 6 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਐਲਨ ਗਾਰਡਨਜ਼ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਤੋਂ ਬਾਅਦ 40 ਸਾਲਾ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਪੁਲਿਸ ਵੱਲੋਂ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੂੰ ਰਾਤੀਂ 10:30 ਵਜੇ ਦੇ ਨੇੜੇ ਤੇੜੇ ਜਾਰਵਿਸ ਤੇ ਕਾਰਲਟਨ ਸਟਰੀਟਸ ਇਲਾਕੇ




ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਬਾਰੇ ਜਾਣਕਾਰੀ ਦੇ ਕੇ ਸੱਦਿਆ ਗਿਆ। ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਮਸ਼ਕੂਕ ਨੂੰ ਜਾਰਵਿਸ ਸਟਰੀਟ ਵੱਲ ਜਾਂਦਿਆਂ ਵੇਖਿਆ ਗਿਆ। ਮਸ਼ਕੂਕ ਬਾਰੇ ਹਾਸਲ ਹੋਈ ਜਾਣਕਾਰੀ ਅਨੁਸਾਰ ਉਹ 20 ਸਾਲਾਂ ਦਾ ਬਲੈਕ ਵਿਅਕਤੀ ਹੈ ਜਿਸ ਦਾ ਕੱਦ ਪੰਜ ਫੁੱਟ ਅੱਠ ਇੰਚ ਦੇ ਨੇੜੇ ਤੇੜੇ ਹੋ ਸਕਦਾ ਹੈ।

# ਲਾਸ ਵੇਗਸ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ 2 ਹਲਾਕ, 6 ਜ਼ਖ਼ਮੀ

ਲਾਸ ਵੇਗਸ, 6 ਅਕਤੂਬਰ (ਪੋਸਟ ਬਿਊਰੋ) :ਲਾਸ ਵੇਗਸ ਵਿੱਚ ਇੱਕ ਹਮਲਾਵਰ ਨੇ ਰਸੋਈ ਵਿੱਚ ਵਰਤੇ ਜਾਣ ਵਾਲੇ ਵੱਡੇ ਚਾਕੂ ਨਾਲ ਦੋ ਵਿਅਕਤੀਆਂ ਦੀ ਜਾਨ ਲੈ ਲਈ ਤੇ ਛੇ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਪਰ ਬਾਅਦ ਵਿੱਚ ਪੁਲਿਸ ਵੱਲੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਲਾਸ ਵੇਗਸ ਪੁਲਿਸ ਅਨੁਸਾਰ ਉਨ੍ਹਾਂ ਨੂੰ ਛੁਰੇਬਾਜ਼ੀ ਸਬੰਧੀ 911 ਕਾਲਜ਼ ਸਵੇਰੇ 11:40 ਉੱਤੇ ਆਉਣੀਆਂ ਸ਼ੁਰੂ ਹੋ ਗਈਆਂ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਛੁਰੇਬਾਜ਼ੀ ਦੀ ਇਸ ਘਟਨਾ ਤੋਂ ਬਾਅਦ ਤਿੰਨ ਵਿਅਕਤੀਆਂ ਨੂੰ ਨਾਜ਼ੁਕ ਹਾਲਤ ਵਿੱਚ ਤੇ ਤਿੰਨ ਹੋਰਨਾਂ ਨੂੰ ਸਥਿਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਮਸ਼ਕੂਕ ਵੱਲੋਂ ਆਪਣੀ ਜਾਣਕਾਰੀ ਪੁਲਿਸ ਨੂੰ ਆਪ ਦਿੱਤੀ ਗਈ ਪਰ ਪੁਲਿਸ ਉਸ ਦੀ ਅਸਲ ਪਛਾਣ ਦਾ ਪਤਾ ਲਾਉਣ ਲਈ ਕੰਮ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਸਪੈਨਿਸ਼ ਮੂਲ ਦਾ ਹੈ ਤੇ ਆਪਣੇ 30ਵਿਆਂ ਵਿੱਚ ਹੈ। ਪੁਲਿਸ ਨੇ ਇਹ ਵੀ ਆਖਿਆ ਕਿ ਉਹ ਲਾਸ ਵੇਗਸ ਦਾ ਰਹਿਣ ਵਾਲਾ ਵੀ ਨਹੀਂ ਲੱਗਦਾ।

ਕਲਾਰਕ ਕਾਊਂਟੀ ਸ਼ੈਰਿਫ ਜੋਅ ਲੌਂਬਾਰਡੋ ਨੇ ਦੱਸਿਆ ਕਿ ਮਾਰੇ ਗਏ ਦੋ ਵਿਅਕਤੀਆਂ ਦੇ ਨਾਂਵਾਂ ਦਾ ਖੁਲਾਸਾ ਅਜੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਜੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਇਸ ਸਬੰਧ ਵਿੱਚ ਜਾਣਕਾਰੀ ਦੇਣੀ ਹੈ। ਇਸ ਘਟਨਾ ਦਾ ਸ਼ਿਕਾਰ ਲੋਕਲ ਤੇ ਟੂਰਿਸਟ ਦੋਵੇਂ ਹੀ ਹੋਏ। ਮੈਟਰੋ ਪੁਲਿਸ ਚੀਫ ਜੇਮਜ਼ ਲਾਰੋ-ਸੇਲ ਨੇ ਦੱਸਿਆ ਕਿ ਛੁਰੇਬਾਜ਼ੀ ਦੀ ਇਹ ਘਟਨਾ ਬਿਨਾਂ ਕਿਸੇ ਉਕਸਾਹਟ ਦੇ ਲਾਸ ਵੇਗਸ ਬੁਲੇਵਾਰਡ ਦੇ ਪੂਰਬੀ ਸਾਈਡਵਾਕ ਉੱਤੇ ਵਾਪਰੀ। ਫਿਰ ਮਸ਼ਕੂਕ ਦੱਖਣ ਵੱਲ ਚਲਾ ਗਿਆ ਤੇ ਉੱਥੇ ਉਸ ਨੇ ਹੋਰਨਾਂ ਲੋਕਾਂ ਉੱਤੇ ਚਾਕੂ ਨਾਲ ਹਮਲਾ ਕਰ ਦਿੱਤਾ।

ਫਿਰ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਮਸ਼ਕੂਕ ਦਾ 911 ਉੱਤੇ ਕਾਲ ਕਰਨ ਵਾਲਿਆਂ ਨੇ ਪਿੱਛਾ ਕੀਤਾ ਤੇ ਫਿਰ ਪੁਲਿਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਨੇ ਤੇਜ਼ ਧਾਰ ਵਾਲਾ ਚਾਕੂ ਵੀ ਮਸ਼ਕੂਕ ਕੋਲੋਂ ਬਰਾਮਦ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕੀਤੀ ਜਾ ਰਹੀ। ਇਸ ਛੁਰੇਬਾਜ਼ੀ ਦੇ ਕਾਰਨਾਂ ਦਾ ਵੀ ਪੁਲਿਸ ਅਜੇ ਪਤਾ ਨਹੀਂ ਲਾ ਸਕੀ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਚਾਈਲਡਕੇਅਰ ਸੈਂਟਰ ਵਿੱਚ ਦਾਖਲ ਹੋ ਕੇ ਗੰਨਮੈਨ ਨੇ ਚਲਾਈਆਂ ਗੋਲੀਆਂ, 24 ਬੱਚੇ, 11 ਬਾਲਗ ਹਲਾਕ

ਥਾਈਲੈਂਡ, 6 ਅਕਤੂਬਰ (ਪੋਸਟ ਬਿਊਰੋ) : ਉੱਤਰਪੂਰਬੀ ਥਾਈਲੈਂਡ ਵਿੱਚ ਸਥਿਤ ਚਾਈਲਡਕੇਅਰ ਸੈਂਟਰ ਉੱਤੇ ਹੋਏ ਹਮਲੇ ਵਿੱਚ 24 ਬੱਚੇ ਤੇ 11 ਬਾਲਗ ਮਾਰੇ ਗਏ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਇਸ ਕਾਰੇ ਨੂੰ ਅੰਜਾਮ ਦੇਣ ਵਾਲਾ ਗੰਨਮੈਨ ਮੌਕੇ ਤੋਂ ਫਰਾਰ ਹੋ ਗਿਆ ਤੇ ਆਪਣੀ ਕਾਰ ਵਿੱਚ ਭੱਜਦੇ ਹੋਏ ਨੇ ਗੋਲੀਆਂ ਚਲਾਉਣ ਦਾ ਸਿਲਸਿਲਾ ਜਾਰੀ ਰੱਖਿਆ। ਫਿਰ ਉਹ ਆਪਣੇ ਘਰ ਪਹੁੰਚਿਆ ਜਿੱਥੇ ਉਸ ਨੇ ਆਪਣੀ ਜਾਨ ਲੈਣ ਤੋਂ ਪਹਿਲਾਂ ਆਪਣੀ ਪਤਨੀ ਤੇ ਬੱਚੇ ਦੀ ਵੀ ਜਾਨ ਲੈ ਲਈ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਹਮਲਾ ਉਸ ਸਮੇਂ ਹੋਇਆ ਜਦੋਂ ਦੁਪਹਿਰ ਦੇ 12:30 ਵਜੇ ਇੱਕ ਵਿਅਕਤੀ, ਜਿਸ ਦੀ ਪਛਾਣ ਬਾਅਦ



ਵਿੱਚ ਸਾਬਕਾ ਪੁਲਿਸ ਅਧਿਕਾਰੀ ਵਜੋਂ ਹੋਈ, ਨੌਂਗਬੂਆ ਲੰਫੂ ਟਾਊਨ ਦੇ ਚਾਈਲਡਕੇਅਰ ਸੈਂਟਰ ਵਿੱਚ ਦਾਖਲ ਹੋਇਆ। ਪੁਲਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ ਹਮਲਾਵਰ ਦੇ ਬਿਲਡਿੰਗ ਵਿੱਚ ਦਾਖਲ ਹੋਣ ਤੋਂ ਲੈ ਕੇ ਭੱਜਣ ਤੱਕ 19 ਲੜਕਿਆ ਤੇ ਤਿੰਨ ਲੜਕੀਆਂ ਸਮੇਤ ਦੋ ਬਾਲਗਾਂ ਦੀ ਮੌਤ ਹੋ ਗਈ।

ਥਾਈ ਮੀਡੀਆ ਰਿਪੋਰਟਾਂ ਅਨੁਸਾਰ ਗੰਨਮੈਨ ਨੇ ਹਮਲੇ ਵਿੱਚ ਚਾਕੂਆਂ ਦੀ ਵਰਤੋਂ ਵੀ ਕੀਤੀ। ਪੁਲਿਸ ਅਧਿਕਾਰੀ ਪੈਸਲ ਲਿਊਸੋਂਬੋਨ ਨੇ ਦੱਸਿਆ ਕਿ ਮਸ਼ਕੂਕ ਨੇ ਬਿਲਡਿੰਗ ਤੋਂ ਬਾਹਰ ਆ ਕੇ ਵੀ ਗੋਲੀਆ ਚਲਾਉਣ ਦਾ ਸਿਲਸਿਲਾ ਜਾਰੀ ਰੱਖਿਆ ਕਿ ਤੇ ਕਈ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਬਿਲਡਿੰਗ ਦੇ ਬਾਹਰ ਵੀ ਦੋ ਬੱਚੇ ਤੇ 10 ਬਾਲਗ ਮਾਰੇ ਗਏ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਯੰਗ ਤੇ ਲਾਅਰੈਂਸ ਨੇੜੇ ਚੱਲੀਆਂ ਗੋਲੀਆਂ, ਗੰਨਜ਼ ਐਂਡ ਗੈਂਗਜ਼ ਟਾਸਕ ਫੋਰਸ ਵੱਲੋਂ ਕੀਤੀ ਜਾ ਰਹੀ ਹੈ ਜਾਂਚ

ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਸਵੇਰ ਨੂੰ ਯੰਗ ਤੇ ਲਾਅਰੈਂਸ ਸਕੂਲ ਨੇੜੇ ਗੋਲੀਆਂ ਚੱਲਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਸਵੇਰੇ 4:00 ਵਜੇ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਮੌਕੇ ਉੱਤੇ ਪਹੁੰਚਣ ਉਪਰੰਤ ਪੁਲਿਸ ਅਧਿਕਾਰੀਆਂ ਨੂੰ ਗੋਲੀਆਂ ਚੱਲਣ ਦੇ ਕਈ ਸਬੂਤ ਮਿਲੇ ਤੇ ਪੁਲਿਸ ਨੇ ਘਟਨਾ ਵਾਲੀ ਥਾਂ ਉੱਤੇ ਸਬੂਤਾਂ ਦੇ 10 ਮਾਰਕਰਜ਼ ਵੀ ਲਗਾਏ। ਹੁਣ ਤੱਕ ਨਾ ਤਾਂ ਕੋਈ ਜ਼ਖ਼ਮੀ ਵਿਅਕਤੀ ਹੀ ਮਿਲਿਆ ਹੈ ਤੇ ਨਾ ਹੀ ਗੋਲੀਆਂ ਚਲਾਉਣ ਵਾਲਿਆਂ ਦਾ ਹੀ ਕੋਈ ਪਤਾ ਲੱਗਿਆ ਹੈ।

ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਗੰਨਜ਼ ਐਂਡ ਗੈਂਗਜ਼ ਟਾਸਕ ਫੋਰਸ ਵੱਲੋਂ ਲਈ ਗਈ ਹੈ। ਅਜੇ ਤੱਕ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਪੁਲਿਸ ਵੱਲੋਂ ਕਿਸੇ ਮਸ਼ਕੂਕ ਸਬੰਧੀ ਜਾਣਕਾਰੀ ਹੀ ਜਾਰੀ ਕੀਤੀ ਗਈ ਹੈ।

# ਕਈ ਗੱਡੀਆਂ ਦੀ ਟੱਕਰ ਵਿੱਚ 3 ਜ਼ਖ਼ਮੀ



ਸਕਾਰਬਰੋ, 6 ਅਕਤੂਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਤਿੰਨ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਟਰੌਮਾ ਸੈਂਟਰ ਲਿਜਾਇਆ ਗਿਆ।

ਮੰਗਲਵਾਰ ਨੂੰ ਸ਼ਾਮੀਂ 6:00 ਵਜੇ ਤੋਂ ਪਹਿਲਾਂ ਮਾਰਖਮ ਰੋਡ ਤੇ ਫਿੰਚ ਐਵਨਿਊ ਈਸਟ ਏਰੀਆ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਦੀ ਜਾਣਕਾਰੀ ਟੋਰਾਂਟੋ ਪੁਲਿਸ ਨੂੰ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਵਿੱਚ ਜ਼ਖ਼ਮੀ ਹੋਏ ਤਿੰਨ ਵਿਅਕਤੀਆਂ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਦੀ ਮਦਦ ਲਈ ਟੋਰਾਂਟੋ ਫਾਇਰ ਅਮਲਾ ਵੀ ਮੌਕੇ ਉੱਤੇ ਪਹੁੰਚਿਆ।

ਟੋਰਾਂਟੋ ਫਾਇਰ ਦੇ ਬੁਲਾਰੇ ਨੇ ਦੱਸਿਆ ਕਿ ਇੱਕ ਵਿਅਕਤੀ ਹਾਦਸੇ ਤੋਂ ਬਾਅਦ ਗੱਡੀ ਦੇ ਅੰਦਰ ਹੀ ਫਸ ਗਿਆ ਤੇ ਉਸ ਨੂੰ ਫਰਸਟ ਰਿਸਪਾਂਡਰਜ਼ ਵੱਲੋਂ ਗੱਡੀ ਵਿੱਚੋਂ ਬਾਹਰ ਕੱਢਿਆ ਗਿਆ। ਇਸ ਇੰਟਰਸੈਕਸ਼ਨ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਲੋਕਾਂ ਨੂੰ ਬਦਲਵੇਂ ਰਾਹ ਤੋਂ ਜਾਣ ਦੀ ਸਲਾਹ ਦਿੱਤੀ ਜਾ ਰਹੀ ਹੈ।

# ਓਨਟਾਰੀਓ ਦੇ ਐਜੂਕੇਸ਼ਨ ਵਰਕਰਜ਼ ਨੇ ਹੜਤਾਲ ਦੇ ਪੱਖ ਵਿੱਚ ਦਿੱਤਾ ਫਤਵਾ



ਓਨਟਾਰੀਓ, 6 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਐਜੂਕੇਸ਼ਨ ਵਰਕਰਜ਼, ਜਿਨ੍ਹਾਂ ਵਿੱਚ ਲਾਇਬ੍ਰੇਰੀਅਨਜ਼, ਕਸਟੋਡੀਅਨਜ਼ ਤੇ ਪ੍ਰਸ਼ਾਸਕੀ ਅਮਲਾ ਵੀ ਸ਼ਾਮਲ ਹੈ, ਵੱਲੋਂ ਸੋਮਵਾਰ ਸਵੇਰੇ ਹੜਤਾਲ ਦੇ ਪੱਖ ਵਿੱਚ ਵੋਟ ਪਾਈ ਗਈ।

ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਸੀਯੂਪੀਈ) ਦਾ ਕਹਿਣਾ ਹੈ ਕਿ ਉਸ ਦੇ 55,000 ਮੈਂਬਰਾਂ ਵਿੱਚੋਂ 80 ਫੀ ਸਦੀ ਤੋਂ ਵੀ ਵੱਧ ਨੇ ਵੋਟ ਪਾਈ, ਇਨ੍ਹਾਂ ਵਿੱਚੋਂ 96•5 ਫੀ ਸਦੀ ਵੱਲੋਂ ਉਨ੍ਹਾਂ ਮੰਗਾਂ ਦਾ ਸਮਰਥਨ ਕੀਤਾ ਗਿਆ ਜਿਹੜੀਆਂ ਪ੍ਰੋਵਿੰਸ਼ੀਅਲ ਸਰਕਾਰ ਨੂੰ ਬਾਰਗੇਨਿੰਗ ਟੀਮ ਵੱਲੋਂ ਕੀਤੀਆਂ ਗਈਆਂ। ਇਸ ਮੌਕੇ ਸੀਯੂਪੀਈ ਦੇ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਆਖਿਆ ਕਿ ਹੁਣ ਟੀਮ ਮੁੜ ਸਰਕਾਰ ਨਾਲ ਗੱਲਬਾਤ ਲਈ ਪਰਤ ਸਕਦੀ ਹੈ ਕਿਉਂਕਿ ਇਸ ਦੇ ਮੈਂਬਰਾਂ ਵੱਲੋਂ ਮਿਲਣ ਵਾਲੇ ਸਮਰਥਨ ਦਾ ਸਾਨੂੰ ਪਤਾ ਹੋਣਾ ਚਾਹੀਦਾ ਸੀ।

ਯੂਨੀਅਨ ਦਾ ਅਜੇ ਵੀ ਇਹੋ ਆਖਣਾ ਹੈ ਕਿ ਉਹ ਹੜਤਾਲ ਨਹੀਂ ਚਾਹੁੰਦੀ। ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਯੂਨੀਅਨ ਦੇ ਇਸ ਕਦਮ ਦੀ ਨਿਖੇਧੀ ਕੀਤੀ ਗਈ ਤੇ ਉਨ੍ਹਾਂ ਆਖਿਆ ਕਿ ਯੂਨੀਅਨ ਨੇ ਹੜਤਾਲ ਦੀਆਂ ਤਿਆਰੀਆਂ ਤਾਂ ਸਰਕਾਰ ਵੱਲੋਂ ਪਹਿਲਾਂ ਪੇਸ਼ ਕੀਤੇ ਜਾਣ ਵਾਲੇ ਪ੍ਰਸਤਾਵ ਤੋਂ ਪਹਿਲਾਂ ਹੀ ਕਰ ਦਿੱਤੀਆਂ ਸਨ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਪੁਲਿਸ ਅਧਿਕਾਰੀ ਜ਼ਖ਼ਮੀ



ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਗੱਡੀ ਨਾਲ ਟੱਕਰ ਮਾਰ ਕੇ ਇੱਕ ਪੁਲਿਸ ਅਧਿਕਾਰੀ ਨੂੰ ਜ਼ਖ਼ਮੀ ਕਰਨ ਵਾਲੇ ਡਰਾਈਵਰ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਇੱਕ ਅਧਿਕਾਰੀ ਨੂੰ ਗੱਡੀ ਵੱਲੋਂ ਟੱਕਰ ਮਾਰੇ ਜਾਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਸ਼ਾਮੀਂ 6:15 ਵਜੇ ਦੇ ਨੇੜੇ ਤੇੜੇ ਕੈਨੇਡੀ ਰੋਡ ਤੇ ਐਲਸਮੇਅਰ ਰੋਡ ਇਲਾਕੇ ਦੇ ਪਾਰਕਿੰਗ ਲੌਟ ਵਿੱਚ ਪੁਲਿਸ ਨੂੰ ਸੱਦਿਆ ਗਿਆ। ਕਾਰਜਕਾਰੀ ਇੰਸਪੈਕਟਰ ਕ੍ਰੇਗ ਯੰਗ ਨੇ ਦੱਸਿਆ ਕਿ ਕਿਸੇ ਮਾਮਲੇ ਦੀ ਜਾਂਚ ਲਈ ਸਾਦੇ ਕੱਪੜਿਆਂ ਵਿੱਚ ਪੁਲਿਸ ਅਧਿਕਾਰੀ ਉਸ ਇਲਾਕੇ ਵਿੱਚ ਮੌਜੂਦ ਸਨ। ਇਸ ਦੌਰਾਨ ਇੱਕ ਵਿਅਕਤੀ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ।

ਇੰਸਪੈਕਟਰ ਯੰਗ ਨੇ ਦੱਸਿਆ ਕਿ ਇੱਕ ਵਿਅਕਤੀ, ਜਿਹੜਾ ਚਿੱਟੇ ਰੰਗ ਦੀ ਚਾਰ ਦਰਵਾਜ਼ਿਆਂ ਵਾਲੀ ਕਾਰ ਚਲਾ ਰਿਹਾ ਸੀ, ਜਾਣਬੁੱਝ ਕੇ ਗੱਡੀ ਪੁਲਿਸ ਅਧਿਕਾਰੀ ਵੱਲ ਲਿਆਇਆ ਤੇ ਉਸ ਨੂੰ ਟੱਕਰ ਮਾਰ ਦਿੱਤੀ। ਜਿਸ ਪੁਲਿਸ ਅਧਿਕਾਰੀ ਨੂੰ ਟੱਕਰ ਮਾਰੀ ਗਈ ਉਸ ਨੂੰ ਫੌਰਨ ਹਸਪਤਾਲ ਲਿਜ–ਾਇਆ ਗਿਆ। ਉਸ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ ਦੱਸੀਆਂ ਜਾਂਦੀਆਂ ਹਨ। ਐਲਸਮੇਅਰ ਰੋਡ ਉੱਤੇ ਪੱਛਮ ਵੱਲ ਜਾ ਰਹੀਆਂ ਦੋ ਹੋਰ ਗੱਡੀਆਂ ਨੂੰ ਟੱਕਰ ਮਾਰਨ ਤੋਂ ਬਾਅਦ ਗੱਡੀ ਦਾ ਡਰਾਈਵਰ ਪਾਰਕਿੰਗ ਲੌਟ ਤੋਂ ਫਰਾਰ ਹੋ ਗਿਆ। ਕਿਊਬਿਕ ਦੀ ਲਾਇਸੰਸ ਪਲੇਟ ਵਾਲੀ ਇਸ ਗੱਡੀ ਤੇ ਉਸ ਦੇ ਡਰਾਈਵਰ ਨੂੰ ਬਾਅਦ ਵਿੱਚ ਏਰੀਏ ਤੋਂ ਹੀ ਕਾਬੂ ਕਰ ਲਿਆ ਗਿਆ।

ਪੁਲਿਸ ਵੱਲੋਂ ਅਜੇ ਇੱਕ ਹੋਰ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ।

# ਹਿੱਟ ਐਂਡ ਰਨ ਮਾਮਲੇ ਵਿੱਚ ਡਰਾਈਵਰ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ) :ਹਾਦਸੇ ਵਾਲੀ ਥਾਂ ਤੋਂ ਆਪਣੀ ਪਲਟੀ ਹੋਈ ਕਾਰ ਦੀ ਸਨਰੂਫ ਰਾਹੀਂ ਨਿਕਲ ਕੇ ਫਰਾਰ ਹੋਣ ਵਾਲੇ ਡਰਾਈਵਰ ਦੀ ਪੁਲਿਸ ਭਾਲ ਕਰ ਰਹੀ ਹੈ।

ਇਹ ਹਾਦਸਾ ਕਾਰ ਤੇ ਟੀਟੀਸੀ ਬੱਸ ਦਰਮਿਆਨ ਹੋਈ ਟੱਕਰ ਕਾਰਨ ਵਾਪ–ਰਿਆ। ਹਾਦਸਾ ਐਗਲਿੰਟਨ ਐਵਨਿਊ ਤੋਂ ਉੱਤਰ ਵੱਲ ਬਾਥਰਸਟ ਸਟਰੀਟ ਉੱਤੇ ਸੋਮਵਾਰ ਦੀ ਅੱਧੀ ਰਾਤ ਨੂੰ ਵਾਪਰਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਕਾਰ ਨੇ ਬੱਸ ਨੂੰ ਟੱਕਰ ਮਾਰੀ ਤੇ ਪਲਟ ਗਈ। ਡਰਾਈਵਰ ਪਲਟੀ ਹੋਈ ਕਾਰ ਦੀ ਸਨਰੂਫ ਤੋਂ ਬਾਹਰ ਆਇਆ ਤੇ ਮੌਕੇ ਤੋਂ ਪੈਦਲ ਹੀ ਫਰਾਰ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਚਸ਼ਮਦੀਦਾਂ ਕੋਲ ਉਸ ਡਰਾਈਵਰ ਦੀ ਸੈੱਲਫੋਨ ਵੀਡੀਓ ਵੀ ਹੈ, ਜਿਸ ਵਿੱਚ ਉਹ ਪਹਿਲਾਂ ਹਾਦਸੇ ਵਾਲੀ ਥਾਂ ਦਾ ਮੁਆਇਨਾ ਕਰਦਾ ਨਜ਼ਰ ਆ ਰਿਹਾ ਹੈ ਤੇ ਫਿਰ ਉੱਥੋਂ ਰਫੂਚੱਕਰ ਹੁੰਦਾ ਵੀ ਦਿੱਸ ਰਿਹਾ ਹੈ। ਪੈਰਾਮੈਡਿਕਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬੱਸ ਵਿੱਚ ਸਵਾਰ ਦੋ ਲੋਕ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਡਰਾਈਵਰ ਦੀ ਭਾਲ ਕਰਨ ਲਈ ਪੁਲਿਸ ਦੇ ਸੂਹੀਆ ਕੁੱਤਿਆਂ ਦੀ ਮਦਦ ਵੀ ਲਈ ਜਾ ਰਹੀ ਹੈ। ਅਜੇ ਤੱਕ ਕਿਸੇ ਮਸ਼ਕੂਕ ਦੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

# ਹੁਣ 6 ਅਕਤੂਬਰ ਤੋਂ ਕੈਨੇਡੀਅਨ ਬਿਜ਼ਨਸ ਚਾਰਜ ਕਰ ਸਕਣਗੇ ਕ੍ਰੈਡਿਟ ਕਾਰਡ ਫੀਸ




ਓਟਵਾ, 6 ਅਕਤੂਬਰ (ਪੋਸਟ ਬਿਊਰੋ) : ਵੀਰਵਾਰ ਤੋਂ ਸ਼ੁਰੂ ਕਰਕੇ ਕੈਨੇਡਾ ਦੇ ਬਿਜ਼ਨਸ ਕ੍ਰੈਡਿਟ ਕਾਰਡ ਫੀਸ ਆਪਣੇ ਕਸਟਮਰਜ਼ ਤੋਂ ਵਸੂਲ ਸਕਣਗੇ।

ਇਹ ਤਬਦੀਲੀ ਵੀਜ਼ਾ ਤੇ ਮਾਸਟਰਕਾਰਡ ਦਰਮਿਆਨ ਮਲਟੀਮਿਲੀਅਨ ਡਾਲਰ ਦੇ ਸੈਟਲ ਹੋਏ ਕਲਾਸ ਐਕਸ਼ਨ ਲਾਅਸੂਟ ਕਾਰਨ ਹੋ ਰਹੀ ਹੈ। ਇਸ ਨੂੰ ਇੰਟਰਚੇਂਜ ਜਾਂ ਸਵਾਈਪ ਫੀਸ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਫੀਸ ਉਹ ਹੈ ਜਿਹੜੀ ਕ੍ਰੈਡਿਟ ਕਾਰਡ ਕੰਪਨੀਆਂ, ਬੈਂਕ ਤੇ ਪੇਅਮੈਂਟ ਪ੍ਰੋਸੈਸਰਜ਼ ਹਰੇਕ ਲੈਣ–ਦੇਣ(ਟਰਾਂਸੈਕਸ਼ਨ) ਨਾਲ ਵਪਾਰੀਆਂ ਤੋਂ ਵਸੂਲਦੀਆਂ ਹਨ।

ਕਾਰਡਜ਼ ਲਈ ਇਹ ਫੀਸ ਇੱਕ ਫੀ ਸਦੀ ਤੋਂ ਤਿੰਨ ਫੀ ਸਦੀ ਤੱਕ ਹੋ ਸਕਦੀ ਹੈ ਤੇ ਪਰਕਸ ਜਿਵੇਂ ਕਿ ਕੈਸ਼ ਬੈਕ ਜਾਂ ਲਾਇਲਟੀ ਪੁਆਇੰਟਸ, ਜੋ ਕਿ ਬਿਜ਼ਨਸ ਮੁਨਾਫੇ ਵਿੱਚ ਕਟੌਤੀ ਕਰਦੇ ਹਨ। ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ ਅਨੁਸਾਰ, ਵੀਜ਼ਾ ਤੇ ਮਾਸਟਰਕਾਰਡ ਨੇ ਪਹਿਲਾਂ ਫੀਸ ਸਰਚਾਰਜ ਜਾਂ ਉੱਚ ਕੀਮਤ ਵਾਲੇ ਪ੍ਰੀਮੀਅਮ ਕ੍ਰੈਡਿਟ ਕਾਰਡਜ਼ ਲਈ ਵਪਾਰੀਆਂ ਦੀ ਸਮਰੱਥਾ ਉੱਤੇ ਰੋਕ ਲਾਉਂਦੇ ਹੋਏ ਇਸ ਤੋਂ ਇਨਕਾਰ ਕਰ ਦਿੱਤਾ ਸੀ। ਟੈਲਅਸ ਵਰਗੀਆਂ ਕੁੱਝ ਕੰਪਨੀਆਂ ਨੇ ਪਹਿਲਾਂ ਹੀ ਨਵੀਂ ਕ੍ਰੈਡਿਟ ਕਾਰਡ ਪ੍ਰੋਸੈਸਿੰਗ ਫੀਸ ਦਾ ਐਲਾਨ ਕਰ ਦਿੱਤਾ ਹੈ।

ਇਹ ਨਵਾਂ ਨਿਯਮ, ਜਿਹੜਾ ਵਪਾਰੀਆਂ ਨੂੰ ਇਹ ਫੀਸ ਆਪਣੇ ਗਾਹਕਾਂ ਸਿਰ ਪਾਉਣ ਦੀ ਖੁੱਲ੍ਹ ਦਿੰਦਾ ਹੈ, 6 ਅਕਤੂਬਰ ਤੋਂ ਪ੍ਰਭਾਵੀ ਹੋਣ ਜਾ ਰਿਹਾ ਹੈ। ਇਸ ਬਾਰੇ ਵਪਾਰੀਆਂ ਨੂੰ ਵੀਜ਼ਾ ਤੇ ਮਾਸਟਰਕਾਰਡ ਨੂੰ ਲਿਖਤੀ ਨੋਟਿਸ ਮੁਹੱਈਆ ਕਰਵਾਉਣੇ ਹੋਣਗੇ। ਕੰਪਨੀਆਂ ਨਾਲ ਸੈਟਲਮੈਂਟ ਤਹਿਤ ਕੈਨੇਡੀਅਨ ਕਾਰੋਬਾਰ ਕ੍ਰੈਡਿਟ ਕਾਰਡ ਫੀਸ ਰੀਬੇਟ ਵਜੋਂ 5000 ਡਾਲਰ ਤੱਕ ਕਲੇਮ ਵੀ ਕਰ ਸਕਣਗੇ।

# ਛੁਰੇਬਾਜ਼ੀ ਵਿਚ ਇਕ ਜ਼ਖ਼ਮੀ

ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਇਹ ਘਟਨਾ ਤੜਕੇ 2:15 ਉੱਤੇ ਡਫਰਿਨ ਸਟਰੀਟ ਤੇ ਰੌਜਰਜ਼ ਰੋਡ ਨੇੜੇ ਯੌਰਕ ਵਿੱਚ ਵਾਪਰੀ। ਮੌਕੇ ਉੱਤੇ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਇਮਾਰਤ ਦੇ ਸਾਹਮਣੇ ਤੇਜ਼ ਧਾਰ ਹਥਿਆਰ ਨਾਲ ਕੀਤੇ ਗਏ ਵਾਰਾਂ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬਾਲਗ ਪੁਰਸ਼ ਨੂੰ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ। ਉਨ੍ਹਾਂ ਆਖਿਆ ਕਿ ਉਸ ਵਿਅਕਤੀ ਦੀ ਹਾਲਤ ਨਾਜ਼ੁਕ ਪਰ ਸਥਿਰ ਸੀ। ਪਰ ਬਾਅਦ ਵਿੱਚ ਉਸ ਦੇ ਜ਼ਖ਼ਮਾਂ ਨੂੰ ਜਾਨਲੇਵਾ ਦੀ ਵੰਨਗੀ ਵਿੱਚ ਪਾ ਦਿੱਤਾ ਗਿਆ। ਇਸ ਵੇਲੇ ਪੁਲਿਸ ਕੋਲ ਮਸ਼ਕੂਕ ਜਾਂ ਮਸ਼ਕੂਕਾਂ ਬਾਰੇ ਕੋਈ ਵੇਰਵੇ ਨਹੀਂ ਹਨ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।




# ਕੈਨੇਡੀਅਨ ਟਾਇਰ ਦੇ ਮੁਲਾਜ਼ਮ ਨੇ ਮਿਰਗੀ ਦੇ ਦੌਰੇ ਦੌਰਾਨ ਟੇਜ਼ਰ ਦੀ ਵਰਤੋਂ ਕਰਨ ਦਾ ਪੁਲਿਸ ਉੱਤੇ ਲਾਇਆ ਦੋਸ਼



ਹੈਮਿਲਟਨ, 6 ਅਕਤੂਬਰ (ਪੋਸਟ ਬਿਊਰੋ) : ਹੈਮਿਲਟਨ ਵਿੱਚ ਕੈਨੇਡੀਅਨ ਟਾਇਰ ਦੇ ਇੱਕ ਮੁਲਾਜ਼ਮ ਨੇ ਦੱਸਿਆ ਕਿ ਇਸ ਹਫਤੇ ਦੇ ਸ਼ੁਰੂ ਵਿੱਚ ਉਸ ਨੂੰ ਪਏ ਮਿਰਗੀ ਦੇ ਦੌਰੇ ਦੌਰਾਨ ਪੁਲਿਸ ਵੱਲੋਂ ਉਸ ਉੱਤੇ ਟੇਜ਼ਰ ਦੀ ਵਰਤੋਂ ਕੀਤੀ ਗਈ।

ਮਾਰਕਸ ਚਾਰਲਸ ਨਾਂ ਦੇ ਇਸ ਵਿਅਕਤੀ ਨੇ ਦੱਸਿਆ ਕਿ ਉਸ ਸਮੇਂ ਉਸ ਨੂੰ ਲੱਗਿਆ ਸੀ ਕਿ ਉਸ ਦੀ ਮੌਤ ਹੋਣ ਵਾਲੀ ਹੈ। ਉਸ ਦੇ ਮੱਥੇ ਤੋਂ ਲੈ ਕੇ ਗੱਲ੍ਹਾਂ ਤੱਕ ਨੀਲ ਪਏ ਹੋਏ ਵੇਖੇ ਜਾ ਸਕਦੇ ਹਨ ਤੇ ਉਸ ਦੇ ਗੁੱਟਾਂ ਦੇ ਦੁਆਲੇ ਹਥਕੜੀਆਂ ਦੇ ਨਿਸ਼ਾਨ ਅਜੇ ਵੀ ਤਾਜ਼ਾ ਹਨ। ਚਾਰਲਸ ਨੇ ਦੱਸਿਆ ਕਿ ਐਤਵਾਰ ਨੂੰ ਉਹ ਮੇਨ ਸਟਰੀਟ ਤੇ ਵਿਕਟੋਰੀਆ ਐਵਨਿਊ ਸਥਿਤ ਹੈਮਿਲਟਨ ਦੇ ਡਾਊਨਟਾਊਨ ਕੈਨੇਡੀਅਨ ਟਾਇਰ ਉਤੇ ਕੰਮ ਕਰ ਰਿਹਾ ਸੀ ਜਦੋਂ ਉਸ ਨੂੰ ਮਿਰਗੀ ਦਾ ਦੌਰਾ ਪੈ ਗਿਆ। ਉਸ ਨੇ ਇਹ ਵੀ ਦੱਸਿਆ ਕਿ ਉਸ ਨੂੰ ਇਸ ਤਰ੍ਹਾਂ ਦੇ ਦੌਰੇ ਦੋ ਕੁ ਮਹੀਨਿਆਂ ਵਿੱਚ ਇੱਕ ਦੋ ਵਾਰੀ ਪੈ ਜਾਂਦੇ ਹਨ। ਇਹ ਦੌਰਾ ਛੇ ਤੋਂ ਸੱਤ ਘੰਟਿਆਂ ਤੱਕ ਰਹਿੰਦਾ ਹੈ।

ਉਸ ਨੇ ਆਖਿਆ ਕਿ ਜਦੋਂ ਉਸ ਨੂੰ ਹੋਸ਼ ਆਇਆ ਤਾਂ ਉਹ ਹਸਪਤਾਲ ਵਿੱਚ ਸੀ ਤੇ ਉਸ ਨੂੰ ਆਈਵੀਜ਼ ਲੱਗੀਆਂ ਹੋਈਆਂ ਸਨ। ਫਿਰ ਉਸ ਨੂੰ ਯਾਦ ਆਇਆ ਕਿ ਜਦੋਂ ਉਸ ਨੂੰ ਦੌਰਾ ਪਿਆ ਤਾਂ ਚਾਰ ਪੰਜ ਪੁਲਿਸ ਅਧਿਕਾਰੀ ਉਸ ਦੇ ਦੁਆਲੇ ਆ ਖੜ੍ਹੋਤੇ। ਇਸ ਨਾਲ ਉਸ ਨੂੰ ਘਬਰਾਹਟ ਹੋਣ ਲੱਗੀ। ਕੈਨੇਡੀਅਨ ਟਾਇਰ ਦੇ ਉਸ ਦੇ ਕੁਲੀਗ ਵੱਲੋਂ ਇਸ ਘਟਨਾ ਦੀ ਬਣਾਈ ਗਈ ਵੀਡੀਓ ਵਿੱਚ ਵੀ ਨਜ਼ਰ ਆਉਂਦਾ ਹੈ ਕਿ ਚਾਰਲਸ ਸਾਈਡਵਾਕ ਉੱਤੇ ਪਿਆ ਹੈ ਤੇ ਪੁਲਿਸ ਅਧਿਕਾਰੀਆਂ ਵੱਲੋਂ ਉਸ ਨੂੰ ਘੇਰਾ ਪਾਇਆ ਗਿਆ ਹੈ ਤੇ ਉਸ ਦੇ ਵਾਰੀ ਵਾਰੀ ਚੀਕਣ ਉੱਤੇ ਪੁਲਿਸ ਅਧਿਕਾਰੀ ਉਸ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਚਾਰਲਸ ਨੇ ਦੱਸਿਆ ਕਿ ਜਦੋਂ ਇੱਕ ਲੋਕਲ ਹਸਪਤਾਲ ਵਿੱਚ ਉਸ ਨੂੰ ਹੋਸ਼ ਆਇਆ ਤਾਂ ਉਸ ਨੂੰ ਪਤਾ ਲੱਗਿਆ ਕਿ ਪੁਲਿਸ ਵੱਲੋਂ ਉਸ ਉੱਤੇ ਟੇਜ਼ਰ ਦੀ ਵਰਤੋਂ ਕੀਤੀ ਗਈ ਹੈ। ਇਸ ਹਸਪਤਾਲ ਵਿੱਚ ਹੀ ਕੰਡਿਆਲੀਆਂ ਤਾਰਾਂ ਉਸ ਦੇ ਸ਼ਰੀਰ ਤੋਂ ਹਟਾਈਆਂ ਗਈਆਂ। ਹੈਮਿਲਟਨ ਪੈਰਾਮੈਡਿਕਸ ਸਰਵਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਐਤਵਾਰ ਨੂੰ ਮੈਡੀਕਲ ਮਦਦ ਲਈ ਕਾਲ ਆਈ ਸੀ ਤੇ ਉਨ੍ਹਾਂ ਵੱਲੋਂ ਇੱਕ ਸ਼ਖਸ ਦਾ ਮੌਕੇ ਉੱਤੇ ਮੁੱਢਲਾ ਇਲਾਜ ਕਰਨ ਤੋਂ ਬਾਅਦ ਉਸ ਨੂੰ ਹੋਰ ਇਲਾਜ ਲਈ ਲੋਕਲ ਹਸਪਤਾਲ ਪਹੁੰਚਾਇਆ ਗਿਆ ਸੀ।

ਇਸ ਦੌਰਾਨ ਹੈਮਿਲਟਨ ਪੁਲਿਸ ਦੇ ਬੁਲਾਰੇ ਡੇਵਿਡ ਥੌਂਪਸਨ ਨੇ ਦੱਸਿਆ ਕਿ ਪੈਰਾਮੈਡਿਕਸ ਖਤਰਨਾਕ ਤੇ ਹਿੰਸਕ ਸਥਿਤੀ ਵਿੱਚ ਫਸ ਗਏ ਸਨ। ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਹੀ ਮਦਦ ਲਈ ਪੁਲਿਸ ਨੂੰ ਸੱਦਿਆ ਗਿਆ ਸੀ। ਇਹ ਵਿਅਕਤੀ ਹਿੰਸਕ ਹੋ ਚੁੱਕਿਆ ਸੀ ਤੇ ਪੈਰਾਮੈਡਿਕਸ ਤੋਂ ਕਾਬੂ ਨਹੀਂ ਸੀ ਆ ਰਿਹਾ। ਥੌਂਪਸਨ ਤੇ ਹੋਰ ਪੁਲਿਸ ਅਧਿਕਾਰੀ ਫੌਰੀ ਮੌਕੇ ਉੱਤੇ ਪਹੁੰਚੇ ਤੇ ਉਨ੍ਹਾਂ ਹਿੰਸਕ ਸਥਿਤੀ ਉੱਤੇ ਕਾਬੂ ਪਾਉਣ ਵਿੱਚ ਪੈਰਾਮੈਡਿਕਸ ਦੀ ਮਦਦ ਕੀਤੀ। ਉਨ੍ਹਾਂ ਇਹ ਵੀ ਆਖਿਆ ਕਿ ਪੈਰਾਮੈਡਿਕਸ ਖਿਲਾਫ ਹਿੰਸਾਂ ਜਾਂ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

# ਕਵੀਂਸਵੁੱਡ ਕਾਲਜ ਦੇ ਡਿਪਲੋਮਾ ਕੋਰਸ ਕੈਨੇਡਾ ਵਿਚ ਭਵਿੱਖ ਲਈ ਸਹਾਈ

ਕਨੇਡਾ ਵਿੱਚ ਖੁਸ਼ ਰਹਿਣ ਅਤੇ ਬਿਹਤਰ ਭਵਿੱਖ ਬਣਾਉਣ ਲਈ ਤੁਸੀਂ ਕਵੀਂਸਵੁੱਡ ਕਾਲਜ ਦੁਆਰਾ ਪੇਸ਼ ਕੀਤੇ ਡਿਪਲੋਮਾ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ। ਜੇਕਰ ਤੁਸੀਂ ਵਿਜ਼ਟਿਰ ਹੋ, ਕੈਨੇਡਾ ਲਈ ਨਵੇਂ ਹੋ, ਕੰਮ ਤੋਂ ਮੁਅੱਤਲ ਹੋ, ਲੇਬਰ ਮਾਰਕੀਟ ਨੂੰ ਛੱਡਣਾ ਚਾਹੁੰਦੇ ਹੋ ਫਿਰ ਕੁਈਨਸਵੁੱਡ ਕਾਲਜ ਤੁਹਾਡੇ ਹੁਨਰ ਨੂੰ ਅਪਗ੍ਰੇਡ ਕਰਨ ਲਈ ਸਹੀ ਜਗ੍ਹਾ ਹੈ। ਕੁਈਨਸਵੁੱਡ ਕਾਲਜ ਪਰਸਨਲ ਸਪੋਰਟ ਵਰਕਰ, ਫੂਡ ਸਰਵਿਸ ਵਰਕਰ, ਆਫਿਸ ਐਡਮਿਨਿਸਟ੍ਰੇਸ਼ਨ ਅਤੇ ਮੈਡੀਕਲ ਆਫਿਸ ਐਡਮਿਨਿਸਟ੍ਰੇਸ਼ਨ ਡਿਪਲੋਮਾ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ। ਇਹਨਾਂ ਕੋਰਸਾਂ ਲਈ ਇੱਕ ਵਿਸ਼ੇਸ਼ ਛੂਟ (ਧਸਿਚੋਨਟ ੋਾਇਰ) ਪੇਸ਼ਕਸ਼ ਹੈ ਜੋ ਸਿਰਫ 30 ਸਤੰਬਰ ਤੱਕ ਯੋਗ ਹੈ। ਇਸ ਪੇਸ਼ਕਸ਼ ਦਾ ਲਾਭ ਲੈਣ ਲਈ 30 ਤੋਂ ਪਹਿਲਾਂ ਉਹਨਾਂ ਨਾਲ ਸੰਪਰਕ ਕਰੋ। ਛੋਟੇ ਕੋਰਸਾਂ ਲਈ ਇਹ ਅਕਾਊਂਟਿੰਗ, ਬੇਸਿਕ ਤੋਂ ਐਡਵਾਂਸਡ ਕੰਪਿਊਟਰ ਕੋਰਸ, ਬੁੱਕ ਕੀਪਿੰਗ, ਕਵਿੱਕਬੁੱਕ, ਅੰਗਰੇਜ਼ੀ ਭਾਸ਼ਾ ਦੇ ਕੋਰਸ, ਡਾਟਾ ਐਂਟਰੀ, ਆਈਲੈਟਸ ਅਤੇ ਸਲਪੀਪ ਦੀ ਪੇਸ਼ਕਸ਼ ਕਰਦਾ ਹੈ। ਛੋਟੇ ਕੋਰਸ ਵੀ ਨੌਕਰੀਆਂ ਪ੍ਰਾਪਤ ਕਰਨ ਲਈ ਲਾਭਦਾਇਕ ਹਨ। ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

# ਮਿਸੀਸਾਗਾ ਦੇ ਹਸਪਤਾਲ ਨੇੜੇ ਪੁਲਿਸ ਨੂੰ 17 ਘੰਟੇ ਵਖ਼ਤ ਪਾ ਕੇ ਰੱਖਣ ਵਾਲਾ ਵਿਅਕਤੀ ਕਾਬੂ

ਮਿਸੀਸਾਗਾ, 6 ਅਕਤੂਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਸਵੇਰੇ ਮਿਸੀਸਾਗਾ ਵਿੱਚ 17 ਘੰਟੇ ਦੇ ਚੱਲੇ ਗਤੀਰੋਧ ਤੋਂ ਬਾਅਦ ਕੈਲਗਰੀ ਦੇ ਇੱਕ 66 ਸਾਲਾ ਵਿਅਕਤੀ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ੁੱਕਰਵਾਰ ਨੂੰ ਸਵੇਰੇ 7:30 ਵਜੇ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੂੰ ਐਗਲਿੰਟਨ ਐਵਨਿਊ ਵੈਸਟ ਤੇ ਐਰਿਨ ਮਿੱਲਜ਼ ਪਾਰਕਵੇਅ ਇਲਾਕੇ ਦੀ ਇੱਕ ਬਿਲਡਿੰਗ ਵਿੱਚ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਪਾਇਆ ਕਿ ਇੱਕ ਵਿਅਕਤੀ ਨੇ ਕ੍ਰੈਡਿਟ ਵੈਲੀ ਹਸਪਤਾਲ ਦੇ ਨਾਲ ਲੱਗਦੀ ਮੈਡੀਕਲ ਫੈਸਿਲਿਟੀ ਵਿੱਚ ਖੁਦ ਨੂੰ ਬੰਦ ਕਰ ਲਿਆ ਹੈ ਤੇ ਉਸ ਕੋਲ ਕਈ ਹਥਿਆਰ ਵੀ ਹਨ। ਹਾਲਾਂਕਿ ਇਸ ਇਲਾਕੇ ਨਾਲ ਲੱਗਦੀਆਂ ਸਾਰੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ ਪਰ ਨੇੜਲੇ ਹਸਪਤਾਲ ਦੇ ਐਮਰਜੰਸੀ ਡਿਪਾਰਟਮੈਂਟ ਨੂੰ ਮਰੀਜ਼ਾਂ ਲਈ ਖੁੱਲ੍ਹਾ ਰੱਖਿਆ ਗਿਆ।

ਇਸ ਵਿਅਕਤੀ ਨਾਲ ਅੱਧੀ ਰਾਤ ਤੱਕ ਪੁਲਿਸ ਗੱਲਬਾਤ ਕਰਦੀ ਰਹੀ ਤੇ ਫਿਰ ਕਿਸੇ ਵੀ ਤਰ੍ਹਾਂ ਦੀ ਅਣਹੋਣੀ ਘਟਨਾ ਤੋਂ ਪਹਿਲਾਂ ਹੀ ਇਸ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਵੱਲੋਂ ਵਿਲੀਅਮ ਹੋਰੋਡਿਸਕੀ ਨੂੰ ਹਥਿਆਰਾਂ ਦੀ ਅਣਗਹਿਲੀ ਨਾਲ ਕੀਤੀ ਵਰਤੋਂ, ਖਤਰਨਾਕ ਇਰਾਦੇ ਨਾਲ ਹਥਿਆਰ ਰੱਖਣ ਲਈ ਚਾਰਜ ਕੀਤਾ ਗਿਆ ਹੈ। ਪੁਲਿਸ ਨੂੰ ਇਸ ਵਿਅਕਤੀ ਕੋਲੋਂ ਚਾਰ ਹਥਿਆਰ ਵੀ ਬਰਾਮਦ ਹੋਏ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant

ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE CANADA Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

# 'ਜੀਪ ਲਵਰਜ਼ ਕਲੱਬ ਟੋਰਾਂਟੋ' ਵੱਲੋਂ ਸ਼ਾਨਦਾਰ ਪਿਕਨਿਕ ਦਾ ਆਯੋਜਨ, 40 ਜੀਪਾਂ ਦਾ ਹੋਇਆ ਸਫ਼ਲ ਪ੍ਰਦਰਸ਼ਨ



ਹੈਮਿਲਟਨ, (ਡਾ. ਝੰਡ) -ਲੰਘੇ ਸ਼ਨੀਵਾਰ 1 ਅਕਤੂਬਰ ਨੂੰ 'ਜੀਪ ਲਵਰਜ਼ ਕਲੱਬ ਟੋਰਾਂਟੋ' ਵੱਲੋਂ ਹੈਮਿਲਟਨ ਦੇ ਕਨਫ਼ੈੱਡਰੇਸ਼ਨ ਪਾਰਕ ਵਿਖੇ ਸ਼ਾਨਦਾਰ ਪਿਕਨਿਕ ਦਾ ਆਯੋਜਨ ਕੀਤਾ ਗਿਆ। 40 ਰੰਗ-ਬਰੰਗੀਆਂ ਜੀਪਾਂ ਦਾ ਕਾਫ਼ਲਾ ਪੂਰਾ ਸੱਜ-ਧੱਜ ਕੇ ਹੈਮਿਲਟਨ ਦੀਆਂ ਸੜਕਾਂ ਤੋਂ ਗੁਜ਼ਰਦਾ ਹੋਇਆ ਸ਼ਹਿਰ ਨਿਵਾਸੀਆਂ ਦੀ ਖਿੱਚ ਦਾ ਕੇਂਦਰ ਬਣਿਆ। ਇਨ੍ਹਾਂ ਕੀਮਤੀ ਜੀਪਾਂ ਦੀ ਨੁਮਾਇਸ਼ ਵੇਖਣ ਲਈ ਹੈਮਿਲਟਨ ਅਤੇ ਇਸ ਦੇ ਨਾਲ ਲੱਗਦੇ ਸ਼ਹਿਰਾਂ ਬਰਲਿੰਗਟਨ, ਸਟੋਨੀਕਰੀਕ ਅਤੇ ਬਰੈਂਟਫੋਰਟ ਦੇ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਜੀਪਾਂ ਦਾ ਇਹ ਕਾਫਲਾ ਜਦੋਂ ਸ਼ਹਿਰ ਦੀਆਂ ਭੀੜ-ਭੜੱਕੇ ਵਾਲੀਆਂ ਸੜਕਾਂ ਤੋਂ ਹਾਰਨ ਵਜਾਉਂਦਾ ਹੋਇਆ ਗੁਜ਼ਰ ਰਿਹਾ ਸੀ ਤਾਂ ਗੋਰੇ-ਗੋਰੀਆਂ ਤੇ ਹੋਰ ਕਮਿਊਨਿਟੀਆਂ ਦੇ ਲੋਕ ਹੱਥ ਹਿਲਾ ਕੇ ਖ਼ੁਸ਼ੀ ਦਾ ਇਜ਼ਹਾਰ ਕਰ ਰਹੇ ਸਨ। ਕਨਫੈੱਡਰੇਸ਼ਨ ਪਾਰਕ ਵਿਚ ਸ਼ਾਨਦਾਰ ਜੀਪਾਂ ਦਾ ਅਲੌਕਿਕ ਨਜ਼ਾਰਾ ਵੇਖਣ ਲਈ ਦਰਸ਼ਕਾਂ ਦੀ ਭੀੜ ਪੂਰਾ ਦਿਨ ਜੁਟੀ ਰਹੀ ਅਤੇ ਕੈਨੇਡੀਅਨ ਗੋਰੇ-ਗੋਰੀਆਂ ਨੇ ਜੀਪਾਂ ਕੋਲ ਖੜੋ ਕੇ ਤਸਵੀਰਾਂ ਖਿਚਵਾ ਕੇ ਇਸ ਅਲੌਕਿਕ ਨਜ਼ਾਰੇ ਦਾ ਖ਼ੂਬ ਆਨੰਦ ਮਾਣਿਆ।

ਦੂਰੋਂ-ਨੇੜਿਉਂ ਚੱਲ ਕੇ ਆਏ ਮਹਿਮਾਨਾ ਲਈ ਪ੍ਰਬੰਧਕਾਂ ਵੱਲੋਂ ਚਾਹ-ਪਕੌੜਿਆਂ, ਆਦਿ ਦਾ ਲੰਗਰ ਸਵੇਰ ਤੋਂ ਸ਼ਾਮ ਤਕ ਨਿਰੰਤਰ ਚੱਲਦਾ ਰਿਹਾ। ਜੀਪ ਲਵਰਜ਼ ਕਲੱਬ ਵਲੋਂ ਪਰੋਸੇ ਗਏ ਸਵਾਦਲੇ ਭੋਜਨ ਪਕਵਾਨਾਂ ਦੀ ਹਰ ਪਾਸਿਉਂ ਤਾਰੀਫ ਹੋ ਰਹੀ ਸੀ। ਇਸ ਪਿਕਨਿਕ ਵਿਚ ਸ਼ਾਮਲ ਹੋਣ 'ਸਿੱਖ ਮੋਟਰਸਾਈਕਲ ਕਲੱਬ ਟੋਰਾਂਟੋ' ਵੱਲੋਂ ਬਿੱਟੂ ਜੀ ਉਚੇਚੇ ਤੌਰ 'ਤੇ ਪਹੁੰਚੇ। ਇਸ ਦੌਰਾਨ ਜੀਪ ਲਵਰਜ਼ ਕਲੱਬ ਦੇ ਮੈਂਬਰਾਂ ਵੱਲੋਂ ਭਵਿੱਖ ਵਿਚ ਕੀਤੇ ਜਾਣ ਵਾਲੇ ਵੱਖ-ਵੱਖ ਖ਼ੇਤਰਾਂ ਵਿਚ ਸਮਾਜ ਭਲਾਈ ਦੇ ਕੰਮਾਂ ਬਾਰੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਅਤੇ ਆਪਸੀ ਭਾਈਚਾਰੇ 'ਚ ਪ੍ਰੇਮ-ਪਿਆਰ ਅਤੇ ਸ਼ਾਂਤੀ ਕਾਇਮ ਰੱਖਣ ਬਾਰੇ ਚਰਚਾ ਹੋਈ। ਖਾਣ-ਪੀਣ ਅਤੇ ਪੰਜਾਬੀ ਗੀਤ, ਬੋਲੀਆਂ, ਚੁਟਕਲੇ ਤੇ ਗੀਤ-ਸੰਗੀਤ ਰਾਹੀਂ ਮਨੋਰੰਜਨ ਦਾ ਸਿਲਸਿਲਾ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੌਕ ਨਿਰੰਤਰ ਚੱਲਦਾ ਰਿਹਾ। ਖ਼ੁਸ਼ਗਵਾਰ ਮੌਸਮ ਹੋਣ ਕਾਰਨ ਹਰ ਕੋਈ ਇਸ ਪ੍ਰੋਗਰਾਮ ਦਾ ਭਰਪੂਰ ਲੁੱਤਫ਼ ਲੈ ਰਿਹਾ ਸੀ।

ਇਸ ਪਿਕਨਿਕ ਨੂੰ ਯਾਦਗਾਰੀ ਪਿਕਨਿਕ ਬਣਾਉਣ ਦਾ ਸਿਹਰਾ ਬੂਟਾ ਸਿੰਘ ਜੌਹਲ (ਪ੍ਰਧਾਨ) ਹੋਰਾਂ ਦੇ ਸਿਰ 'ਤੇ ਹੈ। ਇਸ ਦੇ ਨਾਲ ਹੀ ਜਿੰਦਰ ਦਿਉਲ, ਕਰਮਜੀਤ ਸਿੰਘ ਨਾਗਰਾ, ਗੁਰਪ੍ਰੀਤ ਸਿੰਘ ਅਟਵਾਲ, ਬਲਵੀਰ ਸਿੰਘ ਰੰਧਾਵਾ, ਜਗਤਾਰ ਸਿੰਘ ਸਿੱਧੂ, ਜੱਸ ਦਿਉਲ, ਦਵਿੰਦਰ ਸਿੰਘ ਬਾਜਵਾ, ਬਲਜਿੰਦਰ ਸਿੰਘ, ਜੌਲੀ, ਹਰਬੰਸ ਸਿੰਘ ਢਿਲੋਂ ਅਤੇ ਉਸਤਾਦ ਜੀ ਦਾ ਵੀ ਇਸ ਪਿਕਨਿਕ ਨੂੰ ਕਾਮਯਾਬ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਰਿਹਾ।



# ਸਕੂਲ ਬੋਰਡ ਅਤੇ ਸਿਟੀ ਦਾ ਤਾਲਮੇਲ ਹੋਣਾ ਜ਼ਰੂਰੀ : ਸਤਪਾਲ ਸਿੰਘ ਜੌਹਲ

## ਵਾਰਡ 9-10 ਵਿੱਚ ਜੌਹਲ ਦੀ ਉਮੀਦਵਾਰੀ ਨੂੰ ਭਰਵਾਂ ਸਮਰੱਥਨ ਮਿਲਣਾ ਜਾਰੀ




ਪੰਜਾਬ ਇੰਸ਼ੋਰੈਂਸ ਤੋਂ ਸ਼ੇਰਜੰਗ ਸਿੰਘ ਰਾਣਾ ਆਪਣੀ ਟੀਮ ਨਾਲ਼ ਸਤਪਾਲ ਸਿੰਘ ਜੌਹਲ ਦੀ ਹਿਮਾਇਤ ਦਾ ਐਲਾਨ ਕਰਨ ਤੋਂ ਬਾਅਦ ਤਸਵੀਰ ਖਿਚਵਾਉਂਦੇ ਹੋਏ।

ਬਰੈਂਪਟਨ, (ਹਰਜੀਤ ਸਿੰਘ ਬਾਜਵਾ)- 24 ਅਕਤੂਬਰ ਨੂੰ ਆ ਰਹੀ ਮਿਊਂਸਪਲ ਇਲੈਕਸ਼ਨ ਵਿੱਚ ਬਰੈਂਪਟਨ ਦੇ ਵਾਰਡ 9-10 ਤੋਂ ਸਕੂਲ ਟਰੱਸਟੀ ਉਮੀਦਵਾਰ ਸਤਪਾਲ ਸਿੰਘ ਜੌਹਲ ਨੇ ਆਖਿਆ ਹੈ ਕਿ ਸਕੂਲ ਜਾਣ ਅਤੇ ਘਰ ਮੁੜਨ ਦੀ ਆਵਾਜਾਈ ਬੱਚਿਆਂ ਅਤੇ ਮਾਪਿਆਂ ਵਾਸਤੇ ਇਕ ਚੁਣੌਤੀ ਨਹੀਂ ਹੋਣੀ ਚਾਹੀਦੀ ਸਗੋਂ ਇਕ ਸਹੂਲਤ ਵਜੋਂ ਵਿਕਸਤ ਹੋਵੇ ਤਾਂਕਿ ਪੜ੍ਹਨ ਜਾਣ ਵਾਲੇ ਬੱਚਿਆਂ ਦੀ ਸਕੂਲਾਂ ਪ੍ਰਤੀ ਦਿਲਚਸਪੀ ਵਧੇ ਅਤੇ ਸਿਸਟਮ ਤੋਂ ਮਾਪੇ ਸੰਤੁਸ਼ਟ ਹੋਣ। ਸ. ਜੌਹਲ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਬਰੈਂਪਟਨ ਵਿੱਚ ਪੀਲ ਸਕੂਲ ਬੋਰਡ ਨਾਲ ਸਬੰਧਿਤ ਬਹੁਤ ਸਾਰੇ ਮਾਪੇ ਬੱਸਾਂ ਦੀ ਘਾਟ ਅਤੇ ਬੱਸ ਨਾ ਮਿਲਣ ਦੀਆਂ ਸ਼ਿਕਾਇਤਾਂ ਕਰ ਰਹੇ ਹਨ ਅਤੇ ਮਾਪੇ ਅਜਿਹਾ ਵੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਹੈ। ਇਹ ਵੀ ਕਿ ਅੱਕ ਕੇ ਮਾਪੇ ਆਪਣੇ ਬੱਚਿਆਂ ਦੀਆਂ ਬੱਸਾਂ ਵਾਸਤੇ ਵੱਡੇ ਖਰਚੇ ਕਰਨ ਲਈ ਮਜਬੂਰ ਹਨ। ਵਾਰਡ 9 ਅਤੇ 10 ਵਿੱਚ ਚੋਣ ਪ੍ਰਚਾਰ ਦੌਰਾਨ ਸਤਪਾਲ ਸਿੰਘ ਜੌਹਲ ਨੇ ਕਿਹਾ ਕਿ ਸਕੂਲ ਬੋਰਡ, ਸਿਟੀ, ਅਤੇ ਬਰੈਂਪਟਨ ਟ੍ਰਾਂਜਿਟ ਦੇ ਸਹਿਯੋਗ ਨਾਲ਼ ਬੱਸਾਂ ਦੀ ਆਵਾਜਾਈ ਦੀ ਸਹੂਲਤ ਬੇਹਤਰ ਕੀਤੀ ਜਾ ਸਕਦੀ ਹੈ। ਸ. ਜੌਹਲ ਨੇ ਕਿਹਾ ਕਿ ਬੱਸਾਂ ਵਿੱਚ ਇਕੱਲੇ ਸਫਰ ਕਰ ਸਕਣ ਦੀ ਉਮਰ ਵਾਲੇ ਵਿਦਿਆਰਥੀਆਂ ਨੂੰ ਬਰੈਂਪਟਨ ਟ੍ਰਾਂਜਿਟ ਦਾ ਮੁਫਤ ਬੱਸ ਪਾਸ ਮਿਲ ਸਕੇ ਤਾਂ ਬੱਚਿਆਂ ਨੂੰ ਸਕੂਲ ਅਤੇ ਖੇਡਾਂ ਲਈ ਛੱਡਣ ਜਾਣ ਅਤੇ ਵਾਪਿਸ ਲਿਆਉਣ ਤੋਂ ਮਾਪੇ ਫਾਰਿਗ ਹੋ ਸਕਦੇ ਹਨ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਮਾਪਿਆਂ ਅਤੇ ਬੱਚਿਆਂ ਦਾ ਜੀਵਨ ਸੌਖਾ ਕਰਨ ਦੀਆਂ ਸੰਭਾਵਨਾਵਾਂ ਉਪਰ ਨਿੱਠ ਕੇ ਕੰਮ ਕਰਨਾ ਸਮੇਂ ਦੀ ਲੋੜ ਹੈ। ਇਸੇ ਦੌਰਾਨ ਸਤਪਾਲ ਸਿੰਘ ਜੌਹਲ ਦੀ ਚੋਣ ਵਾਸਤੇ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਹੈ ਅਤੇ ਉਨ੍ਹਾਂ ਦੀਆਂ ਜਗ੍ਹਾ-ਜਗ੍ਹਾ ਚੋਣ ਰੈਲੀਆਂ ਜਾਰੀ ਹਨ। ਪੰਜਾਬ ਇੰਸ਼ੋਰੈਂਸ ਦੇ ਸੰਸਥਾਪਕ ਸ਼ੇਰਜੰਗ ਸਿੰਘ ਰਾਣਾ ਨੇ ਬੀਤੇ ਦਿਨ ਆਪਣੀ ਟੀਮ ਸਮੇਤ ਸ. ਜੌਹਲ ਦੀ ਪੂਰਨ ਹਿਮਾਇਤ ਦਾ ਐਲਾਨ ਕੀਤਾ। ਇਸ ਦੇ ਨਾਲ਼ ਹੀ ਦਰਜਣ ਤੋਂ ਵੱਧ ਕਲੱਬਾਂ ਅਤੇ ਸੰਸਥਾਵਾਂ ਦੇ ਆਗੂਆਂ ਵਲੋਂ ਵੀ ਸਤਪਾਲ ਸਿੰਘ ਜੌਹਲ ਦਾ ਸਾਥ ਦਿੱਤਾ ਜਾ ਰਿਹਾ ਹੈ।

# ਪੰਜਾਬੀ ਸੱਭਿਆਚਾਰ ਮੰਚ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ 'ਤੇ ਵਿਚਾਰ ਚਰਚਾ





(ਬਰੈਂਪਟਨ/ਬਾਸੀ ਹਰਚੰਦ) ਯਾਦ ਰਹੇ ਪਰਮਗੁਣੀ ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ 1907 ਈਸਵੀ ਨੂੰ ਹੋਇਆ ਸੀ ਅਤੇ 23 ਮਾਰਚ 1931 ਨੂੰ, ਅੰਗ੍ਰੇਜ਼ ਹਕੂਮਤ ਨੇ ਉਸ ਨੂੰ ਰਾਜ ਗੁਰੂ ਅਤੇ ਸੁਖਦੇਵ ਸਮੇਤ ਲਹੌਰ ਜੇਲ ਵਿੱਚ ਫਾਸੀ ਦੇ ਦਿਤੀ ਸੀ। ਕਸੂਰ ਸਿਰਫ ਇਹ ਸੀ ਕਿ ਆਪਣੇ ਵਤਨ ਭਾਰਤ ਤੋਂ ਬਰਤਾਨਵੀ ਬਿਦੇਸ਼ੀ ਹਕੂਮਤ ਦੀ ਬੇਦਖਲੀ ਚਾਹੁੰਦਾ ਸੀ। ਉਸ ਮਹਾਨ ਇਨਕਲਾਬੀ ਦੀ ਕੁਰਬਾਨੀ ਅਤੇ ਉਸ ਦੁਆਰਾ ਪੇਸ਼ ਕੀਤਾ ਗਿਆ ਫਲਸਫਾ ਸਾਡੇ ਭਵਿਖ ਦੇ ਉਜਲੇ ਦ੍ਰਿਸ਼ ਲਈ ਕੀ ਨਜ਼ਰੀਆਂ ਪੇਸ਼ ਕਰਦਾ ਹੈ।

ਇਸ ਸਾਰੇ ਕੁੱਝ ਦੇ ਸਾਡੇ ਲਈ ਕੀ ਸਰੋਕਾਰ ਹਨ, ਦੇ ਬਾਰੇ ਵਿੱਚ ਵਿਚਾਰ ਗੋਸ਼ਟੀ ਕੈਸੀ ਕੈਂਬਲ ਕਮਿਉਨਿਟੀ ਸੈਂਟਰ ਬਰੈਪਟਨ ਵਿਖੇ ਕੀਤੀ ਗਈ । ਜਿਸ ਵਿੱਚ ਲੱਗ ਪੱਗ ਇੱਕ ਸੌ ਤੋਂ ਉਪਰ ਜਨ ਸਮੂਹ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੀ ਪਰਧਾਨਗੀ ਮੰਚ ਦੇ ਪਰਧਾਨ ਬਲਦੇਵ ਸਿੰਘ ਸਹਿਦੇਵ, ਅੰਮਿਰਤ ਢਿਲੋਂ ,ਡਾ; ਬਲਜਿੰਦਰ ਸਿੰਘ ਸੇਖੋਂ,ਜਗਜੀਤ ਸਿੰਘ ਜੋਗਾ, ਸੁਖਦੇਵ ਸਿੰਘ ਧਾਲੀਵਾਲ, ਹਰਿੰਦਰ ਤੱਖੜ ,ਪ੍ਰੋ ਮਾਂਗਟ ਨੇ ਕੀਤੀ। ਇਸ ਸਮੇਂ ਸੱਭ ਤੋਂ ਪਹਿਲਾਂ ਪ੍ਰਿੰਸੀਪਲ ਗਿਆਨ ਸਿੰਘ ਘਈ ਨੇ ਇਨਕਲਾਬੀ ਕਵਿਤਾ ਪੜ੍ਹੀ ਤੇ ਵਾਹਵਾ ਖੱਟੀ। ਉਪਰੰਤ ਵਿਚਾਰਵਾਨਾਂ ਨੇ ਸ਼ਹੀਦ ਭਗਤ ਸਿੰਘ ਬਾਰੇ ਆਪਣੇ ਵਿਚਾਰ ਵਿਅੱਕਤ ਕੀਤੇ। ਪ੍ਰੋ;ਨਿਰਮਲ ਸਿੰਘ ਧਾਰਨੀ ਨੇ ਸ਼ਹੀਦ ਭਗਤ ਸਿੰਘ ਦੇ ਬਾਰੇ ਵਿੱਚ ਦੱਸਿਆ ਕਿ ਪੰਜਾਬ ਦੀ ਪਿੱਠ ਭੂਮੀ ਵਿੱਚੋਂ ਉਹਨਾਂ ਦਾ ਦੇਸ ਭਗਤੀ ਦਾ ਜ਼ਜਬਾ ਪੈਦਾ ਹੋਇਆ। ਭਗਤ ਸਿੰਘ ਦੇ ਨਜਦੀਕੀ ਰਿਸ਼ਤੇ ਦਾਰ ਇਨਕਲਾਬੀ ਸੋਚ ਪ੍ਰਤੀ ਪਰਤੀਬਧ ਅੰਮ੍ਰਿਤ ਢਿਲੋਂ ਜੀ ਨੇ ਭਗਤ ਸਿੰਘ ਦੇ ਬਾਲਪਣ ਨਾਲ ਜੁੜੀਆਂ ਯਾਦਾਂ ਅਤੇ ਉਹਨਾਂ ਦਾ ਦੇਸ ਭਗਤੀ ਸਬੰਧੀ ਝੁਕਾਅ ਦੱਸਿਆ ਅਤੇ ਬਾਅਦ ਵਿੱਚ ਪੂਰੀ ਤਰਾਂ ਦੇਸ ਦੀ ਅਜਾਦੀ ਲਈ ਸਰਗਰਮ ਹੋ ਗਏ। ਮੰਚ ਦੇ ਪਰਧਾਂਨ ਬਲਦੇਵ ਸਿੰਘ ਸਹਿਦੇਵ ਨੇ ਵਿਸਥਾਰ ਵਿੱਚ ਇਨਕਲਾਬੀ ਦੀ ਸੋਚ, ਸਰਗਰਮੀ ਅਤੇ ਕਾਰਪੋਰੇਟ ਸਬੰਧੀ ਉਸ ਦੀ ਸੋਚ ਦਾ ਬੜੇ ਵਿਸਥਾਰ ਵਿੱਚ ਵਰਨਣ ਕੀਤਾ। ਅੱਜ ਦੇ ਸਮੇਂ ਉਸ ਦੁਆਰਾ ਪ੍ਰਗਟਾਏ ਖਦਸ਼ੇ ਸਹੀ ਸਾਬਤ ਹੋ ਰਹੇ ਹਨ। ਬਲਜਿੰਦਰ ਸਿੰਘ ਸੇਖੋਂ ਨੇ ਦਸਿਆ ਕਿ ਅੱਜ ਦੇ ਸਮੇਂ ਉਹਾਨਾਂ ਦੇ ਅਜਾਦੀ ਲਈ ਕੀਤੀ ਘਾਲਣਾ ਦੇ ਅਤੇ ਸੁਪਣਿਆਂ ਨੂੰ ਕਾਰਪੋਰੇਟ ਗਲ ਵਿੱਚ ਹਾਰ ਪਾ ਕੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਦਾ ਹੈ। ਅਸਲ ਵਿੱਚ ਲੋਕਾਂ ਦੇ ਗਲ ਘੁਟੀਦੇ ਜਾ ਰਹੇ ਹਨ। ਜਗਜੀਤ ਸਿੰਘ ਜੋਗਾ ਨੇ ਇਨਕਲਾਬੀ ਦੀ ਸੋਚ ਅਤੇ ਅੱਜ ਦੇ ਹਾਲਾਤਾਂ ਬਾਰੇ ਅਤੇ ਲੋਕ ਘੋਲਾਂ ਬਾਰੇ ਵਿਸਥਾਰ ਵਿੱਚ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ। ਕਾ;ਸੁਖਦੇਵ ਸਿੰਘ ਧਾਲੀਵਾਲ ,ਬਲਦੇਵ ਸਿੰਘ ਰੈਪਾ ਅਤੇ ਹਰਪਾਲ ਸਿੰਘ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਸਮੇਂ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੇ ਧਾਰਨੀ ਲੋਕ ਸੇਵਾ ਵਿੱਚ ਜੀਵਨ ਲਾਉਣ ਵਾਲੇ ਲੇਟ ਐਮ ਐਲ ਏ ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਅਤੇ ਜੀਤ ਸਿੰਘ ਚੂਹੜਚੱਕ ਨੂੰ ਉਹਨਾਂ ਦੀਆਂ ਲੋਕਾਂ ਪ੍ਰਤੀ ਸੇਵਾਵਾਂ ਨੂੰ ਯਾਦ ਕੀਤਾ ਗਿਆ। ਨਾਮਵਰ ਸਖਸ਼ੀਅਤ ਇੰਦਰਜੀਤ ਸਿੰਘ ਬੱਲ ਨੇ ਵਿਸ਼ਸ਼ ਤੌਰ ਤੇ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਵਿਚਾਰ ਸਾਂਝੇ ਕੀਤੇ। ਗੁਰਦੇਵ ਸਿੰਘ ਸੰਧੂ ਨੇ ਪਾਸ਼ ਨੂੰ ਭਗਤ ਸਿੰਘ ਦੇ ਵਿਚਾਰਾਂ ਨਾਲ ਜੋੜ ਕੇ ਗੱਲਾਂ ਕੀਤੀਆਂ। ਨੌਜਵਾਨਾਂ ਲਈ ਰੁਜ਼ਗਾਰ ਗਰੰਟੀ ਦਾ ਕਾਨੂੰਨ ਪਾਰਲੀਮੈਂਟ ਵਿੱਚ ਪਾਸ ਕੀਤਾ ਜਾਏ ਅਤੇ ਉਜਰਤ ਘਟਾਏ ਤੋਂ ਬਿਨਾਂ ਛੇ ਘੰਟੇ ਦਾ ਕੰਮ ਦਿਨ ਕੀਤਾ ਜਾਏ। ਇਹ ਮਤਾ ਜਗਜੀਤ ਸਿੰਘ ਜੋਗਾ ਨੇ ਪੇਸ਼ ਕੀਤਾ ਅਤੇ ਬਲਦੇਵ ਸਿੰਘ ਸਹਿਦੇਵ ਅਤੇ ਸੁਖਦੇਵ ਸਿੰਘ ਨੇ ਤਾਈਦ ਕੀਤੀ ਹਾਜਰੀਨ ਹੇ ਸਰਵਸੰਮਤੀ ਨਾਲ ਉਸ ਨੂੰ ਪਾਸ ਕਰ ਦਿਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰੋ ਲਾਲ ਸਿੰਘ ਬਰਾੜ, ਦੀਪਕ ਗਿਲ, ਲਾਲ ਸਿੰਘ ਚਾਹਲ, ਸੁਮੀਤ ਵਲਟਹਾ, ਮੱਲ ਸਿੰਘ ਬਾਸੀ, ਵਿਸਾਖਾ ਸਿੰਘ ਤਾਤਲਾ, ਗੁਰਨਾਮ ਸਿੰਘ ਕੈਰੋਂ, ਸਤਿਨਾਮ ਸਿੰਘ ਡੀ ਪੀ ਈ, ਬਲਵਿੰਦਰ ਸਿੰਘ ਟਹਿਣਾ ਆਦਿ ਸ਼ਾਮ੍ਹਲ ਹੋਏ। ਹਰਚੰਦ ਸਿੰਘ ਬਾਸੀ ਨੇ ਸਟੇਜ ਸੈਕਟਰੀ ਦੀ ਜੁੰਮੇਵਾਰੀ ਨਿਭਾਈ। ਸੱਭ ਮਹਿਮਾਨਾਂ ਲਈ ਚਾਹ ਸਨੈਕਸ ਦਾ ਪਰਬੰਧ ਕੀਤਾ ਗਿਆ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC



Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

## ਅੱਜ ਨਾਮਾ

ਅਫਸਰ ਪੁਲਸ ਦਾ ਇੱਕ ਸੀ ਬਹੁਤ ਵੱਡਾ,
ਫੜਿਆ ਪੁਲਸ ਨੇ ਆਪ ਫਿਰ ਅੱਜ ਬੇਲੀ।
ਬਹਾਨੇ ਜਾਂਚ ਦੇ ਸੱਦ ਕੇ ਪਕੜ ਲਿਆ ਈ,
ਜੀਹਨੇ ਕੀਤਾ ਨਹੀਂ ਕਦੇ ਕੁਝ ਚੱਜ ਬੇਲੀ।
ਰਿਸ਼ਵਤ ਖਾਣ ਲਈ ਪੱਟਦਾ ਰਿਹਾ ਧੂੜਾਂ,
ਦੌਲਤਾਂ ਜੋੜ ਵੀ ਸਕਿਆਨਾ ਰੱਜ ਬੇਲੀ।
ਪੁੱਠੇ ਕੰਮ ਵੀ ਕਰਦਾ ਸੀ ਬਹੁਤ ਸੁਣਿਆ,
ਕੀਤਾ ਪਾਪ ਫਿਰ ਹੋਇਆ ਨਾ ਕੱਜ ਬੇਲੀ।
ਜਿਹੜੇ ਪੁਲਸੀਏ ਸਲੂਟ ਰਹੇ ਮਾਰਦੇ ਸੀ,
ਉਸ ਨੂੰ ਵੇਖ ਚਟਕਾਰੇ ਕਈ ਲੈਣਗੇ ਈ।
ਲੈ-ਲੈ ਰਿਸ਼ਵਤਾਂ ਜਿਹੜੇ ਸਨ ਨੋਟ ਜੋੜੇ,
ਕੱਢ-ਕੱਢ ਦੇਣੇ ਵਕੀਲਾਂ ਨੂੰ ਪੈਣਗੇ ਈ।

**ਤੀਸ ਮਾਰ ਖਾਂ**

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਬਰੈਂਪਟਨ ਵਿਖੇ ਹਿੰਦੂ ਸਭਾ ਮੰਦਰ ਵਲੋਂ ਧੂਮਧਾਮ ਨਾਲ ਮਨਾਇਆ ਗਿਆ ਦੁਸਹਿਰਾ








...ਪੰਨਾ 1 ਦਾ ਬਾਕੀ

ਇਨ੍ਹਾਂ ਤੋਂ ਇਲਾਵਾ ਕੁਲਦੀਪ ਗੁਪਤਾ ਚੇਅਰਮੈਨ, ਰਾਜੇਸ਼ ਮੋਹਨ, ਮਧੂ ਸੂਦਨ ਲਾਂਮਾ, ਅਸ਼ਵਨੀ ਜੋਸ਼ੀ, ਰੀਟਾ ਮਾਗੋ, ਮੋਹਨ ਮਾਗੋ, ਅਜੇ ਸ਼ਰਮਾ ਨੇ ਵੀ ਹਾਜਰੀ ਲਵਾਈ। ਵਲੰਟੀਅਰਾਂ ਵਿਚ ਮੇਜਰ ਸਿੰਘ ਨੱਤ, ਜਸਵਿੰਦਰ ਸਿੰਘ ਸਿੱਧੂ, ਸੁਰਜੀਤ ਸਿੰਘ ਝਬੇਲਵਾਲੀ ਆਦਿ ਪ੍ਰੋਗਰਾਮ ਵਿਚ ਸ਼ਾਮਲ ਹੋਏ।

ਇਸ ਤੋਂ ਬਾਅਦ ਰਾਵਣ ਦੇ ਬੁੱਤ ਨੂੰ ਅੱਗ ਲਾਈ ਗਈ ਤੇ ਖੂਬ ਆਤਿਸ਼ਬਾਜੀ ਕੀਤੀ ਗਈ। ਗੋਰ ਮੰਦਰ/ਹਿੰਦੂ ਸਭਾ ਮੰਦਰ ਵਲੋਂ ਦੁਸਹਿਰੇ ਉਤੇ ਕਰਵਾਇਆ ਗਿਆ ਇਹ ਪ੍ਰੋਗਰਾਮ ਕੈਨੇਡਾ ਭਰ ਵਿਚ ਚਰਚਿਤ ਰਿਹਾ। ਲਗਭਗ 30-35 ਹਜਾਰ ਲੋਕਾਂ ਨੇ ਆ ਕੇ ਦੁਸਹਿਰੇ ਦੇ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਜਿੱਥੇ ਜੈ ਸੀਆ ਰਾਮ ਦੇ ਨਾਅਰਿਆਂ ਦੇ ਨਾਲ ਅਸਮਾਨ ਗੂੰਜਿਆ, ਉਸ ਦੇ ਨਾਲ ਨਾਲ ਰਾਵਣ ਦੇ ਬੁੱਤ ਨੂੰ ਅੱਗ ਲੱਗਣ ਤੋਂ ਬਾਅਦ ਲੋਕਾਂ ਨੇ ਆਤਿਸ਼ਬਾਜੀ ਦਾ ਵੀ ਖੂਬ ਆਨੰਦ ਮਾਣਿਆ। ਮੰਦਰ ਦੇ ਮੁੱਖ ਪ੍ਰਬੰਧਕਾਂ ਵਿਚੋਂ ਕੁਲਦੀਪ ਸ਼ਰਮਾ ਜੀ ਨੇ ਆਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਹੋਰ ਬਿਹਤਰ ਪ੍ਰਬੰਧ ਕਰਕੇ ਦੁਸਹਿਰੇ ਉਤੇ ਹੋਰ ਵੱਡੇ ਪ੍ਰੋਗਰਾਮ ਉਲੀਕਣ ਦਾ ਵਾਅਦਾ ਕੀਤਾ। ਕੌਂਸਲ ਜਨਰਲ ਸ੍ਰੀ ਅਪੂਰਵਾ ਸ੍ਰੀਵਾਸਤਵਾ ਨੇ ਵੀ ਆਏ ਲੋਕਾਂ ਨੂੰ ਦੁਸਹਿਰੇ ਦੀ ਮੁਬਾਰਕਬਾਦ ਦਿੱਤੀ। ਇਸ ਤੋਂ ਇਲਾਵਾ ਅੱਗੇ 12 ਅਕਤੂਬਰ ਨੂੰ ਕਰਵਾਚੌਥ ਦਾ ਪ੍ਰੋਗਰਾਮ ਅਤੇ ਫਿਰ 24 ਅਕਤੂਬਰ ਨੂੰ ਦਿਵਾਲੀ ਦਾ ਪ੍ਰੋਗਰਾਮ ਵੀ ਕਰਵਾਇਆ ਜਾਵੇਗਾ।



## ਅੰਬੈਸਡਰ ਪੁਲ ਨੂੰ ਕੀਤਾ ਗਿਆ ਬੰਦ



ਓਨਟਾਰੀਓ, 2 ਅਕਤੂਬਰ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਅੰਬੈਸਡਰ ਬ੍ਰਿੱਜ ਨੂੰ ਅੰਸ਼ਕ ਤੌਰ ਉੱਤੇ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਗਿਆ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਵੱਲੋਂ ਇੱਕ ਅਜਿਹੇ ਸ਼ੱਕੀ ਪੈਕੇਜ ਦੀ ਜਾਂਚ ਕੀਤੀ ਜਾ ਰਹੀ ਹੈ ਜਿਹੜਾ ਪੁਲ ਦੇ ਉੱਤੋਂ ਮਿਲਿਆ। ਸੱਭ ਤੋਂ ਪਹਿਲਾਂ ਪੁਲਿਸ ਨੇ ਰਾਤੀਂ 9:00 ਵਜੇ ਇਸ ਪੁਲ ਨੂੰ ਬੰਦ ਕਰਨ ਦਾ ਐਲਾਨ ਟਵਿੱਟਰ ਰਾਹੀਂ ਕੀਤਾ। ਉਨ੍ਹਾਂ ਆਖਿਆ ਕਿ ਅੰਬੈਸਡਰ ਬ੍ਰਿੱਜ ਦੇ ਕੈਨੇਡੀਅਨ ਹਿੱਸੇ ਨੂੰ ਅਣਮਿੱਥੇ ਸਮੇਂ ਲਈ ਬੰਦ ਕੀਤਾ ਜਾ ਰਿਹਾ ਹੈ। ਖਬਰ ਲਿਖੇ ਜਾਣ ਤੱਕ ਪੁਲ ਦਾ ਟਰੈਫਿਕ ਵਿੰਡਸਰ-ਡਿਟਰੋਇਟ ਟਨਲ ਵੱਲ ਮੋੜ ਦਿੱਤਾ ਗਿਆ ਸੀ।

# ਨੰਬਰਦਾਰਾਂ ਦਾ ਬਣਦਾ ਮਾਨ-ਸਨਮਾਨ ਬਹਾਲ ਕਰਨ ਲਈ ਪੰਜਾਬ ਸਰਕਾਰ ਵਚਨਬੱਧ : ਚੀਮਾ

### ਨੰਬਰਦਾਰ ਯੂਨੀਅਨ ਨਾਲ ਮੀਟਿੰਗ ਦੌਰਾਨ ਜਾਇਜ ਮੰਗਾਂ ਨੂੰ ਪੂਰਾ ਕਰਨ ਦਾ ਦਿੱਤਾ ਭਰੋਸਾ



ਚੰਡੀਗੜ੍ਹ, 06 ਅਕਤੂਬਰ (ਪੋਸਟ ਬਿਊਰੋ): ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਨੰਬਰਦਾਰਾਂ ਨੂੰ ਸਰਕਾਰ ਦਾ ਅਹਿਮ ਅੰਗ ਦੱਸਦਿਆਂ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੰਬਰਦਾਰਾਂ ਦਾ ਬਣਦਾ ਮਾਨ-ਸਨਮਾਨ ਬਹਾਲ ਕਰਨ ਲਈ ਵਜਨਬੱਧ ਹੈ।

ਅੱਜ ਇਥੇ ਵਿੱਤ ਤੇ ਯੋਜਨਾ ਭਵਨ ਵਿਖੇ ਨੰਬਰਦਾਰਾਂ ਦੀਆਂ ਯੂਨੀਅਨਾਂ ਨਾਲ ਖੁਸ਼ਗਵਾਰ ਮਾਹੌਲ ਵਿੱਚ ਹੋਈ ਮੀਟਿੰਗ ਦੌਰਾਨ ਸ. ਹਰਪਾਲ ਸਿੰਘ ਚੀਮਾ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਜਾਇਜ਼ ਮੰਗਾਂ 'ਤੇ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਸ. ਚੀਮਾ ਨੇ ਯੂਨਿਅਨਾਂ ਦੇ ਨੁਮਾਇੰਦਿਆਂ ਨੂੰ ਯਕੀਨ ਦਿਵਾਇਆ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸੁਹਿਰਦ ਹੈ।

ਨੰਬਰਦਾਰਾਂ ਦੀ ਸਹੂਲਤ ਲਈ ਵਿੱਤ ਮੰਤਰੀ ਨੇ ਚੰਡੀਗੜ੍ਹ ਵਿਖੇ ਕਿਸਾਨ ਭਵਨ ਵਿੱਚ ਉਨ੍ਹਾਂ ਲਈ ਕਮਰੇ ਰਾਖਵੇਂ ਕਰਨ, ਜਿਲ੍ਹਾ ਤੇ ਤਹਿਸੀਲ ਕੰਪਲੈਕਸਾਂ ਵਿੱਚ ਬੈਠਣ ਲਈ ਕਮਰੇ ਦੀ ਵਿਵਸਥਾ ਕਰਨ, ਜਿਲ੍ਹਾਂ ਪੱਧਰ 'ਤੇ ਬਨਣ ਵਾਲੀਆਂ ਸ਼ਿਕਾਇਤ ਨਿਵਾਰਨ ਕਮੇਟੀਆਂ ਵਿੱਚ ਉਨ੍ਹਾਂ ਨੂੰ ਸ਼ਾਮਿਲ ਕਰਨ ਲਈ ਸਬੰਧਤ ਅਧਿਕਾਰੀਆਂ ਅਤੇ ਵਿਭਾਗਾਂ ਨੂੰ ਨਿਰਦੇਸ਼ ਜਾਰੀ ਕੀਤੇ। ਇਸ ਤੋਂ ਇਲਾਵਾ ਮਾਲ ਵਿਭਾਗ ਨੂੰ ਜਮੀਨਾਂ ਦੀ ਰਜਿਸ਼ਟਰੇਸ਼ਨ ਪ੍ਰਕ੍ਰਿਆ ਵਿੱਚ ਨੰਬਰਦਾਰਾਂ ਦੀ ਸ਼ਮੂਲੀਅਤ ਯਕੀਨੀ ਬਨਾਉਣ ਲਈ ਕਿਹਾ।

ਨੰਬਰਦਾਰਾਂ ਵੱਲੋਂ ਮਾਣ-ਭੱਤਾ ਵਧਾਉਣ ਸਬੰਧੀ ਕੀਤੀ ਮੰਗ 'ਤੇ ਵਿੱਤ ਮੰਤਰੀ ਨੇ ਯੂਨੀਅਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਜਲਦੀ ਹੀ ਇਹ ਮੁੱਦਾ ਮੁੱਖ ਮੰਤਰੀ ਭਗਵੰਤ ਮਾਨ ਨਾਲ ਸਾਂਝਾ ਕਰਨਗੇ। ਉਨ੍ਹਾਂ ਕਿਹਾ ਕਿ ਇਸ ਮੰਗ ਦੇ ਵਿੱਤੀ ਪ੍ਰਭਾਵਾਂ ਨੂੰ ਵੀ ਵਾਚਿਆ ਜਾਵੇਗਾ ਤਾਂ ਜੋ ਯੋਗ ਫੈਸਲਾ ਲਿਆ ਜਾ ਸਕੇ। ਇਸ ਮੀਟਿੰਗ ਵਿੱਚ ਵਿਸ਼ੇਸ਼ ਸਕੱਤਰ ਖਰਚਾ ਮੁਹੰਮਦ ਤਇਅਬ ਵੀ ਹਾਜਰ ਸਨ।

9 ਅਕਤੂਬਰ ਨੂੰ ਪਹਿਲੀ ਬਰਸੀ ਤੇ ਵਿਸ਼ੇਸ਼

# ਲੋੜਵੰਦਾਂ ਦਾ ਮਦਦਗਾਰ ਸੀ ਲਛਮਣ ਸਿੰਘ ਬਰਾੜ

**ਲਛਮਣ ਸਿੰਘ ਬਰਾੜ ਨੇ ਜਿੰਦਗੀ ਵਿਚ ਲੰਬੀਆਂ ਪੁਲਾਂਘਾਂ ਪੁਟੀਆਂ * ਪੰਜਗਰਾਈਂ ਕਲਾਂ ਤੋਂ ਕੈਨੇਡਾ ਤੱਕ ਦਾ ਸਫ਼ਰ ਛੱਡ ਗਿਆ ਯਾਦਾਂ * ਖੇਤੀਬਾੜੀ ਮਹਿਕਮੇ ਵਿਚ ਉੱਚ ਅਹੁਦੇ ਤੱਕ ਪਹੁੰਚੇ ਤੇ ਕਿਸਾਨਾਂ ਲਈ ਮਸੀਹਾ ਬਣਕੇ ਕੀਤੀ ਸੇਵਾ * ਸਿਆਸੀ ਤੌਰ ਤੇ ਰਹੇ ਸਰਗਰਮ ਪਰ ਅਹੁਦੇ ਦੀ ਨਹੀਂ ਕੀਤੀ ਲਾਲਸਾ**

ਸ ਲਛਮਣ ਸਿੰਘ ਬਰਾੜ ਦੀ ਸ਼ਖਸੀਅਤ ਵਿਲੱਖਣ ਸੀ ,ਉਹ ਇਕ ਵਿਅਕਤੀ ਨਾ ਹੋਕੇ ਇਕ ਸੰਸਥਾ ਸੀ (ਬਰਾੜ ਸਾਹਿਬ ਨੇ ਭਾਰਤ ਅਤੇ ਕੈਨੇਡਾ ਵਿਚ ਸਮਾਜ ਸੇਵਾ ,ਲੋਕ ਭਲਾਈ ਕੰਮਾਂ ਵਿਚ ਹਿਸਾ ਲੈ ਕੇ ਅਤੇ ਲੋੜਵੰਦਾਂ ਦੀ ਮਦਦ ਕਰਕੇ ਆਪਣੀ ਵੱਖਰੀ ਪਛਾਣ ਬਣਾਈ ਸੀ ( ਲਛਮਣ ਸਿੰਘ ਦੇ ਪਰਿਵਾਰ ਵਿਚ ਸਿਆਸਤ ਹੋਣ ਦੇ ਬਾਵਜੂਦ ਸਿਆਸੀ ਲਾਹਾ ਲੈਣ ਤੋਂ ਹਮੇਸ਼ਾ ਦੂਰ ਰਹੇ ( ਪਰਿਵਾਰ ਦਾ ਭਾਰਤ ਤੇ ਕੈਨੇਡਾ ਵਿਚ ਸਿਆਸਤ ਵਿੱਚ ਉਮੀਦਵਾਰਾਂ ਦੀ ਚੋਣਾਂ ਸਮੇਂ ਬਹੁਤ ਸ਼ਲਾਘਾਯੋਗ ਰੋਲ ਰਿਹਾ ( ਪਰਿਵਾਰ ਵਿਚ ਪਿੰਡ ਦੇ ਲੋਕਾਂ ਨੇ ਜ਼ਿੰਮੇਵਾਰੀ ਸੌਂਪੀ ਤਾਂ ਪਿੰਡ ਦੇ ਵਿਕਾਸ ਅਤੇ ਲੋਕ ਭਲਾਈ ਦੀ ਜ਼ਿੰਮੇਵਾਰੀ ਬਖੂਬੀ ਨਿਭਾਈ (ਲਛਮਣ ਸਿੰਘ ਬਰਾੜ ਨੇ ਜਿੰਦਗੀ ਵਿਚ ਲੰਬੀਆਂ ਪੁਲਾਂਘਾਂ ਪੁਟੀਆਂ (ਪੰਜਗਰਾਈਂ ਕਲਾਂ ਤੋਂ ਕੈਨੇਡਾ ਤੱਕ ਦਾ ਸਫ਼ਰ ਯਾਦਾਂਛੱਡ ਗਿਆ(



ਸ ਲਛਮਣ ਸਿੰਘ ਬਰਾੜ

ਦਾ ਜਨਮ ਪੰਜਗਰਾਈਂ ਕਲਾਂ ਵਿਖੇ ਫਰਵਰੀ 1954 ਵਿਚ ਸ ਹਰਬੰਸ ਸਿੰਘ ਬਰਾੜ ਦੇ ਘਰ ਸ੍ਰੀਮਤੀ ਕਰਤਾਰ ਕੌਰ ਦੀ ਕੁੱਖੋਂ ਹੋਇਆ (ਮੁੱਢਲੀ ਪੜ੍ਹਾਈ ਪਿੰਡ ਦੇ ਸਕੂਲ ਵਿੱਚੋ ਪ੍ਰਾਪਤ ਕੀਤੀ (ਆਪ ਨੇ ਖਾਲਸਾ ਕਾਲਜ ਅਮ੍ਰਿਤਸਰ ਤੋਂ ਬੀ ਐੱਸ ਸੀ (ਖੇਤੀਬਾੜੀ) ਅਤੇ ਪੰਜਾਬ ਖੇਤੀਬਾੜੀ ਯੂਨੀਵਰਿਸਟੀ ਲੁਧਿਆਣਾ ਤੋਂ ਐੱਮ ਐੱਸ ਸੀ (ਖੇਤੀਬਾੜੀ ) ਦੀ ਡਿਗਰੀ ਪਰਾਪਤ ਕੀਤੀ ( 1978 ਵਿਚ ਖੇਤੀਬਾੜੀ ਮਹਿਕਮੇ ਵਿੱਚ ਬਤੌਰ ਇੰਸਪੈਕਟਰ ਭਰਤੀ ਹੋਏ , ਖੇਤੀਬਾੜੀ ਵਿਕਾਸ ਅਫ਼ਸਰ, ਡਿਪਟੀ ਡਾਇਰੈਕਟਰ ਦੇ ਅਹੁਦੇ ਤੱਕ ਪ੍ਰਾਪਤੀ ਤੋਂ ਸੇਵਾ ਮੁਕਤ ਹੋਏ( ਪੰਜਾਬ ਦੇ ਕਈ ਜਿਲਿਆਂ ਵਿਚ ਸੇਵਾ ਕੀਤੀ ਵਧੇਰੇ ਸਮਾਂ ਆਪਣੇ ਜੱਦੀ ਜਿਲ੍ਹੇ ਫਰੀਦਕੋਟ ਵਿਚ ਕਿਸਾਨਾਂ ਦੀ ਸੇਵਾ ਕੀਤੀ ( ਆਪ ਨੇ ਨਰਮੇ ਦੀ ਗੁਲਾਬੀ ਸੁੰਡੀ ਲਈ ਖ਼ੋਜ ਕੀਤੀ ( ਖੇਤੀਬਾੜੀ ਮਹਿਕਮੇ ਵਿਚ ਉੱਚ ਅਹੁਦੇ ਤੱਕ ਪਹੁੰਚੇ ਤੇ ਕਿਸਾਨਾਂ ਲਈ ਮਸੀਹਾ ਬਣਕੇ ਕੀਤੀ ਸੇਵਾ ਕੀਤੀ (ਤਰੱਕੀ ਹੋਈ ਤਾਂ ਲੁਧਿਆਣਾ ਨੂੰ ਤਰਜੀਹ ਦਿੱਤੀ ਕਿਓਂਕਿ ਬੱਚਿਆਂ ਦੀ ਉਚੇਰੀ ਪੜ੍ਹਾਈ ਲਈ ਵਧੇਰੇ ਸਹੂਲਤ ਸੀ (

ਸ ਲਛਮਣ ਸਿੰਘ ਬਰਾੜ ਨੇ ਖੇਤੀਬਾੜੀ ਮਹਿਕਮੇ ਵਿੱਚ ਨੌਕਰੀ ਕਰਦਿਆਂ ਕੈਨੇਡਾ ਲਈ , ਸਿੱਖਿਅਤ ਵਰਕਰ , ਦੇ ਤੌਰ ਤੇ ਅਰਜੀ ਭਰ ਦਿੱਤੀ ਤੇ ਸਮੇਤ ਪਰਿਵਾਰ ਵੀਜਾ ਮਿਲ ਗਿਆ ( ਆਪ ਸਮੇਤ ਪਰਿਵਾਰ ਪਤਨੀ ਸ੍ਰੀਮਤੀ ਮਨਪ੍ਰੀਤ, ਬੇਟਾ ਬੀਰਿੰਦਰਪਾਲ, ਅਰਵਿੰਦਰਪਾਲ ਅਤੇ ਬੇਟੀ ਨਵਨੀਤ ਅਗਸਤ 2001 ਦੌਰਾਨ ਕੈਨੇਡਾ ਚਲੇ ਗਏ)

ਆਪ ਭਾਰਤ ਵਾਂਗ ਕੈਨੇਡਾ ਵਿੱਚ ਵੀ ਸਮਾਜ ਸੇਵੀ ਸੰਥਸਾਵਾਂ ,ਸਿਆਸਤ ਅਤੇ ਲੋੜਵੰਦਾਂ ਦੀ ਸੇਵਾ ਲਈ ਸਰਗਰਮ ਰਹੇ। ਆਪ ਦੇ ਬੇਟੇ ਵਕਾਲਤ ਅਤੇ ਡਾਕਟਰੀ ਪੈਸੇ ਰਾਹੀਂ ਕੈਨੈਡਾ ਵਿੱਚ ਸੇਵਾ ਕਰਨ ਦੇ ਨਾਲ ਲੋੜਵੰਦਾਂ ਦੀ ਸੇਵਾ ਲਈ ਸਰਗਰਮ ਹਨ। ਸ ਲਛਮਣ ਸਿੰਘ ਬਰਾੜ ਪਿੱਛਲੇ ਕੈਨੇਡਾ ਵਿਖੇ ਸਦੀਵੀ ਵਿਛੋੜਾ ਦੇ ਗਏ ਸਨ ,ਪਰਿਵਾਰ ਨੇ ਅੰਤਮ ਰਸਮਾਂ ਕੈਨੈਡਾ ਕੀਤੀਆਂ ਸਨ ( ਸ ਲਛਮਣ ਸਿੰਘ ਬਰਾੜ ਦੀ ਪਹਿਲੀ ਬਰਸੀਂ ਦੇ ਸੰਬੰਧ ਵਿਚ ਸਹਿਜ ਪਾਠ ਦਾ ਭੋਗ ਤੇ ਅਰਦਾਸ ਵੱਡਾ ਡੇਰਾ (ਨਿਰਮਲ ਡੇਰਾ) ਪੰਜਗਰਾਈਂ ਕਲਾਂ ਵਿਖੇ 9 ਅਕਤੂਬਰ ਨੂੰ ਦੁਪਹਿਰ 12 ਤੋਂ 1 ਵਜੇ ਹੋਵੇਗੀ।



ਬੀਤੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣੇ ਕਸ਼ਮੀਰ ਦੌਰੇ ਦੌਰਾਨ ਸ੍ਰੀਨਗਰ ਦੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਮੱਥਾ ਟੇਕਿਆ। ਉਨ੍ਹਾਂ ਦੇ ਨਾਲ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਤੇ ਜੰਮੂ-ਕਸ਼ਮੀਰ ਦੇ ਇੰਚਾਰਜ ਤਰੁਣ ਚੁੱਘ ਸਮੇਤ ਕਈ ਸਥਾਨਕ ਨੇਤਾ ਵੀ ਮੌਜੂਦ ਸਨ। ਅਮਿਤ ਸ਼ਾਹ ਅਤੇ ਤਰੁਣ ਚੁੱਘ ਨੇ ਗੁਰਦੁਆਰਾ ਸਾਹਿਬ ਵਿਚ ਬੈਠ ਕੇ ਗੁਰਬਾਣੀ ਕੀਰਤਨ ਸਰਵਣ ਕੀਤਾ।

# 50 ਸਾਲ ਪਹਿਲਾਂ ਵਾਪਰਿਆ ਸੀ ਰੀਗਲ ਸਿਨਮਾ ਗੋਲੀ ਕਾਂਡ



ਗਿਆਨ ਸਿੰਘ (9815784100)
ਸਾਬਕਾ ਜ਼ਿਲ੍ਹਾ
ਲੋਕ ਸੰਪਰਕ ਅਫ਼ਸਰ





## ਪੰਜਾਬ ਸਟੂਡੈਂਟ ਯੂਨੀਅਨ ਨਾਲ ਸਬੰਧਤ ਵਿਦਿਆਰਥੀ ਕਰ ਰਹੇ ਸਨ ਸਿਨੇਮਾ ਟਿਕਟਾਂ ਵਿਰੁੱਧ ਸੰਗਰਸ਼ ਪੰਜਾਬ ਸਰਕਾਰ ਇਥੇ ਬਣਾਵੇ ਆਧੁਨਿਕ ਸਹੂਲਤਾਂ ਵਾਲਾ ਆਡੀਟੋਰੀਅਮ, ਕਮਿਊਨਿਟੀ ਸੈਂਟਰ, ਲਾਇਬ੍ਰੇਰੀ

ਮੋਗਾ ਰੀਗਲ ਸਿਨੇਮਾ ਗੋਲੀਕਾਂਡ ਨੂੰ ਭਾਵੇਂ 50 ਸਾਲ ਬੀਤ ਚੁੱਕੇ ਹਨ, ਪਰ ਅੱਜ ਵੀ ਇਹ ਘਟਨਾ ਲੋਕਾਂ ਦੇ ਮਨਾਂ ਵਿੱਚ ਉਕਰੀ ਹੋਈ ਹੈ। ਖੰਡਰ ਬਣ ਰਹੀ ਰੀਗਲ ਸਿਨੇਮੇ ਦੀ ਇਮਾਰਤ, "ਬਤਾਤੀ ਹੈ ਕਭੀ ਯਹਾਂ ਇਮਾਰਤ ਬੁਲੰਦ ਥੀ।" ਇਸ ਇਮਾਰਤ ਵਿੱਚ ਮੋਗੇ ਦਾ ਸਬ ਤੋਂ ਪਹਿਲਾ ਰੀਗਲ ਸਿਨੇਮਾ ਸੁਰੂ ਹੋਇਆ ਸੀ। 5 ਅਕਤੂਬਰ 1972 ਨੂੰ ਵਾਪਰੇ ਗੋਲੀਕਾਂਡ ਦੌਰਾਨ ਇੱਥੇ ਪੰਜਾਬ ਸਟੂਡੈਂਟ ਯੂਨੀਅਨ ਦੇ ਦੋ ਵਿੱਦਿਆਰਥੀ ਸ਼ਹੀਦ ਹੋ ਗਏ ਸਨ। ਮੋਗਾ ਗੋਲੀ ਕਾਂਡ { 5 ਤੇ 7 ਅਕਤੂਬਰ 1972 } ਦਾ ਪਿਛੋਕੜ ਇੱਥੋਂ ਦੇ ਰੀਗਲ ਸਿਨੇਮੇ ਵਿੱਚ ਟਿਕਟਾਂ ਦੀ ਬਲੈਕ ਕੀਤੇ ਜਾਣ ਦੇ ਮੁੱਦੇ ਤੋਂ ਸੁਰੂ ਹੋਇਆ ਵਿਦਿਆਰਥੀ ਚਾਹੁੰਦੇ ਸਨ ਫ਼ਲਿਮਾਂ ਵੇਖਣ ਵਾਸਤੇ ਟਿਕਟਾਂ ਵਿੱਚ ਰਿਆਇਤ ਹੋਵੇ। ਟਿਕਟਾਂ ਲੈਣ ਵਾਸਤੇ ਵਿਦਿਆਰਥੀਆਂ ਲਈ ਵੱਖਰੀ ਟਿਕਟ-ਖਿੜਕੀ ਬਣੇ; ਸਿਨੇਮੇ ਦੀਆਂ ਟਿਕਟਾਂ ਦੀ ਬਲੈਕ ਰੋਕੀ ਜਾਵੇ। ਫਰੀਦਕੋਟ ਦਾ ਪ੍ਰਸ਼ਾਸਨ ਇਸ ਮਸਲੇ ਦੇ ਸਬੰਧ ਵਿਚ ਮੋਗਾ ਪਹੁੰਚ ਗਿਆ । ਅਚਾਨਕ ਇੱਕ ਘਟਨਾ ਘਟੀ ਹਰਜੀਤ ਸਿੰਘ ਅਤੇ ਸਵਰਨ ਸਿੰਘ ਦੀ ਅਗਵਾਈ ਵਾਲਾ ਕਾਫ਼ਲਾ ਕਿਵੇਂ ਨਾ ਕਿਵੇਂ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਸੀ ਡੀ ਚੀਮੇ ਕੋਲ ਪਹੁੰਚ ਗਿਆ। ਉਹਨਾਂ ਨੇ ਹਰਜੀਤ ਅਤੇ ਹੋਰ ਸੰਗਰਸ ਕਰ ਰਹੇ ਵਿਦਿਆਰਥੀਆਂ ਪ੍ਰਤੀ ਅਜਿਹੇ ਗਲਤ ਸ਼ਬਦ ਕਹੇ ਜੋ ਅਣਖੀਲੇ ਵਿਦਿਆਰਥੀ ਬਰਦਾਸ਼ਤ ਨਾ ਕਰ ਸਕੇ । ਹਰਜੀਤ ਦਾ ਖ਼ੂਨ ਉਬਾਲਾ ਖਾ ਗਿਆ ਅਤੇ ਉਸ ਨੇ ਪੂਰੇ ਜ਼ੋਰ ਨਾਲ ਡੀ.ਸੀ. ਚੀਮੇ ਉਪਰ ਹਮਲਾ ਕਰ ਦਿੱਤਾ। ਡੀ.ਸੀ. ਨੇ ਲੜਖੜਾ ਕੇ ਡਿੱਗਦਿਆਂ-ਡਿੱਗਦਿਆਂ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਡੀ.ਸੀ.ਅਤੇ ਐਸ.ਪੀ. ਦੇ ਰੱਖਿਅਕਾਂ ਦੀ ਪੰਕਤੀ 'ਚੋਂ ਇੱਕ ਸਿਪਾਹੀ ਨੇ ਸਿੱਧੀ ਗੋਲੀ ਹਰਜੀਤ ਦੇ ਮਾਰੀ ਤੇ ਦੂਜੇ ਨੇ ਸਵਰਨ ਦੇ। ਪਲਾਂ-ਛਿਣਾਂ ਵਿੱਚ ਹੀ ਇਹ ਸੰਗਰਾਮੀ ਵਿਦਿਆਰਥੀ ਸ਼ਹੀਦ ਹੋ ਗਏ ਅਤੇ ਗੋਲੀਆਂ ਇੰਜ ਚੱਲਣ ਲੱਗੀਆਂ ਜਿਵੇਂ ਮੀਂਹ ਵਰ੍ਹਦਾ ਹੈ। ਬਹੁਤ ਸਾਰੇ ਜੁਝਾਰੂ ਵਿਦਿਆਰਥੀ ਅਤੇ ਕਈ ਆਮ ਸ਼ਹਿਰੀ ਵੀ ਜ਼ਖ਼ਮੀ ਹੋ ਗਏ। ਗੰਭੀਰ ਜ਼ਖ਼ਮੀਆਂ ਨੂੰ ਪੱਲੇਦਾਰਾਂ ਨੇ ਰੇਹੜੀਆਂ 'ਤੇ ਲੱਦ-ਲੱਦ ਕੇ ਸਰਕਾਰੀ ਹਸਪਤਾਲ ਪਹੁੰਚਾਇਆ । ਹਸਪਤਾਲ ਜਖ਼ਮੀਆਂ ਨਾਲ ਭਰ ਗਿਆ।

ਸਿਨੇਮਾ ਮਾਲਕਾਂ ਅਤੇ ਵਿੱਦਿਆਰਥੀਆ ਵਿਚਕਾਰ ਟਿਕਟਾਂ ਦੀ ਬਲੈਕ ਤੋਂ ਸ਼ੁਰੂ ਹੋਇਆ ਝਗੜਾ ਤੇ ਗੋਲੀਬਾਰੀ ਤਕ ਨੌਬਤ ਦੀ ਘਟਨਾ ਨਾਲ ਪੰਜਾਬ ਭਰ ਵਿੱਚ ਵਿੱਦਿਆਰਥੀਆ ਵਿਚ ਰੋਹ ਫੈਲ ਗਿਆ। ਉਸ ਸਮੇਂ ਮੋਗਾ ਜਿਲ੍ਹਾ ਫ਼ਰੀਦਕੋਟ ਦੀ ਤਹਿਸੀਲ ਹੁੰਦਾ ਸੀ। ਜਿਸ ਦਿਨ ਮੋਗੇ ਦੀ ਘਟਨਾ ਵਾਪਰੀ, ਉਸ ਵੇਲੇ ਪੰਜਾਬ ਵਿੱਚ ਕਾਗਰਸ ਦੀ ਸਰਕਾਰ ਸੀ ਅਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸਨ। ਕਿਹਾ ਜਾਂਦਾ ਹੈ ਚੰਡੀਗੜ੍ਹ ਸੂਚਨਾ ਪਹੁੰਚਦਿਆ ਹੀ ਮੁੱਖ ਮੰਤਰੀ ਬਿਨਾਂ ਲਾਮ ਲਸ਼ਕਰ ਅਤੇ ਪ੍ਰਸ਼ਾਸਨ ਨੂੰ ਬਿਨਾ ਸੂਚਿਤ ਕੀਤਿਆਂ ਰਾਤ ਨੂੰ ਮੋਗਾ ਵਿਖੇ ਘਟਨਾ ਸਥੱਲ ਤੇ ਪਹੁੰਚ ਗਏ । ਲੋਕਾਂ ਤੋਂ ਪੁੱਛ ਪੜਤਾਲ ਕਰਕੇ ਵਾਪਸ ਚਲੇ ਗਏ। ਪ੍ਰਸ਼ਾਸਨ ਨੂੰ ਬਅਦ ਵਿਚ ਪਤਾ ਚਲਿਆ। ਮੋਗਾ ਵਿਖੇ ਵਾਪਰੀ ਘਟਨਾ ਪ੍ਰਤੀ ਪ੍ਰਸ਼ਾਸਨ ਦੀ ਲਾਪਰਵਾਹੀ ਨੂੰ ਵੇਖਦਿਆਂ ਫ਼ਰੀਦਕੋਟ ਦੇ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਨੂੰ ਤਬਦੀਲ ਕਰਕੇ ਨਵੀਂਆ ਨਿਯੁਕਤੀਆ ਕਰ ਦਿੱਤੀਆਂ। ਉਸ ਵੇਲੇ ਵਿੱਦਿਆਰਥੀਆ ਨੇ ਹੜਤਾਲਾ/ ਮੁਜ਼ਾਹਰੇ ਸੁਰੂ ਕਰ ਦਿੱਤੇ ਸਨ। ਆਖਰ ਸਿਨੇਮਾ ਬੰਦ ਕਰਨ ਅਤੇ ਸ਼ਹੀਦ ਹੋਏ ਵਿੱਦਿਆਰਥੀਆ ਦੀ ਯਾਦਗਾਰ ਬਣਾਉਣ ਦੇ ਫੈਸਲੇ ਨਾਲ ਸੰਘਰਸ ਰੁੱਕਿਆ । ਪ੍ਰਸ਼ਾਸਨ ਨੇ ਹੁਕਮ ਯਾਰੀ ਕਰਕੇ ਸਿਨੇਮਾ ਚਲਾਉਣ ਤੇ ਰੋਕ ਲਗਾ ਦਿੱਤੀ। ਸਿਨੇਮਾ ਮਾਲਕਾਂ ਨੇ ਕਨੂੰਨੀ ਚਾਰਾਜੋਈ ਸ਼ੁਰੂ ਕਰ ਦਿੱਤੀ, ਅਦਾਲਤਾਂ ਵਿੱਚ ਜਾਣ ਦੇ ਬਾਵਜੂਦ ਸਿਨੇਮਾ ਨਹੀਂ ਚਲ ਸਕਿਆ। ਪੰਜਾਬ ਸਟੂਡੈਂਟਸ ਯੂਨੀਅਨ ਨੇ ਸ਼ਹੀਦ ਵਿੱਦਿਆਰਥੀਆ ਦੀ ਯਾਦਗਾਰ ਬਣਾਉਣ ਲਈ ਸੰਘਰਸ ਯਾਰੀ ਰੱਖਿਆ । ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਵਿੱਦਿਆਰਥੀਆ ਦਾ ਇਸ ਸੰਗਰਸ ਵਿਚ ਮਹੱਤਵ ਪੂਰਨ ਰੋਲ ਰਿਹਾ। ਉਸ ਵੇਲੇ ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਵਿੱਦਿਆਰਥੀ ਸਵਰਗੀ ਸ ਪਿਰਥੀਪਾਲ ਸਿੰਘ ਰੰਧਾਵਾ, ਆਮ ਆਦਮੀ ਪਾਰਟੀ ਨਾਲ ਸਬੰਧਤ ਮੌਜੂਦਾ ਸੁਪ੍ਰੀਮ ਕੋਰਟ ਦੇ ਵਕੀਲ ਸ੍ਰੀ ਐਨ ਐਸ ਫੂਲਕਾ,ਆਮ ਆਦਮੀ ਪਾਰਟੀ ਦੇ ਮੌਜੂਦਾ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ, ਸ੍ਰੀ ਕੰਵਲਜੀਤ ਖੰਨਾ ਜਨਰਲ ਸਕੱਤਰ ਇਨਕਲਾਬੀ ਕੇਂਦਰ ਪੰਜਾਬ , ਸ੍ਰੀ ਬਿੱਕਰ ਸਿੰਘ ਐਸੀ ਕੰਮੇਆਣਾ ਅਤੇ ਹੋਰ ਬਹੁਤ ਸਾਰੇ ਨੇਤਾਵਾਂ ਦਾ ਵਿਦਿਆਰਥੀ ਸੰਗਰਸ਼ ਦੀ ਦਾਸਤਾਨ ਨਾਲ ਸਬੰਧ ਰਿਹਾ ਹੈ ।

ਵਿਦਿਆਰਥੀਆਂ ਦੇ ਸੰਗਰਸ਼ ਨੂੰ ਵੇਖਦਿਆਂ ਅਖੀਰ ਸ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਦੇ ਸਮੇਂ ਪੰਜਾਬ ਸਰਕਾਰ ਨੇ ਸਿਨੇਮੇ ਨੂੰ ਕਬਜੇ ਵਿੱਚ ਲੈਣ ਲਈ ਕਾਰਵਾਈ ਅਰੰਭ ਦਿੱਤੀ। ਮਾਰਚ 1986 ਵਿੱਚ ਰੀਗਲ ਸਿਨੇਮਾ ਮਾਲਕਾਂ ਨੂੰ ਸਿਨੇਮੇ ਦੀ ਜਾਇਦਾਦ ਮੁੱਲ ਅਦਾ ਕਰਕੇ ਇਸ ਦੀ ਰਜਿਸਟਰੀ ਲੋਕ ਸੰਪਰਕ ਵਿਭਾਗ ਪੰਜਾਬ ਦੇ ਨਾਮ ਹੋ ਗਈ। ਲੋਕ ਸੰਪਰਕ ਦਾ ਦਫ਼ਤਰ ਇਸ ਰੀਗਲ ਸਿਨੇਮੇ ਦੀ ਇਮਾਰਤ ਵਿੱਚ ਤਬਦੀਲ ਕਰ ਦਿੱਤਾ। ਵਿੱਦਿਆਰਥੀਆ ਨਾਲ ਹੋਏ ਸਮਝੌਤੇ ਅਨੁਸਾਰ ਇਸ ਦਾ ਨਾਮ "ਯਾਦਗਾਰੀ ਲਾਇਬਰੇਰੀ "ਰੱਖ ਦਿੱਤਾ ਗਿਆ ਅਤੇ ਸੂਚਨਾ ਕੇਂਦਰ ਅਰੰਭ ਕਰ ਦਿੱਤਾ। ਸਿਨੇਮੇ ਦੇ ਹਾਲ ਨੂੰ ਪ੍ਰੋਗਰਾਮਾਂ ਲਈ ਵਰਤਣਾ ਸੁਰੂ ਕਰ ਦਿੱਤਾ। ਇਸ ਦਾ ਪ੍ਰਬੰਧ ਚਲਾਉਣ ਲਈ ਉਸ ਵੇਲੇ ਉਪ ਮੰਡਲ ਮੈਜਿਸਟਰੇਟ ਮੋਗਾ ਦੀ ਪ੍ਰਧਾਨਗੀ ਹੇਠ ਕਮੇਟੀ ਬਣਾ ਦਿੱਤੀ ਗਈ ਸੀ, ਜਿਸ ਵਿਚ ਵਿੱਦਿਆਰਥੀਆ ਦੇ ਨੁਮਾਇੰਦੇ ਆਮ ਆਦਮੀ ਪਾਰਟੀ ਦੇ ਮੌਜੂਦਾ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ, ਸ੍ਰੀ ਕੰਵਲਜੀਤ ਖੰਨਾ ਜਨਰਲ ਸਕੱਤਰ ਇਨਕਲਾਬੀ ਕੇਂਦਰ ਪੰਜਾਬ ਵੀ ਸਾਮਲ ਸਨ। ਇੱਕ ਵਾਰ ਪੰਜਾਬ ਸਰਕਾਰ ਨੇ ਰੀਗਲ ਸਿਨੇਮੇ ਦੀ ਇਮਾਰਤ ਨਗਰ ਕੌਂਸਲ/ਨਿਗਮ ਮੋਗਾ ਨੂੰ ਤਬਦੀਲ ਕਰਨ ਦਾ ਵੀ ਫ਼ੈਸਲਾ ਕਰ ਲਿਆ ਸੀ ਜੋ ਲਾਗੂ ਨਾ ਹੋ ਸਕਿਆ।

1995 ਵਿੱਚ ਮੋਗਾ ਵੱਖਰਾ ਜ਼ਿਲ੍ਹਾ ਬਣ ਗਿਆ। ਮੋਗਾ ਵਿਖੇ ਨਵਾਂ ਸਕੱਤਰੇਤ ਬਣ ਗਿਆ, ਲੋਕ ਸੰਪਰਕ ਦਾ ਦਫ਼ਤਰ ਇਥੋ ਤਬਦੀਲ ਹੋ ਗਿਆ। ਵਿੱਦਿਆਰਥੀ ਹਰ ਸਾਲ 5 ਅਕਤੂਬਰ ਨੂੰ ਸ਼ਹੀਦ ਵਿੱਦਿਆਰਥੀਆ ਨੂੰ ਸਰਧਾਜਲੀ ਭੇਟ ਕਰਨ ਲਈ ਆਉਂਦੇ ਹਨ । ਅਫਸੋਸ ਇਸ ਗਲ ਦਾ ਹੈ ਕਿ 50 ਸਾਲ ਬੀਤ ਜਾਣ ਤੇ ਵੀ ਇਸ ਇਮ-ਾਰਤ ਵੱਲ ਪੰਜਾਬ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ , ਜਿਸ ਕਰਕੇ ਇਮਾਰਤ ਖੰਡਰ ਬਣ ਗਈ। ਇੱਥੇ ਘਾਹ ਫੂਸ,ਬੂਟੇ, ਦਰੱਖਤ ਉਘੇ ਹੋਏ ਹਨ ਅਤੇ ਸਾਫ ਸਫਾਈ ਦਾ ਮੰਦਾ ਹਾਲ ਹੈ। ਇਮਾਰਤ ਬੇ ਆਬਾਦ ਪਈ ਹੈ। ਚੰਗਾ ਹੋਵੇਗਾ ਜੇ ਪੰਜਾਬ ਸਰਕਾਰ ਇਸ ਵੱਲ ਧਿਆਨ ਦੇ ਕੇ ਇੱਥੇ ਆਧੁਨਿਕ ਸਹੂਲਤਾਂ ਵਾਲਾ ਆਡੀਟੋਰੀਅਮ, ਕਮਿਊਨਿਟੀ ਸੈਂਟਰ ਬਣਾਵੇ। ਸਾਹਿਤਕ ਪ੍ਰੇਮੀਆ ਦੀ ਮੰਗ ਹੈ ਕਿ ਇਥੇ ਲਾਇਬ੍ਰੇਰੀ ਵੀ ਖੋਲ੍ਹ ਦਿੱਤੀ ਜਾਵੇ ਜਿਸ ਦੀ ਸ਼ਹਿਰ ਵਿਚ ਘਾਟ ਹੈ। ਪ੍ਰਸ਼ਾਸਨ ਨੂੰ ਸ਼ਹਿਰ ਦੇ ਅੰਦਰ ਸਮਾਗਮ ਕਰਨ ਲਈ ਵਧੀਆ ਥਾਂ ਅਤੇ ਨੌਜਵਾਨ ਕਲਾਕਾਰਾਂ ਨੂੰ ਕਲਾ ਦਾ ਪ੍ਰਦਰਸ਼ਨ ਕਰਨ ਲਈ ਸਹੂਲਤ ਪ੍ਰਦਾਨ ਕੀਤੇ ਜਾਣ ਦੀ ਲੋੜ ਹੈ । ਪੰਜਾਬ ਸਰਕਾਰ ਨੂੰ ਖੁਦ ਇਸ ਨੂੰ ਵਰਤੋਂ ਵਿੱਚ ਲਿਆਉਣਾ ਚਾਹੀਦਾ । ਇਸ ਦੀ ਸਾਂਭ-ਸੰਭਾਲ ਕਰਨ ਲਈ ਜਿਲ੍ਹਾ ਪੱਧਰ ਤੇ ਕਮੇਟੀ ਗੱਠਿਤ ਕਰਕੇ, ਐਨ ਆਰ ਆਈਜ਼, ਸਾਰੀਆ ਐਨ ਜੀ ਓਜ, ਸਾਹਿ-ਤਕ ਪ੍ਰੇਮੀਆ ਅਤੇ ਵਿੱਦਿਆਰਥੀਆ ਨੂੰ ਨੁੰਮਾਇਦਗੀ ਦਿੱਤੀ ਜਾ ਸਕਦੀ ਹੈ। ਰੀਗਲ ਸਿਨੇਮੇ ਦੀ ਕਰੋੜਾ ਰੁਪਏ ਦੀ ਜਾਇਦਾਦ ਉਪਰ ਭੂਮੀ ਮਾਫ਼ੀਏ ਨੇ ਹੁਣ ਤਕ ਕਬਜਾ ਕਰ ਲੈਣਾ ਸੀ ਜੇ ਇਹ ਪੰਜਾਬ ਸਰਕਾਰ ਦੇ ਨਾਮ ਅਤੇ ਰੇਲਵੇ ਰੋਡ ਉਪਰ ਨਾ ਹੁੰਦੀ। ਪੰਜਾਬ ਸਰਕਾਰ ਤੁਰੰਤ ਇਸ ਵਲ ਧਿਆਨ ਦੇਵੇ ।

ਰੀਗਲ ਸਿਨਮਾ ਗੋਲੀ ਕਾਂਡ ਦੀ 50ਵੀਂ ਵਰ੍ਹੇਗੰਢ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ 7 ਅਕਤੂਬਰ (5 ਅਕਤੂਬਰ ਨੂੰ ਦੁਸਿਹਰਾ) ਨੂੰ ਮਨਾਈ ਜਾ ਰਹੀ ਹੈ, ਜਿਸ ਵਿਚ ਵਿਦਿਆਰਥੀ, ਨੌਜਵਾਨ, ਕਿਸਾਨ , ਔਰਤਾਂ ਸ਼ਮੂਲੀਅਤ ਕਰ ਰਹੇ ਹਨ ।

## ਮੋਗਾ ਗੋਲੀ ਕਾਂਡ (5 ਤੇ 7 ਅਕਤੂਬਰ 1972) ਦਾ ਪਿਛੋਕੜ ਇੱਥੋਂ ਦੇ ਰੀਗਲ ਸਿਨੇਮਾ ਜੋ ਹੁਣ ਸ਼ਹੀਦੀ ਯਾਦਗਾਰ

ਮੋਗਾ ਗੋਲੀ ਕਾਂਡ { 5 ਤੇ 7 ਅਕਤੂਬਰ 1972 } ਦਾ ਪਿਛੋਕੜ ਇੱਥੋਂ ਦੇ ਰੀਗਲ ਸਿਨੇਮੇ ਜੋ ਹੁਣ ਸ਼ਹੀਦੀ ਯਾਦਗਾਰ ਹੈ, ਵਿੱਚ ਟਿਕਟਾਂ ਦੀ ਬਲੈਕ ਕੀਤੇ ਜਾਣ ਦੇ ਮੁੱਦੇ ਤੋਂ ਸੁਰੂ ਹੋਇਆ ਸੀ ਵਿਦਿਆਰਥੀਆਂ ਨੂੰ ਫ਼ਲਿਮਾਂ ਵੇਖਣ ਵਾਸਤੇ ਟਿਕਟਾਂ ਵਿੱਚ ਰਿਆਇਤ ਹੋਵੇ। ਟਿਕਟਾਂ ਲੈਣ ਵਾਸਤੇ ਵਿਦਿਆਰਥੀਆਂ ਲਈ ਵੱਖਰੀ ਟਿਕਟ-ਖਿੜਕੀ ਬਣੇ; ਸਿਨੇਮੇ ਦੀਆਂ ਟਿਕਟਾਂ ਦੀ ਬਲੈਕ ਰੋਕੀ ਜਾਵੇ। ਅਚਾਨਕ ਇੱਕ ਘਟਨਾ ਘਟੀ ਹਰਜੀਤ ਸਿੰਘ ਅਤੇ ਸਵਰਨ ਸਿੰਘ ਵਾਲਾ ਅੰਤਾਂ ਦਾ ਕਾਫ਼ਲਾ ਕਿਵੇਂ ਨਾ ਕਿਵੇਂ ਡੀ.ਸੀ. ਚੀਮੇ ਅਤੇ ਐਸ.ਪੀ.ਫ਼ਰੀਦਕੋਟ ਕੋਲ ਪਹੁੰਚ ਗਿਆ। ਉਸਨੇ ਹਰਜੀਤ ਅਤੇ ਹੋਰ ਸੰਗਰਾਮੀਆਂ ਪ੍ਰਤੀ ਅਜਿਹੇ ਗਲਤ ਸ਼ਬਦ ਕਹੇ ਜੋ ਅਣਖੀਲੇ ਪੰਜਾਬੀ ਬਰਦਾਸ਼ਤ ਨਹੀਂ ਕਰ ਸਕਦੇ। ਹਰਜੀਤ ਦਾ ਨੌਜਵਾਨ ਖ਼ੂਨ ਉਬਾਲਾ ਖਾ ਗਿਆ ਅਤੇ ਉਸ ਨੇ ਪੂਰੇ ਜ਼ੋਰ ਨਾਲ ਡਾਂਗ ਡੀ.ਸੀ. ਚੀਮੇ ਦੇ ਮੌਰਾਂ ਵਿੱਚ ਮਾਰੀ। ਉਸਨੇ ਲੜਖੜਾ ਕੇ ਡਿੱਗਦਿਆਂ-ਡਿੱਗਦਿਆਂ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਡੀ.ਸੀ.ਅਤੇ ਐਸ.ਪੀ. ਦੀ ਰੱਖਿਆ ਪੰਕਤੀ 'ਚੋਂ ਇੱਕ ਨੇ ਸਿੱਧੀ ਗੋਲੀ ਹਰਜੀਤ ਦੇ ਮਾਰੀ ਤੇ ਦੂਜੇ ਨੇ ਸਵਰਨ ਦੇ। ਪਲਾਂ-ਛਿਣਾਂ ਵਿੱਚ ਹੀ ਇਹ ਸੰਗਰਾਮੀ ਸਾਥੀ ਸ਼ਹੀਦ ਹੋ ਗਏ ਅਤੇ ਗੋਲੀ ਇੰਜ ਚੱਲਣ ਲੱਗੀ ਜਿਵੇਂ ਮੀਂਹ ਵਰ੍ਹਦਾ ਹੈ। ਬਹੁਤ ਸਾਰੇ ਜੁਝਾਰੂ ਅਤੇ ਕਈ ਆਮ ਸ਼ਹਿਰੀ ਵੀ ਜ਼ਖ਼ਮੀ ਹੋ ਗਏ। ਗੰਭੀਰ ਜ਼ਖ਼ਮੀਆਂ ਨੂੰ ਪੱਲੇਦਾਰਾਂ ਦੀਆਂ ਰੇਹੜੀਆਂ 'ਤੇ ਲੱਦ-ਲੱਦ ਕੇ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ। ਹਸਪਤਾਲ ਜ਼ਖ਼ਮੀਆਂ ਨਾਲ ਭਰ ਗਿਆ।

## 7 ਅਕਤੂਬਰ ਨੂੰ ਮਨਾਈ ਜਾਵੇਗੀ 50ਵੀਂ ਵਰ੍ਹੇਗੰਢ

ਮੋਗਾ : ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਨੇ 7 ਅਕਤੂਬਰ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮਨਾਈ ਜਾ ਰਹੀ 50ਵੀਂ ਵਰ੍ਹੇਗੰਢ 'ਤੇ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿਚੋਂ ਵੱਡੀ ਗਿਣਤੀ ਵਿਚ ਕਿਸਾਨ, ਨੌਜਵਾਨ, ਔਰਤਾਂ ਨਾਲ ਸ਼ਮੂਲੀਅਤ ਕਰੇਗੀ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।

ਆਗੂਆ ਨੇ ਦੱਸਿਆ ਕਿ 5 ਤੇ 7 ਅਕਤੂਬਰ 1972 ਨੂੰ ਮੁਜ਼ਾਹਰਾ ਕਰ ਰਹੇ ਵਿਦਿਆਰਥੀਆ 'ਤੇ ਪੁਲਿਸ ਅਤੇ ਸਿਨੇਮੇ ਦੇ ਮਾਲਕਾਂ ਵੱਲੋਂ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ, ਜਿਸ ਵਿਚ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ਵਿਚੋਂ ਕੁੱਝ ਸਾਥੀ ਸ਼ਹੀਦ ਹੋ ਗਏ ਸਨ। ਜਿਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ 50ਵੀਂ ਵਰ੍ਹੇਗੰਢ ਰੀਗਲ ਸਿਨੇਮਾ ਵਿਚ ਮਨਾਈ ਜਾ ਰਹੀ ਹੈ। ਰੀਗਲ ਸਿਨੇਮਾ ਦੇ ਗੋਲੀਕਾਂਡ ਦੀ ਯਾਦਗਾਰ ਨੂੰ ਵਿਰਾਸਤੀ ਦਰਜਾ ਦੇਣਾ, ਨਵੀਨੀਕਰਨ ਕਰਨਾ, ਸਿੱਖਿਆ ਨੀਤੀ ਰੱਦ ਕਰਨ, ਪਾਣੀ, ਬਿਜਲੀ, ਹਾਈਡਰੋ ਪ੍ਰਰਾਜੈਕਟਾਂ ਤੇ ਪੰਜਾਬ ਦਾ ਅਧਿਕਾਰ ਬਹਾਲ ਹੋਵੇ, ਜੇਲ੍ਹਾਂ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੁੱਧੀਜੀਵੀਆਂ, ਸਿੱਖ ਕੈਦੀਆਂ, ਸਿਆਸੀ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ, ਕੇਂਦਰ ਸਰਕਾਰ ਸੂਬਿਆ ਦੇ ਹੱਕਾਂ ਤੇ ਡਾਕੇ ਮਾਰਨੇ ਬੰਦ ਕਰੇ ਆਦਿ ਮੰਗਾਂ ਰੱਖੀਆਂ ਗਈਆਂ ਹਨ। 7 ਅਕਤੂਬਰ ਸ਼ੁੱਕਰਵਾਰ ਨੂੰ ਰੀਗਲ ਸਿਨੇਮਾ ਵਿਚ ਮਨਾਈ ਜਾ ਰਹੀ 50ਵੀਂ ਵਰ੍ਹੇਗੰਢ ਮੌਕੇ ਸ਼ਹੀਦ ਹੋਏ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਵੱਧ ਤੋਂ ਵੱਧ ਕਿਸਾਨ, ਨੌਜਵਾਨ, ਮਜ਼ਦੂਰ, ਦੁਕਾਨਦਾਰ, ਔਰਤਾਂ ਹਰੇਕ ਵਰਗ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ। ਰੀਗਲ ਸਿਨੇਮਾ ਦੀ 50ਵੀਂ ਵਰ੍ਹੇਗੰਢ ਵਿੱਚ ਨੌਜਵਾਨ ਭਾਰਤ ਸਭਾ, ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ ਆਪਣਾ ਵਿਸ਼ੇਸ਼ ਤੇ ਸਾਂਝੇ ਤੌਰ ਤੇ ਸਹਿਯੋਗ ਕਰਨਗੀਆਂ।

# ਹਿੰਮਤ ਖੁਰਮੀ ਦਾ ਬਾਲ ਗੀਤ 'ਮੇਰੀ ਮਾਂ ਬੋਲੀ' ਧੂਮ-ਧੜੱਕੇ ਨਾਲ ਲੋਕ ਅਰਪਣ

*** ਪੈਂਤੀ ਅੱਖਰੀ 'ਤੇ ਆਧਾਰਿਤ ਗੀਤ ਨੂੰ ਹਾਜ਼ਰੀਨ ਨੇ ਖੂਬ ਸਰਾਹਿਆ *ਸੈਂਕੜਿਆਂ ਦੀ ਤਾਦਾਦ 'ਚ ਪਹੁੰਚੇ ਪੰਜਾਬੀਆਂ ਨੇ ਦਿੱਤਾ ਆਸ਼ੀਰਵਾਦ**



ਗਲਾਸਗੋ, 04 ਅਕਤੂਬਰ (ਪੋਸਟ ਬਿਊਰੋ)- ਯੂਕੇ ਦਾ ਜੰਮਪਲ ਬੱਚਾ ਹਿੰਮਤ ਖੁਰਮੀ ਵਿਸ਼ਵ ਭਰ ਵਿੱਚ ਵਿਦੇਸ਼ਾਂ 'ਚ ਜੰਮੇ ਬੱਚਿਆਂ 'ਚੋਂ ਪਲੇਠਾ ਅਜਿਹਾ ਬੱਚਾ ਹੋ ਨਿੱਬੜਿਆ ਹੈ, ਜਿਸਨੇ ਪੈਂਤੀ ਅੱਖਰੀ 'ਤੇ ਆਧਾਰਿਤ ਗੀਤ ਗਾ ਕੇ ਮਾਂ ਬੋਲੀ ਦੇ ਚਰਨ ਛੂਹੇ ਹੋਣ। ਪੰਜ ਦਰਿਆ ਯੂਕੇ ਦੇ ਉੱਦਮ ਨਾਲ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿਖੇ ਹਿੰਮਤ ਖੁਰਮੀ ਦੇ ਗੀਤ 'ਮੇਰੀ ਮਾਂ ਬੋਲੀ' ਨੂੰ ਲੋਕ ਅਰਪਣ ਕਰਨ ਹਿਤ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਕਾਟਲੈਂਡ ਦੀਆਂ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਹਸਤੀਆਂ ਨੇ ਸ਼ਿਰਕਤ ਕਰਕੇ ਅਸ਼ੀਰਵਾਦ ਦਿੱਤਾ। ਗੀਤਕਾਰ ਪ੍ਰੀਤ ਭਾਗੀਕੇ ਦੁਆਰਾ ਲਿਖੇ ਇਸ ਗੀਤ ਨੂੰ ਸੰਗੀਤਕ ਧੁਨਾਂ 'ਚ ਜੱਸੀ ਗੁਰਸ਼ੇਰ ਅਤੇ ਨਿੰਮਾ ਵਿਰਕ ਨੇ ਪ੍ਰੋਇਆ ਹੈ। ਗਾਇਕ ਬੱਲੀ ਬਲਜੀਤ ਵੱਲੋਂ ਬੋਲੇ ਸ਼ੁਰੂਆਤੀ ਬੋਲ ਗੀਤ ਨੂੰ ਖੂਬਸੂਰਤੀ ਬਖਸ਼ਦੇ ਹਨ। ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿੱਚ ਹੋਏ ਇਸ ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਮੰਚ ਸੰਚਾਲਕ ਤੇ ਪੇਸ਼ਕਾਰ ਕਰਮਜੀਤ ਮੀਨੀਆਂ ਦੇ ਬੋਲਾਂ ਨਾਲ ਹੋਈ। ਇਸ ਉਪਰੰਤ ਪੰਜ ਦਰਿਆ ਦੇ ਮੁੱਖ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ ਨੇ ਹਿੰਮਤ ਖੁਰਮੀ ਦੇ ਗੀਤ 'ਮੇਰੀ ਮਾਂ ਬੋਲੀ' ਪਿਛਲੀ ਘਾਲਣਾ ਦਾ ਜ਼ਿਕਰ ਕੀਤਾ। ਗੀਤ ਨੂੰ ਲੋਕ ਅਰਪਣ ਕਰਨ ਦੀ ਰਸਮ ਛੋਟੇ ਬੱਚਿਆਂ ਨੇ ਆਪਣੇ ਹੱਥੀਂ ਅਦਾ ਕੀਤੀ। ਹਿੰਮਤ ਖੁਰਮੀ ਵੱਲੋਂ ਮੰਚ ਤੋਂ ਪੇਸ਼ਕਾਰੀ ਕਰਕੇ ਖੂਬ ਤਾੜੀਆਂ ਤੇ ਵਾਹ ਵਾਹ ਖੱਟੀ ਗਈ। ਇਸ ਉਪਰੰਤ ਸਕਾਟਲੈਂਡ ਦੇ ਕੁਦਰਤੀ ਸੁਹੱਪਣ ਨੂੰ ਰੂਪਮਾਨ ਕਰਦੀ ਇਸ ਗੀਤ ਦੀ ਵੀਡੀਓ ਵੀ ਹਾਜ਼ਰੀਨ ਨੂੰ ਦਿਖਾਈ ਗਈ। ਇਸ ਤਰਾਂ ਤਾੜੀਆਂ ਦੀ ਗੜਗੜਾਹਟ ਵਿੱਚ ਮੇਰੀ ਮਾਂ ਬੋਲੀ ਸਮੁੱਚੇ ਵਿਸ਼ਵ ਦੀ ਝੋਲੀ ਪਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਰਵ ਸ੍ਰੀ ਸੁਰਜੀਤ ਸਿੰਘ ਚੌਧਰੀ (ਐੱਮ ਬੀ ਈ) ਨੇ ਕੀਤੀ। ਉਹਨਾਂ ਇਸ ਗੀਤ ਨਾਲ ਜੁੜੇ ਹਰ ਸਖਸ਼ ਨੂੰ ਹਾਰਦਿਕ ਵਧਾਈ ਪੇਸ਼ ਕੀਤੀ। ਹਿੰਦੂ ਮੰਦਰ ਗਲਾਸਗੋ ਵੱਲੋਂ ਅਚਾਰੀਆ ਮੇਧਨੀਪਤੀ ਮਿਸ਼ਰ ਵੱਲੋਂ ਵੀ ਸ਼ੁਭਕਾਮਨਾਵਾਂ ਭੇਂਟ ਕਰਦਿਆਂ ਹਿੰਮਤ ਖੁਰਮੀ ਨੂੰ ਸਨਮਾਨਿਤ ਕੀਤਾ ਗਿਆ। ਸ਼ਾਇਰ ਲਾਭ ਗਿੱਲ ਦੋਦਾ, ਸਿੱਖ ਕੌਂਸਲ ਆਫ ਸਕਾਟਲੈਂਡ ਦੇ ਸੇਵਾਦਾਰ ਗੁਰਦੀਪ ਸਿੰਘ ਸਮਰਾ, ਬਾਬਾ ਬੁੱਢਾ ਦਲ ਗਲਾਸਗੋ ਦੇ ਮੁੱਖ ਸੇਵਾਦਾਰ ਹਰਜੀਤ ਸਿੰਘ ਖਹਿਰਾ, ਜਗਦੀਸ਼ ਸਿੰਘ, ਬਖਸ਼ੀਸ਼ ਸਿੰਘ ਦੀਹਰੇ, ਸੋਹਣ ਸਿੰਘ ਰੰਧਾਵਾ, ਸਰਦਾਰਾ ਸਿੰਘ ਜੰਡੂ, ਬਲਵੀਰ ਸਿੰਘ ਫਰਵਾਹਾ, ਗੁਰੂ ਨਾਨਕ ਸਿੱਖ ਗੁਰ-ਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭੁਪਿੰਦਰ ਸਿੰਘ ਬਰਮੀ ਤੇ ਕੀਰਤ ਖੁਰਮੀ ਵੱਲੋਂ ਸੰਬੋਧਨ ਦੌਰਾਨ ਇਸ ਗੀਤ ਦੀ ਆਮਦ 'ਤੇ ਖੁਸ਼ੀ ਪ੍ਰਗਟਾਈ। ਲਗਭਗ 2 ਘੰਟੇ ਨਿਰੰਤਰ ਚੱਲੇ ਇਸ ਸਮਾਗਮ ਦੀ ਖ਼ਾਸੀਅਤ ਇਹ ਸੀ ਕਿ ਰੁਝੇਵਿਆਂ ਭਰਿਆ ਦਿਨ ਹੋਣ ਦੇ ਬਾਵਜੂਦ ਵੀ ਲਾਸਾਨੀ ਇਕੱਠ ਦੌਰਾਨ ਇਹ ਗੀਤ ਲੋਕ ਅਰਪਣ ਹੋਇਆ। ਅਖੀਰ ਵਿੱਚ ਪੰਜਾਬੀ ਇਬਾਰਤ 'ਮੇਰੀ ਮਾਂ ਬੋਲੀ' ਲਿਖਿਆ ਵਿਸ਼ੇਸ਼ ਕੇਕ ਕੱਟ ਕੇ ਸਮਾਗਮ ਨੂੰ ਸਮੇਟਿਆ ਗਿਆ।



# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਸੱਯਦ ਵਾਰਿਸ ਸ਼ਾਹ ਦੀ ਮਨਾਈ 300ਵੀਂ ਜਨਮ ਵਰ੍ਹੇਗੰਢ ਮਨਾਈ ਗਈ


*** ਡਾ. ਸੁਰਜੀਤ ਪਾਤਰ ਸੁਖਨ ਦੇ ਵਾਰਿਸ ਸੱਯਦ ਵਾਰਿਸ ਸ਼ਾਹ ਸਨਮਾਨ ਨਾਲ ਸਨਮਾਨਿਤ * ਡਾ. ਲਖਵਿੰਦਰ ਸਿੰਘ ਜੋਹਲ, ਜਤਿੰਦਰ ਸਿੰਘ ਬਰਾੜ ਤੇ ਡਾ. ਸੁਮੇਲ ਸਿੰਘ ਸਿੱਧੂ ਦਾ ਵੀ ਕੀਤਾ ਗਿਆ ਸਨਮਾਨ**

ਅੰਮ੍ਰਿਤਸਰ, 04 ਅਕਤੂਬਰ (ਪੋਸਟ ਬਿਊਰੋ) - ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਸੁਖਨ ਦੇ ਵਾਰਿਸ ਸੱਯਦ ਵਾਰਿਸ ਸ਼ਾਹ ਨੂੰ ਉਹਨਾਂ ਦੀ 300ਵੀਂ ਜਨਮ ਵਰ੍ਹੇਗੰਢ ਨੂੰ ਕੁੱਝ ਇਸ ਤਰ੍ਹਾਂ ਯਾਦ ਕੀਤਾ ਗਿਆ ਕਿ ਆਉਣ ਵਾਲੇ ਲੰਮੇਂ ਸਮੇਂ ਤੱਕ ਇਸ ਸਮਾਗਮ ਨੂੰ ਇਸ ਕਰਕੇ ਯਾਦ ਕੀਤਾ ਜਾਂਦਾ ਰਹੇਗਾ ਕਿ ਇਸ ਮੌਕੇ ਡਾ. ਸੁਮੇਲ ਸਿੰਘ ਸਿੱਧੂ ਨੇ ਕੁੱਝ ਅਜਿਹੀਆਂ ਚਰਚਾਵਾਂ ਨੂੰ ਜਨਮ ਦਿੱਤਾ ਹੈ ਕਿ ਜਿੰਨ੍ਹਾਂ ਤੇ ਅਕਾਦਮਿਕ ਖੇਤਰਾਂ ਵਿਚ ਚਰਚਾ ਹੁੰਦੀ ਰਹੇਗੀ । ਵਾਰਿਸ ਸ਼ਾਹ ਦੀ ਹੀਰ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮੁੱਕਦਸ ਦੱਸਦਿਆਂ ਕਿ ਹੈ ਕਿ ਹੀਰ ਵਾਰਿਸ ਦੀ ਸਾਨੂੰ ਉਸ ਜਿੰਦਗੀ ਵੱਲ ਲੈ ਕੇ ਜਾਂਦੀ ਹੈ । ਜੋ ਪੰਜਾਬੀਆਂ ਦੀ ਅਸਲ ਜਿੰਦਗੀ ਹੈ ।ਨੇਹੁ ਅਤੇ ਸੁਰਤ ਦੀ ਸਾਂਝ ਵਿਚ ਆਏ ਵਿਗਾੜ ਦੇ ਵੱਖ-ਵੱਖ ਇਤਿਹਾਸਕ ਪੜਾਵਾਂ ਨੂੰ ਆਪਣੇ ਭਾਸ਼ਣ ਵਿਚ ਬਨਦਿਆਂ ਉਹਨਾਂ ਨੇ ਵਿਦਿਆਰਥੀਆਂ ਨੂੰ ਵਾਰਿਸ ਦੀ ਹੀਰ ਵੱਲ ਪਰਤਣ ਦਾ ਸੱਦਾ ਦਿੱਤਾ ਕਿ ਉਹ ਵਾਰਿਸ ਦੀਆਂ ਰਮਜਾਂ ਨੂੰ ਸਮਝਣ ਨਾ ਕਿ ਸਿਰਫ ਇਸ ਨੂੰ ਇਮਤਿਹਾਨੀ ਨਜਰੀਏ ਨਾਲ ਪੜ੍ਹਣ । ਉਹਨਾਂ ਨੇ ਕਿ ਹੀਰ ਕਦੇ ਸੰਪੂਰਣ ਨਹੀਂ ਹੋ ਸਕਦੀ ।ਇਸ ਨੂੰ ਇਕ ਵਾਰ ਨਹੀਂ ਸਗੋਂ ਹਜਾਰਾਂ ਵਾਰ ਪੜ੍ਹਣ ਦੀ ਜਰੂਰਤ ਹੈ ਤਾਂ ਹੀ ਅਸੀਂ ਹੀਰ ਅਤੇ ਰਾਂਝੇ ਵਾਲੀ ਨੇਹੁ ਅਤੇ ਸੁਰਤ ਦੀ ਅਵਸਥਾ ਨੂੰ ਸਮਝ ਸਕਦੇ ਹਾਂ । ਡਾ. ਸੁਮੇਲ ਸਿੰਘ ਸਿੱਧੂ ਨੇ ਹੀਰ ਵਾਰਿਸ ਤੋਂ ਲੈ ਕੇ ਸੁਰਜੀਤ ਪਾਤਰ ਤੱਕ ਦੀ ਸ਼ਾਇਰੀ ਦੇ ਵਰਤਮਾਨ ਹਲਾਤਾਂ ਤੱਕ ਦੀ ਇਸ ਅਵਸਥਾ ਨੂੰ ਵੱਖ-ਵੱਖ ਹਵਾਲਿਆਂ ਨਾਲ ਕਿਹਾ ਕਿ ਅੱਜ ਵਾਰਿਸ ਦੀ ਹੀਰ ਸਾਨੂੰ ਮੁੜ ਵਾਪਸ ਅਸਲ ਪੰਜਾਬ ਵੱਲ ਲੈ ਕੇ ਜਾਣਾ ਚਾਹੁੰਦੀ ਹੈ । ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪਦਮ ਸ੍ਰੀ ਡਾ. ਸੁਰਜੀਤ ਪਾਤਰ ਨੂੰ ਵਾਰਿਸ ਸ਼ਾਹ ਸਨਮਾਨ ਨਾਲ ਨਵਾਜਿਆ ਗਿਆ ।ਇਸ ਸਮੇਂ ਉਹਨਾਂ ਦੇ ਨਾਲ ਸ਼੍ਰੋਮਣੀ ਨਾਟਕਕਾਰ ਜਤਿੰਦਰ ਸਿੰਘ ਬਰਾੜ, ਡਾ. ਲਖਵਿੰਦਰ ਸਿੰਘ ਜੌਹਲ ਨੂੰ ਫੁਲਕਾਰੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਤਿਆਰ ਕਾਫੀ ਟੇਬਲ ਬੁੱਕ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਸਮੇਂ ਡਾ. ਸੁਰਜੀਤ ਪਾਤਰ ਨੇ ਪੰਜਾਬ ਦੀ ਧਰਤੀ ਨੂੰ ਦੁਨਿਆਂ ਦੀ ਸਭ ਤੋਂ ਵੱਧ ਗਾਉਣ ਵਾਲੀ ਧਰਤੀ ਦੱਸਦਿਆ ਕਿਹਾ ਕਿ ਪੰਜਾਬ ਉਸ ਫਲਸਫੇ ਦਾ ਨਾਂ ਹੈ ਜਿੱਥੇ ਸੁੱਚੀ ਸੋਚ ਦੇ ਦਰਿਆ ਵੱਗਦੇ ਹਨ । ਉਹਨਾਂ ਨੇ ਕਿਹਾ ਕਿ ਸੰਗੀਤ ਸੱਭ ਤੋਂ ਵੱਡਾ ਪ੍ਰਮਾਣ ਹੈ ਕਿ ਦੁਨਿਆ ਵਿਚ ਮਨੁੱਖ ਅੰਦਰੋ ਇੱਕ ਹੈ ਇਸ ਤੋਂ ਪਹਿਲਾਂ ਨਾਟਕਕਾਰ ਜਤਿੰਦਰ ਸਿੰਘ ਬਰਾੜ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਹੀਰ ਵਾਰਿਸ ਸ਼ਾਹ ਅੱਜ ਵੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਨੂੰ ਆਪਸ ਵਿਚ ਜੋੜ ਰਹੀ ਹੈ ।ਸੁਰ ਅਤੇ ਸ਼ਬਦਾਂ ਦੀ ਸਾਂਝ ਨੂੰ ਹੱਦਾਂ ਅਤੇ ਸਰਹੱਦਾਂ ਤੋਂ ਪਾਰ ਲੈ ਕੇ ਜਾਣ ਦੀ ਸਮਰਥਾ ਰੱਖਣ ਵਾਲੀ ਸਾਡੀ ਭਾਈਚਾਰਕ ਸਾਂਝ ਨੂੰ ਜਿੰਊਦਾ ਰਹਿਣਾ ਚਾਹਿਦਾ ਹੈ । ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਇਸ ਸਮਾਗਮ ਲਈ ਉਪਰਾਲਾ ਕਰਨ ਤੇ ਜਿੱਥੇ ਵਧਾਈਆਂ ਦਿੱਤੀਆਂ ਉੱਥੇ ਉਹਨਾਂ ਨੇ ਇਹ ਵੀ ਕਿਹਾ ਕਿ ਮਨੁੱਖ ਦੀ ਪਛਾਣ ਸੋਚ ਨਾਲ ਹੀ ਹੈ ।ਯੂਨੀਵਰਸਿਟੀ ਪੰਜਾਬ ਦੀ ਸੋਚ ਨੂੰ ਅੱਗੇ ਲੈ ਕੇ ਜਾਣ ਦਾ ਕੰਮ ਕਰ ਰਹੀ ਹੈ ਇਸ ਮੌਕੇ ਡਾ. ਲਖਵਿੰਦਰ ਜੋਹਲ ਵਲੋਂ ਵਾਰਿਸ ਸ਼ਾਹ ਦੇ ਜਨਮ ਵਰ੍ਹੇਗੰਢ ਦੀ ਤੀਜੀ ਸ਼ਤਾਬਦੀ ਤੇ ਉਲੀਕੇ ਗਏ ਪ੍ਰੋਗ੍ਰਾਮਾਂ ਤੋਂ ਜਿੱਥੇ ਜਾਣੂ ਕਰਵਾਇਆ ਉੱਥੇ ਉਹਨਾਂ ਨੇ ਇਹ ਵੀ ਕਿਹਾ ਕਿ ਹੀਰ ਵਾਰਿਸ ਸ਼ਾਹ ਦਾ ਕਿੱਸਾ ਹੀ ਨਹੀਂ ਹੈ ਸਗੋਂ ਇਹ ਇੱਕ ਅਠਾਰਵੀਂ ਸਦੀਂ ਦਾ ਉਹ ਇਤਿਹਾਸਿਕ, ਸਭਿਆਚਾਰਕ,ਧਾਰਮਿਕ, ਸਮਾਜਿਕ, ਭੂਗੋਲਿਕ ਅਤੇ ਭਾਸ਼ਾਈ ਦਸਤਾਵੇਜ ਹੈ ਜੋ ਆਉਣ ਵਾਲੀਆਂ ਕਈ ਸਦੀਆਂ ਤੱਕ ਪ੍ਰਭਾਵਿਤ ਕਰਦਾ ਰਹੇਗਾ ।ਉਹਨਾਂ ਕਿਹਾ ਕਿ ਅੱਜ ਵੀ ਜਿਸ ਤਰ੍ਹਾਂ ਦੇ ਮਾਨਵਵਾਦੀ ਸਮਾਜ ਸਿਰਜਣ ਦੀ ਲੋੜ ਤੇ ਜੋਰ ਦਿੱਤਾ ਜਾ ਰਿਹਾ ਹੈ ਦੇ ਲਈ ਸੁੱਚਜੀ ਅਗਵਾਈ ਦੇਣ ਦੇ ਸਮੱਰਥ ਹੈ ।ਉਹਨਾਂ ਨੇ ਕਿਹਾ ਕਿ ਅੱਜ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕੀਤੀ ਗਈ ਪਹਿਲ ਇਸ ਕਾਰਜ ਨੂੰ ਅੱਗੇ ਲੈ ਕੇ ਜਾਣ ਵਿਚ ਇਤਿਹਾਸਿਕ ਰੋਲ ਅਦਾ ਕਰੇਗੀ ।ਸੁਖਨ ਦੇ ਵਾਰਿਸ ਸੱਯਦ ਵਾਰਿਸ ਸ਼ਾਹ ਦੀ 300ਵੀਂ ਜਨਮ ਵਰ੍ਹੇਗੰਢ ਦੇ ਸਮਾਗਮ ਦਾ ਆਗਾਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੀ ਵਿਦਿਆਰਥਣ ਨੇ ਵਾਰਿਸ ਸ਼ਾਹ ਦੇ ਕਲਾਮ ਨੂੰ ਗਾ ਕੇ ਕੀਤਾ ।ਦੇਰ ਸ਼ਾਮ ਤੱਕ ਵੱਖ-ਵੱਖ ਕਾਲਜਾਂ ਦੀਆਂ ਟੀਮਾਂ ਵੱਲੋਂ ਵਾਰਿਸ ਸ਼ਾਹ ਦੀ ਹੀਰ ਦੇ ਸੌ ਤੋਂ ਵੱਧ ਬੰਦਾਂ ਨੂੰ ਗਾ ਕੇ ਪੇਸ਼ ਕੀਤਾ ਗਿਆ ।ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਜਸਪਾਲ ਸਿੰਘ ਸੰਧੂ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਉੱਥੇ ਡੀਨ ਅਕਾਦਮਿਕ ਮਾਮਲੇ ਸਰਬ-ਜੋਤ ਸਿੰਘ ਬਹਿਲ, ਡੀਨ ਵਿਦਿਆਰਥੀ ਭਲਾਈ ਅਨੀਸ਼ ਦੁਆ ਨੇ ਮਹਿਮਾਨਾਂ ਨੂੰ ਫੁੱਲਾਂ ਦੇ ਗੁਲਦੱਸਤੇ ਦੇ ਕੇ ਸਵਾਗਤ ਕੀਤਾ ।ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਦਸ਼ਮੇਸ਼ ਆਡੀਟੋਰੀਅਮ ਜੋ ਗਿੱਧੇ ਅਤੇ ਭੰਗੜੇ ਤੇ ਨੱਚ ਉੱਠਦਾ ਹੈ ਅੱਜ ਹੀਰ ਵਾਰਿਸ ਦੀ ਗੱਲ ਸੁਣਨ ਲਈ ਸੁੰਨ ਵੀ ਹੋ ਸਕਦਾ ਹੈ ਦਾ ਪ੍ਰਣਾਮ ਦਿੱਤਾ ।





## ਵਤਨੋਂ ਪਾਰ



ਇਹ ਯਾਦਾਂ ਵਤਨੋਂ ਪਾਰ ਦੀਆਂ,
ਜੋ ਸਨ ਵਿਚਾਲੇ ਮਾਰਦੀਆਂ।
ਕਿਉਂ ਲੱਗੇ ਕੰਡੇ ਤਾਰਾਂ ਨੂੰ,
ਦਿਨ ਰਾਤ ਜੋ ਦੁੱਖ ਸਹਾਰ ਦੀਆ।
ਇਹ ਯਾਦਾਂ ਵਤਨੋਂ ਪਾਰ ਦੀਆਂ,
ਜੋ ਸਨ ਵਿਚਾਲੇ .........
ਹਰ ਦਮ ਇੱਕਠੇ ਰਹਿੰਦੇ ਸੀ,
ਇੱਕੋ ਨੂਰ ਪਏ ਸੱਦਦੇਂ ਸੀ।
ਅੱਜ ਅੱਲ੍ਹਾ ਰਾਮ ਕਿਉਂ ਦੂਰ ਹੋਏ,
ਟੁੱਟੀਆ ਬਾਹਵਾਂ ਪਿਆਰ ਦੀਆਂ,
ਇਹ ਯਾਦਾਂ ਵਤਨੋਂ ਪਾਰ ਦੀਆਂ।
ਜੋ ਸਨ ਵਿਚਾਲੇ........
ਉਹ ਵੀ ਪੁੱਤ ਮਾਵਾਂ ਦੇ ਜਾਏ ਸੀ,
ਅੱਖਾਂ ਥੱਕ ਗੀਆ ਨਾ ਆਏ ਸੀ।
ਜਖ਼ਮ ਅੱਲੇ ਪੀੜਾਂ ਪੈਂਦੀਆਂ ਨੇ,
ਹਾਏ ਦਰਦਾਂ ਨੂੰ ਸਹਾਰ ਦੀਆਂ।
ਇਹ ਯਾਦਾਂ ਵਤਨੋਂ ਪਾਰ ਦੀਆਂ,
ਸਨ ਵਿਚਾਲੇ.........
ਉਹ ਸਮਾਂ ਕਦੇ ਮੁੜ ਆਵੇ ਨਾ,
ਕੋਈ ਦੂਰ ਆਪਣਿਆਂ ਤੋਂ ਜਾਵੇ ਨਾ।
ਇਹ ਵਤਨ ਸਾਡਾ ਉਹ ਉਹਨਾਂ ਦਾ,
ਡਿੱਗ ਜਾਣ ਇੱਟਾਂ ਦੀਵਾਰ ਦੀਆਂ।
ਇਹ ਯਾਦਾਂ ਵਤਨੋਂ ਪਾਰ ਦੀਆਂ,
ਜੋ ਸਨ ਵਿਚਾਲੇ..........
ਨਾ ਕਸੂਰ ਸੀ ਭੋਲ੍ਹੇ ਲੋਕਾਂ ਦਾ,
ਸੀ ਲਹੂ ਪੀਣੀਆਂ ਜੋਕਾਂ ਦਾ।
ਪੱਤੋ, ਜੋ ਅੱਜ ਵੀ ਗੱਲਾਂ ਕਰਦੀਆਂ ਨੇ,
ਵਿੱਚ ਭਰਾਵਾਂ ਖਾਰ ਦੀਆਂ।
ਇਹ ਯਾਦਾਂ ਵਤਨੋਂ ਪਾਰ ਦੀਆਂ,
ਜੋ ਸਨ ਵਿਚਾਲੇ ਮਾਰਦੀਆਂ।

*-ਹਰਪ੍ਰੀਤ ਪੱਤੋ*
*ਪਿੰਡ ਪੱਤੋ ਹੀਰਾ ਸਿੰਘ*
*ਮੋਗਾ*
*ਫੋਨ ਨੰਬਰ*
*94658-21417*

# ਲੜਾਈ ਤਾਂ ਭ੍ਰਿਸ਼ਟਾਚਾਰ ਵਿਰੁੱਧ ਚਾਹੀਦੀ ਹੈ, ਪਰ ਕੰਮ ਸੁਖਾਲਾ ਨਹੀਂ

ਜਤਿੰਦਰ ਪਨੂੰ ਦੀ ਕਲਮ ਤੋਂ

ਪ੍ਰਧਾਨ ਮੰਤਰੀ ਹੁੰਦਿਆਂ ਅਟਲ ਬਿਹਾਰੀ ਵਾਜਪਾਈ ਨੇ ਇੱਕ ਵਾਰ ਹਾਸੇ ਵਿੱਚ ਕਿਹਾ ਸੀ ਕਿ ਭਾਰਤ ਵਿੱਚ ਇਹੀ ਗੱਲ ਪਤਾ ਨਹੀਂ ਲੱਗਦੀ ਕਿ ਸੜਕ ਵਿੱਚ ਖੱਡੇ ਬਣ ਗਏ ਹਨ ਜਾਂ ਖੱਡਿਆਂ ਵਿੱਚ ਸੜਕ ਬਣਾਈ ਗਈ ਹੈ! ਅੱਜ ਏਦਾਂ ਦੀ ਗੱਲ ਪੰਜਾਬ ਬਾਰੇ ਜਾਪਦੀ ਹੈ ਕਿ ਪਤਾ ਨਹੀਂ ਪੰਜਾਬ ਵਿੱਚ ਹੱਦੋਂ ਬਾਹਰਾ ਭ੍ਰਿਸ਼ਟਾਚਾਰ ਹੈ ਜਾਂ ਭ੍ਰਿਸ਼ਟਾਚਾਰ ਵਿੱਚ ਪੰਜਾਬ ਫਸਿਆ ਪਿਆ ਹੈ! ਇੱਟ ਪੁੱਟਿਆਂ ਚੋਰ ਨਿਕਲਣ ਵਾਲਾ ਮੁਹਾਵਰਾ ਵੀ ਏਥੇ ਖੋਖਲਾ ਹੋ ਗਿਆ ਹੈ। ਭ੍ਰਿਸ਼ਟਾਚਾਰੀਏ ਇੱਟਾਂ ਓਹਲੇ ਲੁਕੇ ਨਹੀਂ, ਹਰ ਗਲੀ ਵਿੱਚ ਹਰ ਮੋੜ ਉੱਤੇ ਖੜੋਤੇ ਜਾਂ ਘੁੰਮਦੇ ਮਿਲ ਸਕਦੇ ਹਨ। ਛੇ ਮਹੀਨੇ ਗੁਜ਼ਾਰ ਚੁੱਕੀ ਅਤੇ ਬਾਕੀ ਸਾਢੇ ਚਾਰ ਸਾਲ ਸੁਖ-ਸਬੀਲੀਂ ਗੁਜ਼ਾਰਨ ਦੇ ਸੁਫਨੇ ਲੈਂਦੀ ਭਗਵੰਤ ਮਾਨ ਸਰਕਾਰ ਕਹਿੰਦੀ ਹੈ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਰਹਿਣ ਨਹੀਂ ਦੇਣਾ, ਪਰ ਇਹ ਦਾਅਵਾ ਉਹ ਸਿਰੇ ਚਾੜ੍ਹ ਸਕੇਗੀ, ਇਸ ਦਾ ਯਕੀਨ ਕਰਨਾ ਲੋਕਾਂ ਨੂੰ ਔਖਾ ਜਾਪਦਾ ਹੈ। ਭ੍ਰਿਸ਼ਟਾਚਾਰ ਸਾਡੇ ਪੰਜਾਬ ਵਿੱਚ ਆਜ਼ਾਦੀ ਮਿਲਦੇ ਸਾਰ ਸ਼ੁਰੂ ਹੋ ਗਿਆ ਸੀ, ਪਰ ਮੁੱਖ ਮੰਤਰੀ ਬੇਅੰਤ ਸਿੰਘ ਵਾਲੀ ਸਰਕਾਰ ਦੇ ਵਕਤ ਇਸ ਨੇ ਸਪੀਡ ਤੇਜ਼ ਕੀਤੀ ਤੇ ਉਸ ਤੋਂ ਬਾਅਦ ਦੀ ਹਰ ਸਰਕਾਰ ਦੇ ਦੌਰਾਨ ਇਹ ਅਗਲੇ ਤੋਂ ਅਗਲਾ ਗੇਅਰ ਬਦਲਦਾ ਇਸ ਪੱਧਰ ਤੱਕ ਪੁੱਜਿਆ ਪਿਆ ਹੈ ਕਿ ਇਸ ਦੇ ਖਤਮ ਹੋਣ ਦੀ ਗੱਲ ਕਿਧਰੇ ਰਹੀ, ਘਟਾਉਣ ਦਾ ਦਾਅਵਾ ਵੀ ਕੋਈ ਕਰੇ ਤਾਂ ਆਮ ਲੋਕ ਛੇਤੀ ਕੀਤੇ ਯਕੀਨ ਨਹੀਂ ਕਰਦੇ। ਜਿਸ ਕਿਸੇ ਵਿਭਾਗ ਅੰਦਰ ਭ੍ਰਿਸ਼ਟਾਚਾਰ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਸ਼ੁਰੂ ਹੋਣ ਲੱਗਦੀ ਹੈ, ਸ਼ੁਰੂ ਭਾਵੇਂ ਉਹ ਇੱਕ-ਦੋ ਜਣਿਆਂ ਤੋਂ ਹੁੰਦੀ ਹੈ, ਫਿਰ ਖਿਲਾਰਾ ਏਨਾ ਖਿੱਲਰ ਜਾਂਦਾ ਹੈ ਕਿ ਜੇ ਸਾਰੇ ਦੋਸ਼ੀ ਫੜੇ ਜਾਣ ਤਾਂ ਉਹ ਵਿਭਾਗ ਖਾਲੀ ਹੋਣ ਦੀ ਨੌਬਤ ਆ ਸਕਦੀ ਹੈ। ਏਦਾਂ ਦੇ ਹਾਲਾਤ ਵਿੱਚ ਕਿਸੇ ਨਾ ਕਿਸੇ ਥਾਂ ਜਾ ਕੇ ਜਾਂਚ ਕਰਤੇ ਵੀ ਇਹ ਕਹਿਣ ਲੱਗਦੇ ਹਨ ਕਿ 'ਕਿੰਨਿਆਂ ਕੁ ਨੂੰ ਫੜੀ ਜਾਵਾਂਗੇ!'

ਸਾਡੇ ਸਾਹਮਣੇ ਇੱਕ ਕਿੱਸਾ ਪੰਜਾਬ ਦੇ ਜੰਗਲਾਤ ਵਿਭਾਗ ਦਾ ਖੁੱਲ੍ਹਿਆ ਸੀ। ਕੈਪਟਨ ਅਮਰਿੰਦਰ ਸਿੰਘ ਦੇ ਵਕਤ ਦਾ ਜੰਗਲਾਤ ਮੰਤਰੀ ਫਸਿਆ, ਫਿਰ ਅਗਲੇ ਕਾਂਗਰਸੀ ਮੁੱਖ ਮੰਤਰੀ ਚਰਨਜੀਤ ਸਿੰਘ ਦੇ ਵਕਤ ਦਾ ਜੰਗਲਾਤ ਮੰਤਰੀ ਵੀ ਇਸ ਦੀ ਜਾਂਚ ਹੇਠ ਆ ਗਿਆ। ਇੱਕ ਨੂੰ ਅਗੇਤੀ ਜ਼ਮਾਨਤ ਮਿਲ ਗਈ ਤੇ ਦੂਸਰਾ ਕੁਝ ਸਮਾਂ ਜੇਲ੍ਹ ਵਿੱਚ ਕੱਟਣ ਮਗਰੋਂ ਜ਼ਮਾਨਤ ਕਰਵਾ ਕੇ ਬਾਹਰ ਆ ਗਿਆ। ਜਾਂਚ ਅਜੇ ਤੱਕ ਚੱਲੀ ਜਾਂਦੀ ਹੈ, ਜਿਸ ਵਿੱਚ ਬੀਤੇ ਦਿਨੀਂ ਪੰਜਾਬ ਦੇ ਜੰਗਲਾਤ ਵਿਭਾਗ ਦਾ ਮੰਤਰੀ ਤੇ ਇੰਚਾਰਜ ਸੈਕਟਰੀ ਤੋਂ ਬਾਅਦ ਦਾ ਸਭ ਤੋਂ ਵੱਡਾ ਅਫਸਰ ਫੜਿਆ ਗਿਆ ਹੈ। ਉਸ ਮਗਰੋਂ ਕਈ ਫਰਮਾਂ ਦੇ ਮਾਲਕ ਵੀ ਫਸਦੇ ਜਾਪਦੇ ਹਨ ਤੇ ਵਿਭਾਗ ਦੇ ਕਈ ਛੋਟੇ ਜਾਂ ਵੱਡੇ ਅਫਸਰ ਵੀ ਤੇ ਏਜੰਟਾਂ ਨੂੰ ਜੋੜ ਕੇ ਪੰਜਾਹ ਕੁ ਲੋਕ ਤਾਂ ਏਸੇ ਚੱਕਰ ਵਿੱਚ ਫਸ ਜਾਣਗੇ। ਪਰਾਲੀ ਸੰਭਾਲਣ ਵਾਸਤੇ ਕੇਂਦਰ ਸਰਕਾਰ ਤੋਂ ਮਿਲੀ ਰਕਮ ਨਾਲ ਕਿਸਾਨਾਂ ਵਾਸਤੇ ਖਰੀਦੀਆਂ ਗਈਆਂ ਮਸ਼ੀਨਾਂ ਦੇ ਕੇਸ ਵਿੱਚ ਕਈ ਜ਼ਿਲਿਆਂ ਦੇ ਅਧਿਕਾਰੀ ਵੀ ਫਸਦੇ ਸੁਣੀਂਦੇ ਹਨ, ਕਈ ਡੀਲਰ ਅਤੇ ਏਜੰਟ ਵੀ ਤੇ ਕੁਝ ਕਿਸਾਨ ਵੀ ਇਸ ਵਿੱਚ 'ਕਾਣੇ ਕੀਤੇ' ਨਿਕਲੇ ਹਨ, ਜਦ ਕਿ ਜਾਂਚ ਦੇ ਦੌਰਾਨ ਪਿਛਲੀ ਸਰਕਾਰ ਦੇ ਖੇਤੀ ਮਹਿਕਮੇ ਨੂੰ ਸੰਭਾਲਣ ਵਾਲਾ ਮੰਤਰੀ ਅਤੇ ਉਸ ਦੇ ਸਾਥੀ ਵੀ ਫਸ ਸਕਦੇ ਸਨ।

## ਵੱਡਾ ਮਾਮਲਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦਾ

ਬਹੁਤ ਵੱਡਾ ਮਾਮਲਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦਾ ਹੈ, ਜਿਸ ਵਿੱਚ ਇੱਕ ਛੋਟੇ ਜਿਹੇ ਕਾਰੋਬਾਰੀਏ ਨੂੰ ਪਹਿਲਾਂ ਲੁਧਿਆਣੇ ਵਿੱਚ ਲੇਬਰ ਦਾ ਠੇਕਾ ਦਿਵਾਇਆ ਗਿਆ, ਕਮਾਊ-ਪੁੱਤ ਸਾਬਤ ਹੋਇਆ ਤਾਂ ਸਾਰੇ ਲੁਧਿਆਣੇ ਜ਼ਿਲੇ ਦੇ ਠੇਕੇ ਓਸੇ ਕੋਲ ਚਲੇ ਗਏ ਤੇ ਫਿਰ ਪੰਜਾਬ ਭਰ ਦੇ ਠੇਕੇ ਓਸੇ ਨੂੰ ਮਿਲ ਗਏ। ਸਿਰਫ ਬਠਿੰਡਾ ਜ਼ਿਲਾ ਉਸ ਦੀ ਪਹੁੰਚ ਤੋਂ ਬਾਹਰ ਰਹਿ ਗਿਆ ਸੀ। ਉਸ ਦੇ ਕੰਮਾਂ ਦੀ ਪੜਤਾਲ ਹੋਣ ਲੱਗੀ ਤਾਂ ਪਤਾ ਲੱਗਾ ਕਿ ਮੰਡੀਆਂ ਤੋਂ ਫਸਲ ਦੀ ਚੁਕਾਈ ਵਾਸਤੇ ਜਿਹੜੇ ਟਰੱਕ ਵਰਤੇ ਦੱਸੇ ਸਨ, ਉਹ ਜਾਅਲੀ ਨਿਕਲੇਸਨ। ਬਿੱਲਾਂ ਉੱਤੇ ਲਿਖੇ ਹੋਏ ਨੰਬਰ ਮੋਟਰ ਸਾਈਕਲਾਂ ਤੇ ਸਕੂਟਰਾਂ ਦੇ ਸਨ। ਪਹਿਲਾਂ ਇਹ ਭੇਦ ਲੁਧਿਆਣੇ ਵਿੱਚ ਖੁੱਲ੍ਹਾ ਤੇ ਫਿਰ ਪੰਜਾਬ ਦੀਆਂ ਕਈ ਮੰਡੀਆਂ ਵਿੱਚੋਂ ਇਹੋ ਜਾਅਲੀ ਨੰਬਰਾਂ ਪਲੇਟਾਂ ਲੱਭਣ ਲੱਗ ਪਈਆਂ। ਵਿਜੀਲੈਂਸ ਅਧਿਕਾਰੀ ਇਸ ਘਪਲੇ ਦੀ ਬਾਕੀ ਜਾਂਚ ਦਾ ਕੰਮ ਕਰਨ ਦੀ ਥਾਂ ਜਾਅਲੀ ਨੰਬਰਾਂ ਵਾਲੇ ਟਰੱਕਾਂ ਤੇ ਉਨ੍ਹਾਂ ਦੇ ਮਾਲਕਾਂ ਦੀ ਜਾਂਚ ਕਰਨ ਦੇ ਕੰਮ ਵਿੱਚ ਰੁੱਝ ਗਏ। ਜਦੋਂ ਸਾਰੇ ਟਰੱਕਾਂ ਵਾਲੇ ਲੋਕ ਫੜੇ ਗਏ, ਜੇ ਉਹ ਸਾਰੇ ਸਚਮੁੱਚ ਫੜੇ ਗਏ ਤਾਂ ਪੰਜਾਬ ਵਿੱਚ ਇਹ ਗਿਣਤੀ ਹਜ਼ਾਰਾਂ ਤੱਕ ਪਹੁੰਚ ਸਕਦੀ ਹੈ, ਏਨੇ ਲੋਕਾਂ ਨੂੰ ਗ੍ਰਿਫਤਾਰ ਕਰਨਾ ਅਤੇ ਉਨ੍ਹਾਂ ਦੇ ਕੇਸ ਅਦਾਲਤੇ ਪੇਸ਼ ਕਰਨੇ ਹੋਰ ਔਖੇ ਹੋਣਗੇ। ਓਧਰ ਇਹ ਖਬਰ ਵੀ ਆ ਗਈ ਹੈ ਕਿ ਇਸ ਘਪਲੇ ਦੀਆਂ ਫਾਈਲਾਂ ਚੰਡੀਗੜ੍ਹ ਵਿੱਚ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਜਿਸ ਬ੍ਰਾਂਚ ਵਿੱਚ ਸਨ, ਓਥੋਂ ਉਹ ਗਾਇਬ ਕਰ ਦਿੱਤੀਆਂ ਗਈਆਂ ਹਨ। ਸਮਝ ਲਵੋ ਕਿ ਕੇਸ ਦਾ ਅੱਧਾ ਭੱਠਾ ਬੈਠ ਚੁੱਕਾ ਹੈ।

## ਕਾਰਵਾਈ ਸ਼ੁਰੂ ਹੁੰਦੀ ਹੈ ਤਾਂ ਸੌਦੇਬਾਜ਼ੀ ਵਿੱਚ ਕਮਾਈ ਦਾ ਰਾਹ

ਵਿਜੀਲੈਂਸ ਬਿਊਰੋ ਨੂੰ ਪਿਛਲੇ ਸਮੇਂ ਵਿੱਚ ਪੰਜਾਬ ਦੀਆਂ ਸਰਕਾਰਾਂ ਨੇ ਹਰ ਮਾਮਲੇ ਵਿੱਚ ਵਰਤਿਆ ਹੈ, ਪਰ ਕੁਝ ਸ਼ਰਾਰਤੀ ਲੋਕ ਵੀ ਉਸ ਦੀ ਵਰਤੋਂ ਨਾਲੋਂ ਬਹੁਤੀ ਦੁਰਵਰਤੋਂ ਕਰਦੇ ਹਨ। ਉਹ ਹਰ ਕਿਸੇ ਨਾਲ ਗੱਲ ਕਰਦੇ ਵਕਤ ਉਸ ਦੀ ਰਿਕਾਰਡਿੰਗ ਕਰ ਕੇ ਨਵੇਂ ਮੁੱਖ ਮੰਤਰੀ ਵੱਲੋਂ ਜਾਰੀ ਕੀਤੇ ਗਏ ਵਾਟਸਐਪ ਨੰਬਰ ਉੱਤੇ ਪੋਸਟ ਕਰਦੇ ਹਨ ਤੇ ਜਦੋਂ ਉਸ ਵਿਅਕਤੀ ਦੇ ਖਿਲਾਫ ਕਾਰਵਾਈ ਸ਼ੁਰੂ ਹੁੰਦੀ ਹੈ ਤਾਂ ਸੌਦੇਬਾਜ਼ੀ ਵਿੱਚ ਕਮਾਈ ਦਾ ਰਾਹ ਕੱਢਦੇ ਹਨ। ਇਸ ਦੀ ਇੱਕ ਮਿਸਾਲ ਇਸ ਹਫਤੇ ਓਦੋਂ ਮਿਲੀ, ਜਦੋਂ ਇੱਕ ਵਿਅਕਤੀ ਕਿਸੇ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਫੜਾਉਣ ਦੇ ਬਾਅਦ ਉਸ ਨੂੰ ਓਸੇ ਕੇਸ ਤੋਂ ਬਚਾਉਣ ਲਈ ਪੁਲਸ ਅਫਸਰਾਂ ਦੇ ਨਾਂਅ ਉੱਤੇ ਰਿਸ਼ਵਤ ਮੰਗਦਾ ਕਾਬੂ ਆ ਗਿਆ ਹੈ। ਇਸ ਤਰ੍ਹਾਂ ਦੇ ਕਈ ਕੇਸ ਪੰਜਾਬ ਵਿੱਚ ਸਾਹ-ਮਣੇ ਆ ਚੁੱਕੇ ਹਨ, ਜਦੋਂ ਕਿਸੇ ਨੂੰ ਘੇਰ ਕੇ ਜਾਂਚ ਦੇ ਨਾਂਅ ਉੱਤੇ ਤੰਗ ਕੀਤਾ ਗਿਆ ਅਤੇ ਫਿਰ ਉਸ ਕੋਲੋਂ ਮੋਟੀ ਰਕਮ ਝਪਟੀ ਗਈ। ਪਿਛਲੇ ਹਫਤੇ ਇੱਕ ਪੁਲਸ ਅਫਸਰ ਨੂੰ ਏਦਾਂ ਦੇ ਕੇਸ ਵਿੱਚ ਰਾਜਸਥਾਨ ਤੋਂ ਫੜ ਕੇ ਲਿਆਂਦਾ ਗਿਆ ਅਤੇ ਉਸ ਵੱਲੋਂ ਏਦਾਂ ਕਮਾਈ ਹੋਈ ਰਕਮ ਉਸ ਦੀ ਨਿਸ਼ਾਨਦੇਹੀ ਉੱਤੇ ਉਸ ਦੇ ਰਿਸ਼ਤੇਦਾਰਾਂ ਦੇ ਘਰੋਂ ਕਢਵਾਈ ਗਈ ਹੈ। ਏਦਾਂ ਕਰਨ ਵਾਲਾ ਉਹ ਇੱਕਾ-ਦੁੱਕਾ ਨਹੀਂ, ਬਹੁਤ ਸਾਰੇ ਹੋਰ ਵੀ ਸੁਣੀਂਦੇ ਹਨ।

## ਸਭ ਤੋਂ ਵੱਧ ਭ੍ਰਿਸ਼ਟਾਚਾਰ ਸਮਾਜ ਭਲਾਈ ਦੀਆਂ ਸਕੀਮਾਂ ਵਿੱਚ ਫੈਲਿਆ

ਇਨ੍ਹਾਂ ਸਾਰੇ ਕੇਸਾਂ ਨਾਲੋਂ ਵੱਧ ਭ੍ਰਿਸ਼ਟਾਚਾਰ ਸਮਾਜ ਭਲਾਈ ਦੀਆਂ ਸਕੀਮਾਂ ਵਿੱਚ ਫੈਲਿਆ ਹੋਇਆ ਹੈ। ਹਰਿਆਣੇ ਦੀ ਸਰਕਾਰ ਨੇ ਜਦੋਂ ਬੁਢਾਪਾ, ਵਿਧਵਾ ਅਤੇ ਅੰਗਹੀਣ ਪੈਨਸ਼ਨਾਂ ਦੀ ਪੜਤਾਲ ਕਰਵਾਈ ਤਾਂ ਇਕਾਨਵੇਂ ਹਜ਼ਾਰ ਜਾਅਲੀ ਕੇਸ ਨਿਕਲ ਆਏ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਇੱਕ ਹਜ਼ਾਰ ਤੋਂ ਵੱਧ ਏਦਾਂ ਦੇ ਕੇਸ ਨਿਕਲੇ, ਜਿਨ੍ਹਾਂ ਵਿੱਚ ਕਿਸੇ ਬੰਦੇ ਦੀ ਬੁਢਾਪਾ ਪੈਨਸ਼ਨ ਓਦੋਂ ਮਨਜ਼ੂਰ ਹੋਈ, ਜਦੋਂ ਉਹ ਮਰ ਚੁੱਕਾ ਸੀ ਅਤੇ ਉਸ ਦੇ ਵਾਰਸ ਆਪਣੇ ਪਿੰਡ ਦੇ ਕਿਸੇ ਵੱਡੇ ਬੰਦੇ ਅਤੇ ਬੈਂਕ ਮੈਨੇਜਰ ਨਾਲ ਮਿਲ ਕੇ ਹਰ ਮਹੀਨੇ ਕਢਵਾਈ ਜਾਂਦੇ ਸਨ। ਇਸ ਜਾਂਚ ਦੌਰਾਨ ਕੁਝ ਉਹ ਵਿਅਕਤੀ ਵੀ ਮਰੇ ਹੋਏ ਲਿਖ ਦਿੱਤੇ ਗਏ, ਜਿਹੜੇ ਬਜ਼ੁਰਗੀ ਹੰਢਾ ਰਹੇ ਸਨ ਅਤੇ ਪੈਨਸ਼ਨਾਂ ਦੇ ਹੱਕਦਾਰ ਸਨ। ਪੰਜਾਬ ਵਿੱਚ ਸਮਾਜ ਭਲਾਈ ਵਿਭਾਗ ਬਹੁਤ ਪਹਿਲਾਂ ਤੋਂ ਏਦਾਂ ਦੇ ਕੰਮਾਂ ਵਿੱਚ ਬਦਨਾਮ ਹੈ ਕਿ ਜਾਇਜ਼ ਹੱਕ ਬਣਦੇ ਵਾਲੇ ਲੋਕਾਂ ਨੂੰ ਪੈਨਸ਼ਨਾਂ ਇਸ ਲਈ ਨਹੀਂ ਦੇਂਦਾ ਕਿ ਉਨ੍ਹਾਂ ਦਾ ਕੋਈ ਸਿਫਾਰਸ਼ੀ ਨਹੀਂ ਹੁੰਦਾ ਅਤੇ ਉਹ ਰਿਸ਼ਵਤ ਵੀ ਦੇਣ ਜੋਗੇ ਨਹੀਂ ਹੁੰਦੇ, ਪਰ ਸਿਆਸੀ ਪਹੁੰਚ ਵਾਲੇ ਪਰਵਾਰਾਂ ਦੇ ਲੋਕਾਂ ਵਾਸਤੇ ਜਵਾਨੀ ਵਿੱਚ ਵੀ ਬੁਢਾਪਾ ਪੈਨਸ਼ਨ ਮਨਜ਼ੂਰ ਕਰ ਦੇਂਦਾ ਹੈ। ਅੱਜ ਜਾਂਚ ਕਰਵਾ ਲਈ ਜਾਵੇ ਤਾਂ ਹਰਿਆਣੇ ਦੇ ਇਕਾਨਵੇਂ ਹਜ਼ਾਰ ਤੋਂ ਵੱਧ ਇਹੋ ਜਿਹੇ ਕੇਸ ਪੰਜਾਬ ਵਿੱਚ ਮਿਲ ਜਾਣਗੇ, ਜਿਨ੍ਹਾਂ ਦੇ ਪੈਨਸ਼ਨਾਂ ਲੈਣ ਵਾਲੇ ਮਰ ਚੁੱਕੇ ਹਨ, ਪਰ ਪੈਨਸ਼ਨਾਂ ਚੱਲਦੀਆਂ ਹਨ। ਏਦਾਂ ਦੇ ਕੇਸਾਂ ਵਿੱਚ ਕਿਸੇ ਵੇਲੇ ਫੜੋ-ਫੜਾਈ ਹੋਈ ਤਾਂ ਏਨੇ ਲੋਕ ਫੜਨੇ ਪੈਣਗੇ ਕਿ ਜੇਲ੍ਹਾਂ ਵਿੱਚ ਰੱਖਣ ਜੋਗੀ ਥਾਂ ਹੀ ਪੰਜਾਬ ਸਰਕਾਰ ਨੂੰ ਨਹੀਂ ਮਿਲ ਸਕਣੀ।

## ਅਦਾਲਤੀ ਪ੍ਰਬੰਧ ਆਮ ਲੋਕਾਂ ਨਾਲੋਂ ਅਪਰਾਧੀਆਂ ਲਈ ਵੱਧ ਸੁਖਾਵਾਂ



ਅਖੀਰਲੀ ਗੱਲ ਇਹ ਹੈ ਕਿ ਅਦਾਲਤੀ ਪ੍ਰਬੰਧ ਵੀ ਇਸ ਤਰ੍ਹਾਂ ਦਾ ਹੈ ਕਿ ਉਹ ਆਮ ਲੋਕਾਂ ਨਾਲੋਂ ਅਪਰਾਧੀਆਂ ਨੂੰ ਵੱਧ ਸੁਖਾਵਾਂ ਬਣਦਾ ਜਾਂਦਾ ਹੈ। ਆਮ ਆਦਮੀ ਉੱਤੇ ਕੇਸ ਬਣ ਜਾਵੇ ਤਾਂ ਮਿਹਨਤ ਦੀ ਕਮਾਈ ਖਾਣ ਵਾਲੇ ਨਾਗਰਿਕ ਨੂੰ ਹੇਠਲੀਆਂ ਅਦਾਲਤਾਂ ਦੇ ਵਕੀਲਾਂ ਦੀਆਂ ਫੀਸਾਂ ਵੀ ਦੇਣੀਆਂ ਮੁਸ਼ਕਲ ਹੁੰਦੀਆਂ ਹਨ, ਪਰ ਭ੍ਰਿਸ਼ਟਾਚਾਰ ਕਰਨ ਵਾਲੇ ਬੰਦੇ ਹੇਠਲੀਆਂ ਅਦਾਲਤਾਂ ਵਿੱਚੋਂ ਸ਼ੁਰੂ ਕਰਦੇ ਅਤੇ ਜ਼ਮਾਨਤ ਨਾ ਮਿਲੇ ਤਾਂ ਸੈਸ਼ਨ ਕੋਰਟ, ਫਿਰ ਹਾਈ ਕੋਰਟ ਤੇ ਲੋੜ ਪਵੇ ਤਾਂ ਸੁਪਰੀਮ ਕੋਰਟ ਤੱਕ ਜਾ ਪਹੁੰਚਦੇ ਹਨ। ਆਮ ਲੋਕ ਇਹ ਗੱਲ ਨਹੀਂ ਜਾਣਦੇ ਕਿ ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਦੀ ਸਿਰਫ ਇੱਕ ਪੇਸ਼ੀ ਦੀ ਫੀਸ ਪੰਝੀ ਲੱਖ ਤੱਕ ਜਾਂ ਇਸ ਤੋਂ ਵੱਧ ਹੋ ਸਕਦੀ ਹੈ ਤੇ ਜੇ ਕਿਸੇ ਸਧਾਰਨ ਨਾਗਰਿਕ ਨੇ ਮੱਧ ਦਰਜੇ ਦਾ ਵਕੀਲ ਵੀ ਓਥੇ ਜਾ ਕੇ ਕਰਨਾ ਹੋਵੇ ਤਾਂ ਇੱਕ ਪੇਸ਼ੀ ਦੇ ਦਸ-ਬਾਰਾਂ ਲੱਖ ਦੇਣੇ ਆਮ ਗੱਲ ਹੈ। ਏਨੀਆਂ ਫੀਸਾਂ ਆਮ ਆਦਮੀ ਨਹੀਂ ਭਰ ਸਕਦਾ, ਦੇਸ਼ ਦੀ ਸਿਖਰਲੀ ਪੌੜੀ ਤੱਕ ਪੁੱਜਣਾ ਵੀ ਉਨ੍ਹਾਂ ਭ੍ਰਿਸ਼ਟਾਚਾਰੀਆਂ ਲਈ ਸੌਖਾ ਹੋ ਜਾਂਦਾ ਹੈ, ਜਿਨ੍ਹਾਂ ਨੇ ਨੋਟ ਕਮਾਏ ਵੀ ਬੇਰਹਿਮੀ ਨਾਲ ਹੁੰਦੇ ਹਨ ਅਤੇ ਖਰਚ ਕਰਨ ਵੇਲੇ ਵੀ ਉਹ 'ਮਾਲ-ਇ-ਮੁਫਤ, ਦਿਲ-ਇ-ਬੇਰਹਿਮ' ਦੇ ਫਾਰਮੂਲੇ ਮੁਤਾਬਕ ਕੋਈ ਝਿਜਕ ਵਿਖਾਏ ਬਿਨਾਂ ਚੱਲਣ ਦੀ ਜੁਰਅੱਤ ਕਰ ਸਕਦੇ ਹਨ।

ਅੱਜ ਦੇ ਦੌਰ ਵਿੱਚ ਲੋਕਤੰਤਰ ਨੂੰ ਬਾਕੀ ਸਾਰੇ ਪ੍ਰਬੰਧਾਂ ਨਾਲੋਂ ਵਧੀਆ ਰਾਜ-ਪ੍ਰਬੰਧ ਕਿਹਾ ਜਾਂਦਾ ਹੈ, ਪਰ ਔਕੜ ਇਹ ਹੈ ਕਿ ਇਸ ਵਿੱਚ ਸਿਆਸੀ ਅਗੇਤ ਲਈ ਦੋਸ਼ੀਆਂ ਨਾਲ ਲਿਹਾਜ਼ ਦਾ ਅਮਲ ਇਸ ਪ੍ਰਬੰਧ ਨੂੰ ਕਲੰਕਤ ਕਰਨ ਲੱਗਾ ਰਹਿੰਦਾ ਹੈ। ਕੋਈ ਚੰਗੇ ਤੋਂ ਚੰਗਾ ਅਦਾਰਾ ਵੀ ਹੋਵੇ, ਜਦੋਂ ਉਸ ਵਿੱਚ ਕਿਸੇ ਚੋਣ ਜਾਂ ਹੋਰ ਅਗੇਤ ਵਾਸਤੇ ਦੋਂਹ ਧਿਰਾਂ ਦੀ ਟੱਕਰ ਹੋਵੇ ਤਾਂ ਆਪਣੇ ਵੱਲ ਬਹੁ-ਗਿਣਤੀ ਕਰਨ ਲਈ ਬਦਨਾਮ ਤੋਂ ਬਦਨਾਮ ਬੰਦਾ ਵੀ ਨਾਲ ਲਾਉਣ ਤੋਂ ਸ਼ਰਮ ਕੋਈ ਨਹੀਂ ਕਰਦਾ। ਇਸ ਖੇਡ ਨੇ ਬਹੁਤ ਚੰਗੀਆਂ ਚੱਲਦੀਆਂ ਸਮਾਜ ਸੇਵੀ ਸੰਸਥਾਵਾਂ, ਬਹੁਤ ਵਧੀਆ ਯੂਨੀਅਨਾਂ ਅਤੇ ਬਹੁਤ ਸਤਿਕਾਰ ਵਾਲੇ ਧਾਰਮਿਕ ਅਦਾਰਿਆਂ ਵਿੱਚ ਵੀ ਭ੍ਰਿਸ਼ਟਾਚਾਰ ਦਾ ਹੜ੍ਹ ਲਿਆ ਛੱਡਿਆ ਹੈ। ਆਮ ਲੋਕ ਜਿਨ੍ਹਾਂ ਥਾਂਵਾਂ ਉੱਤੇ ਆਪਣੇ ਜਾਣੇ-ਅਣਜਾਣੇ ਵਿੱਚ ਕੀਤੇ ਗਏ ਪਾਪਾਂ ਦੀ ਭੁੱਲ ਬਖਸ਼ਾਉਣ ਜਾਇਆ ਕਰਦੇ ਸਨ, ਭ੍ਰਿਸ਼ਟਾਚਾਰ ਦੀ ਲਾਗ ਜਦੋਂ ਓਥੋਂ ਤੱਕ ਵੀ ਪੁੱਜਣ ਲੱਗ ਪਈ ਤਾਂ ਆਮ ਲੋਕ ਆਸ ਕਿੱਥੋਂ ਰੱਖਣਗੇ! ਏਦਾਂ ਦੇ ਹਾਲਾਤ ਵਿੱਚ ਪੰਜਾਬ ਦੀ ਗੱਲ ਕਰਨੀ ਹੋਵੇ ਜਾਂ ਭਾਰਤ ਦੀ, ਅਟਲ ਬਿਹਾਰੀ ਵਾਜਪਾਈ ਦੇ ਸੜਕ ਤੇ ਖੱਡਿਆਂ ਦੀ ਗੱਲ ਕਹਿਣ ਵਾਂਗ ਇਹੋ ਪਤਾ ਨਹੀਂ ਲੱਗਦਾ ਕਿ ਦੇਸ਼ ਵਿੱਚ ਭ੍ਰਿਸ਼ਟਾਚਾਰ ਆ ਗਿਆ ਹੈ ਜਾਂ ਭ੍ਰਿਸ਼ਟਾਚਾਰ ਵਿੱਚ ਦੇਸ਼ ਦਾ ਨਕਸ਼ਾ ਉਲੀਕਿਆ ਗਿਆ ਹੈ।

## ਕੇਂਦਰ ਤੇ ਰਾਜ ਸਰਕਾਰ ਦਾ ਭ੍ਰਿਸ਼ਟਾਚਾਰੀਆਂ ਨਾਲ ਲਿਹਾਜ

ਜਿਸ ਗੱਲ ਉੱਤੇ ਵੱਡਾ ਅੜਿੱਕਾ ਪੈਂਦਾ ਹੈ, ਉਹ ਇਹ ਕਿ ਦੇਸ਼ ਦੀ ਸਰਕਾਰ ਚਲਾਉਣੀ ਹੋਵੇ ਜਾਂ ਪੰਜਾਬ ਦੀ, ਹਰ ਕਿਸੇ ਨੂੰ ਆਪਣੇ ਨਾਲ ਬੰਦੇ ਚਾਹੀਦੇ ਹਨ ਅਤੇ ਜਦੋਂ ਕੋਈ ਬੰਦਾ ਸਰਕਾਰ ਦੀ ਮਦਦ ਕਰਦਾ ਹੋਵੇ ਤਾਂ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਕਰਦਾ ਰਹੇ, ਉਸ ਦਾ ਲਿਹਾਜ ਕੇਂਦਰ ਤੇ ਰਾਜ ਸਰਕਾਰ ਦੋਵੇਂ ਕਰਦੀਆਂ ਹਨ। ਕੇਂਦਰ ਵਾਲੀ ਸਰਕਾਰ ਨੇ ਜਿਹੜੇ ਲੋਕਾਂ ਦੇ ਖਿਲਾਫ ਖੁਦ ਜ਼ੋਰ-ਸ਼ੋਰ ਨਾਲ ਜਾਂਚ ਸ਼ੁਰੂ ਕੀਤੀ ਕਿ ਉਹ ਵੱਡੇ ਭ੍ਰਿਸ਼ਟਾਚਾਰੀ ਹਨ, ਪਹਿਲੀ ਪਾਰਟੀ ਛੱਡ ਕੇ ਭਾਜਪਾ ਵਿੱਚ ਆਉਂਦੇ ਸਾਰ ਉਨ੍ਹਾਂ ਦੇ ਸਾਰੇ ਐਬ ਭੁਲਾ ਕੇ ਕੇਸ ਠੱਪ ਦਿੱਤੇ ਗਏ। ਆਂਧਰਾ ਪ੍ਰਦੇਸ਼ ਵਿੱਚੋਂ ਰਾਜ ਸਭਾ ਵਾਲੇ ਦੋ ਮੈਂਬਰਾਂ ਦਾ ਕਿੱਸਾ ਸਭ ਨੂੰ ਪਤਾ ਹੈ, ਜਿਹੜੇ ਤੇਲਗੂ ਦੇਸਮ ਪਾਰਟੀ ਨਾਲ ਸੰਬੰਧਤ ਸਨ ਤੇ ਭਾਜਪਾ ਦੇ ਸੀਨੀਅਰ ਬੁਲਾਰੇ ਜੀ ਵੀ ਐੱਲ ਨਰਸਿਮਹਾ ਰਾਉ ਨੇ ਰਾਜ ਸਭਾ ਦੇ ਚੇਅਰਮੈਨ, ਜਿਹੜਾ ਉੱਪ ਰਾਸ਼ਟਰਪਤੀ ਹੁੰਦਾ ਹੈ, ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਨ੍ਹਾਂ ਉੱਤੇ ਕਰੋੜਾਂ ਰੁਪਏ ਦੇ ਫਰਾਡ ਦੇ ਦੋਸ਼ ਹਨ। ਜਦੋਂ ਜਾਂਚ ਕਰਵਾਈ ਜਾਣ ਲੱਗੀ ਤਾਂ ਦੋਵੇਂ ਜਣੇ ਦਿੱਲੀ ਆਏ ਅਤੇ ਭਾਜਪਾ ਵਿੱਚ ਸ਼ਾਮਲ ਹੋ ਗਏ, ਉਸ ਦੇ ਬਾਅਦ ਉਨ੍ਹਾਂ ਖਿਲਾਫ ਕਾਰਵਾਈ ਦੀ ਫਾਈਲ ਠੱਪ ਕਰ ਦਿੱਤੀ ਗਈ, ਨਰਸਿਮਹਾ ਰਾਉ ਓਸੇ ਰਾਜ ਸਭਾ ਵਿੱਚ ਉਨ੍ਹਾਂ 'ਭ੍ਰਿਸ਼ਟ' ਪਾਰਲੀਮੈਂਟ ਮੈਂਬਰਾਂ ਦੇ ਨਾਲ ਬੈਠਾ ਦਿਖਾਈ ਦੇਂਦਾ ਰਿਹਾ। ਪੰਜਾਬ ਦੀ ਆਮ ਆਦਮੀ ਪਾਰਟੀ ਨਾਲ ਜੁੜੇ ਕੁਝ ਲੋਕ ਵੀ ਏਦਾਂ ਦੀ ਨੇੜਤਾ ਦਾ ਲਾਭ ਲੈਣ ਲੱਗ ਪਏ ਹਨ ਤਾਂ ਲੋਕ ਇਸ ਨੂੰ ਚੰਗਾ ਨਹੀਂ ਮੰਨਣਗੇ। ਭ੍ਰਿਸ਼ਟਾਚਾਰੀਆਂ ਦੀ ਢਾਣੀ ਅਮਰ-ਵੇਲ ਵਰਗੀ ਹੁੰਦੀ ਹੈ, ਇਹ ਜਿਹੜੇ ਰੁੱਖ ਨਾਲ ਚੰਬੜ ਜਾਵੇ, ਹੌਲੀ-ਹੌਲੀ ਉਹ ਰੁੱਖ ਆਪਣੀ ਜਕੜ ਵਿੱਚ ਲੈ ਲੈਂਦੀ ਹੈ। ਇਸ ਕਰ ਕੇ ਸਰਕਾਰ ਕੇਂਦਰ ਵਾਲੀ ਹੋਵੇ ਜਾਂ ਪੰਜਾਬ ਦੀ, ਦੋਵਾਂ ਨੂੰ ਸਿਰਫ ਐਲਾਨਾਂ ਵਿੱਚ ਨਹੀਂ, ਅਮਲਾਂ ਵਿੱਚ ਵੀ ਕੁਝ ਇਸ ਤਰ੍ਹਾਂ ਕਰ ਕੇ ਵਿਖਾਉਣਾ ਹੋਵੇਗਾ ਕਿ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਛੁਟਕਾਰਾ ਮਿਲਣ ਦੀ ਆਸ ਸਿਰੇ ਚੜ੍ਹਦੀ ਦਿੱਸੇ। ਬਦਕਿਸਮਤੀ ਨਾਲ ਅਜੇ ਤੱਕ ਇਹੋ ਜਿਹਾ ਭਰੋਸਾ ਹੋ ਸਕਣ ਵਾਲਾ ਕੰਮ ਐਲਾਨਾਂ ਵਿੱਚ ਭਾਵੇਂ ਬਹੁਤ ਹੈ, ਅਮਲ ਵਿੱਚ ਬਹੁਤਾ ਨਹੀਂ ਹੋ ਰਿਹਾ।

# ਬੇਰੁਜ਼ਗਾਰੀ ਦਾ ਹੱਲ ਕਿੱਤਾਮੁਖੀ ਸਿੱਖਿਆ

-ਵਿਜੈ ਗਰਗ-



ਬੇਰੁਜ਼ਗਾਰੀ ਬਹੁਤ ਵੱਡੀ ਸਮੱਸਿਆ ਹੈ। ਹਰ ਸਾਲ ਲੱਖਾਂ ਹੀ ਨੌਜਵਾਨ ਆਪਣੀ ਸਕੂਲ/ਕਾਲਜ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਹੱਥਾਂ 'ਚ ਡਿਗਰੀਆਂ/ਡਿਪਲੋਮੇ ਲੈ ਕੇ ਨੌਕਰੀ ਦੀ ਭਾਲ ਕਰਦੇ ਹਨ। ਸੰਗਠਿਤ ਅਤੇ ਗ਼ੈਰ-ਸੰਗਠਿਤ ਸੈਕਟਰ 'ਚ ਰੁਜ਼ਗਾਰ ਦੇ ਮੌਕੇ ਘੱਟ ਹੋਣ ਕਾਰਨ ਬੇਰੁਜ਼ਗਾਰੀ 'ਚ ਵਾਧਾ ਹੋ ਰਿਹਾ ਹੈ। ਆਟੋਮੇਸ਼ਨ ਤੇ ਮਸ਼ੀਨੀਕਰਨ ਕਾਰਨ ਹਰੇਕ ਖੇਤਰ 'ਚ ਨੌਕਰੀਆਂ ਘਟ ਰਹੀਆਂ ਹਨ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਹੋਰ ਵੀ ਗੁੰਝਲਦਾਰ ਹੋ ਗਈ ਹੈ। ਬੇਰੁਜ਼ਗਾਰੀ ਦਰ ਕਾਬੂ ਵਿਚ ਨਹੀਂ ਆ ਰਹੀ। ਪੰਜਾਬ 'ਚ ਬੇਰੁਜ਼ਗਾਰੀ ਦਰ ਲਗਭਗ 7 ਫ਼ੀਸਦੀ ਹੈ। ਪੰਜਾਬ 'ਚ ਬੇਰੁਜ਼ਗਾਰੀ ਨੂੰ ਖ਼ਤਮ ਕਰਨ ਲਈ ਕਿੱਤਾਮੁਖੀ ਅਤੇ ਤਕਨੀਕੀ ਸਿੱਖਿਆ ਨੂੰ ਵਧੇਰੇ ਹੁਲ-ਾਰਾ ਦੇਣ ਦੀ ਲੋੜ ਹੈ। ਪੰਜਾਬ ਵਿਚ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਕਿੱਤਾਮੁਖੀ ਸਿੱਖਿਆ ਅਤੇ ਪੋਲੀਟੈਕਨਿਕ/ਇੰਜੀਨੀਅਰਿੰਗ ਕਾਲਜਾਂ ਵਿਚ ਤਕਨੀਕੀ ਸਿੱਖਿਆ ਨੂੰ ਕੰਟਰੋਲ ਕਰਨ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਅਹਿਮ ਭੂਮਿਕਾ ਨਿਭਾ ਰਿਹਾ ਹੈ। ਪੰਜਾਬ 'ਚ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਘੱਟ ਹਨ, ਜਦੋਂਕਿ ਪ੍ਰਾਈਵੇਟ ਸੰਸਥਾਵਾਂ ਦੀ ਗਿਣਤੀ ਵਧੇਰੇ ਹੈ। ਇਸੇ ਤਰ੍ਹਾਂ ਸਰਕਾਰੀ ਪੋਲੀਟੈਕਨਿਕ ਕਾਲਜ ਸਿਰਫ਼ 26 ਹਨ, ਜਦੋਂਕਿ 100 ਕੁ ਪ੍ਰਾਈਵੇਟ ਪੋਲੀਟੈਕਨਿਕ ਕਾਲਜ ਹਨ। ਲੋੜ ਹੈ ਪੰਜਾਬ 'ਚ ਕਿੱਤਾਮੁਖੀ ਅਤੇ ਤਕਨੀਕੀ ਸਿੱਖਿਆ ਨੂੰ ਪ੍ਰਫੁੱਲਤ ਕਰਨ ਦੀ।

ਪੰਜਾਬ ਵਿਚ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ, ਸਰਕਾਰੀ ਪੋਲੀਟੈਕਨਿਕ ਕਾਲਜਾਂ ਅਤੇ ਸਰਕਾਰੀ ਇੰਜੀਨੀਅਰਿੰਗ ਕਾਲਜਾਂ ਦੀ ਗਿਣਤੀ ਵਧਾਈ ਜਾਵੇ।

ਨਵੀਆਂ ਸੰਸਥਾਵਾਂ ਵਧੇਰੇ ਕਰਕੇ ਪੇਂਡੂ ਖੇਤਰਾਂ 'ਚ ਸਥਾਪਿਤ ਕੀਤੀਆਂ ਜਾਣ ਤਾਂ ਜੋ ਤਕਨੀਕੀ ਅਤੇ ਕਿੱਤਾਮੁਖੀ ਸਿੱਖਿਆ ਪਿੰਡਾਂ ਦੇ ਨੌਜਵਾਨਾਂ ਦੀ ਪਹੁੰਚ ਵਿਚ ਹੋਵੇ।

ਜਨਰਲ ਵਰਗ ਦੇ ਵਿਦਿਆਰਥੀਆਂ ਲਈ ਫ਼ੀਸਾਂ 'ਚ ਕਟੌਤੀ ਕੀਤੀ ਜਾਵੇ ਤਾਂ ਜੋ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀ ਘੱਟ ਫ਼ੀਸਾਂ ਦੇ ਕੇ ਤਕਨੀਕੀ ਤੇ ਕਿੱਤਾਮੁਖੀ ਸਿੱਖਿਆ ਗ੍ਰਹਿਣ ਕਰ ਸਕਣ। ਮੌਜੂਦਾ ਮੁੱਖ ਮੰਤਰੀ ਵਜ਼ੀਫਾ ਯੋਜਨਾ, ਜਿਸ 'ਚ ਯੋਗਤਾ ਪ੍ਰੀਖਿਆ 'ਚ 60 ਫ਼ੀਸਦੀ ਤੋਂ ਵੱਧ ਪ੍ਰਾਪਤ ਅੰਕਾਂ ਦੇ ਆਧਾਰ 'ਤੇ ਫ਼ੀਸ ਵਿਚ ਛੋਟ ਦਿੱਤੀ ਜਾਂਦੀ ਹੈ, ਦੀ ਥਾਂ ਸਾਰਿਆਂ ਲਈ ਇਕਸਾਰ ਛੋਟ ਦੇਣ ਉਪਰੰਤ ਫੀਸ (ਪੋਲੀਟੈਕਨਿਕ ਕਾਲਜਾਂ ਲਈ ਲਗਭਗ 5000 ਰੁਪਏ ਅਤੇ ਇੰਜੀਨੀਅਰਿੰਗ ਕਾਲਜਾਂ ਲਈ 10000 ਰੁਪਏ) ਸਾਲਾਨਾ ਕਰ ਦਿੱਤੀ ਜਾਵੇ। ਇਸ ਨਾਲ ਕਾਲਜਾਂ 'ਚ ਦਾਖ਼ਲਿਆਂ ਵਿਚ ਹੋਰ ਵਾਧਾ ਹੋਵੇਗਾ।

ਜਦੋਂ ਤਕ ਨਵੀਆਂ ਇਮਾਰਤਾਂ ਦੀ ਉਸਾਰੀ ਨਹੀਂ ਹੁੰਦੀ, ਉਦੋਂ ਤਕ ਮੌਜੂਦਾ ਆਈਟੀਆਈਜ਼ ਵਿਚ ਪੋਲੀਟੈਕਨਿਕ ਦੇ ਕੁਝ ਡਿਪਲੋਮਾ ਕੋਰਸ ਸ਼ੁਰੂ ਕੀਤੇ ਜਾ ਸਕਦੇ ਹਨ। ਲੜਕੀਆਂ ਦੀਆਂ ਆਈਟੀਆਈਜ਼ 'ਚ ਕੰਪਿਊਟਰ ਸਾਇੰਸ, ਇਨਫਰਮੇਸ਼ਨ ਤਕਨਾਲੋਜੀ, ਫੈਸ਼ਨ ਤਕਨਾਲੋਜੀ ਵਰਗੇ ਕੋਰਸ ਸ਼ੁਰੂ ਕੀਤੇ ਜਾਣ, ਜਿਨ੍ਹਾਂ ਵਿਚ ਘੱਟ ਇਨਫਰਾਸਟ੍ਰੱਕਚਰ ਦੀ ਜ਼ਰੂਰਤ ਹੁੰਦੀ ਹੈ।

ਜਿਨ੍ਹਾਂ ਟੈਕਨੀਕਲ ਕੋਰਸਾਂ ਦੀ ਉਦਯੋਗਾਂ ਵਿਚ ਕੋਈ ਮੰਗ ਨਹੀਂ, ਉਨ੍ਹਾਂ ਨੂੰ ਬੰਦ ਕਰ ਕੇ ਵੱਧ ਪਲੇਸਮੈਂਟ ਵਾਲੇ ਨਵੇਂ ਰੁਜ਼ਗਾਰ ਮੁਖੀ ਕੋਰਸ ਸ਼ੁਰੂ ਕੀਤੇ ਜਾਣ ਜਾਂ ਅਜਿਹੇ ਕੋਰਸਾਂ ਦੀਆਂ ਸੀਟਾਂ ਵਧਾਈਆਂ ਜਾਣ, ਜਿਨ੍ਹਾਂ 'ਚ ਨੌਕਰੀ ਦੇ ਵੱਧ ਮੌਕੇ ਮੁਹੱਈਆ ਹਨ।

ਪੰਜਾਬ ਦੇ ਸਰਕਾਰੀ ਪੋਲੀਟੈਕਨਿਕ ਕਾਲਜਾਂ 'ਚ ਆਟੋਮੋਬਾਈਲ ਇੰਜੀਨੀਅਰਿੰਗ, ਮੈਕਾਟ੍ਰੋਨਿਕਸ, ਟੂਲ ਐਂਡ ਡਾਈ ਇੰਜੀਨੀਅਰਿੰਗ, ਏਅਰੋਨੌਟੀਕਲ ਇੰਜੀਨੀਅਰਿੰਗ, ਐਗਰੀਕਲਚਰ ਇੰਜੀਨੀਅਰਿੰਗ, ਬਾਇਓ ਤਕਨਾਲੋਜੀ, ਬਿਊਟੀ ਕਲਚਰ, ਕਾਸਟਿਊਮ ਡਿਜ਼ਾਈਨ ਐਂਡ ਡਰੈਸ ਮੇਕਿੰਗ, ਇਨਵਾਇਰਮੈਂਟ ਇੰਜੀਨੀਅਰਿੰਗ, ਫੂਡ ਤਕਨਾਲੋਜੀ, ਫਾਇਰ ਐਂਡ ਸੇਫਟੀ ਇੰਜੀਨੀਅਰਿੰਗ, ਮੈਰੀਨ ਇੰਜੀਨੀਅਰਿੰਗ, ਮੋਸ਼ਨ ਪਿਕਚਰ ਫੋਟੋਗ੍ਰਾਫੀ, ਮੈਡੀਕਲ ਇਲੈਕਟ੍ਰਾਨਿਕਸ, ਪ੍ਰਿੰਟਿੰਗ ਤਕਨਾਲੋਜੀ, ਰਬੜ ਤਕਨਾਲੋਜੀ, ਸਪੇਸ ਤਕਨਾਲੋਜੀ, ਟੀਵੀ ਐਂਡ ਫਿਲਮ ਤਕਨਾਲੋਜੀ, ਟੈਕਸਟਾਈਲ ਤਕਨਾਲੋਜੀ, ਪੈਟਰੋਲੀਅਮ ਇੰਜੀਨੀਅਰਿੰਗ, ਮੋਬਾਈਲ ਤਕਨਾਲੋਜੀ, ਪੈਕੇਜਿੰਗ ਆਦਿ ਕੋਰਸ ਸ਼ੁਰੂ ਕੀਤੇ ਜਾਣ।

ਡਿਪਲੋਮਾ ਕੋਰਸਾਂ ਨੂੰ ਵਧੇਰੇ ਰੁਜ਼ਗਾਰ ਮੁਖੀ ਬਣਾਉਣ ਹਿੱਤ ਖੇਤੀਬਾੜੀ ਨਾਲ ਸਬੰਧਤ ਟੈਕਨੀਕਲ ਕੋਰਸ ਜਿਵੇਂ ਐਗਰੀਕਲਚਰ ਮਸ਼ੀਨਰੀ ਤਕਨਾਲੋਜੀ, ਸੀਡ ਪ੍ਰੋਡਕਸ਼ਨ ਤਕਨਾਲੋਜੀ, ਡੇਅਰੀ ਐਂਡ ਮੀਟ ਪ੍ਰੋਸੈਸਿੰਗ ਤਕਨਾਲੋਜੀ, ਐਨੀਮਲ ਤਕਨਾਲੋਜੀ, ਹੌਰਟੀਕਲਚਰ ਤਕਨਾਲੋਜੀ, ਐਗਰੋ ਪ੍ਰੋਸੈਸਿੰਗ ਤਕਨਾਲੋਜੀ ਆਦਿ ਸ਼ੁਰੂ ਕੀਤੇ ਜਾਣ। ਅਜਿਹੇ ਕੋਰਸਾਂ 'ਚ ਸਕਿੱਲਡ ਵਰਕਰਾਂ, ਤਕਨੀਸ਼ੀਅਨਾਂ ਅਤੇ ਮਕੈਨਿਕਾਂ ਦੀ ਭਾਰੀ ਮੰਗ ਹੈ ਅਤੇ ਰੁਜ਼ਗਾਰ ਦੇ ਮੌਕੇ ਵੱਧ ਹਨ।

ਪੰਜਾਬ ਵਿਚ ਘੱਟੋ-ਘੱਟ ਇਕ ਮਾਡਰਨ ਪੋਲੀਟੈਕਨਿਕ ਅਤੇ ਇਕ ਮਾਡਰਨ ਇੰਜੀਨੀਅਰਿੰਗ ਕਾਲਜ ਸਥਾਪਿਤ ਕੀਤਾ ਜਾਵੇ, ਜਿੱਥੇ ਆਰਟੀਫਿਸ਼ੀਅਲ ਇੰਟੈਲੀਜੈਂਸ, ਮਸ਼ੀਨ ਲਰਨਿੰਗ, ਡਾਟਾ ਸਾਇੰਸ, ਬਾਇਓਮੈਡੀਕਲ ਇੰਜੀਨੀਅਰਿੰਗ, ਆਟੋਮੇਸ਼ਨ ਐਂਡ ਰੋਬੋਟਿਕਸ ਇੰਜੀਨੀਅਰਿੰਗ, ਮਾਈਨਿੰਗ ਇੰਜੀਨੀਅਰਿੰਗ, ਵਾਤਾਵਰਨ ਇੰਜੀਨੀਅਰਿੰਗ, ਈ-ਵ੍ਹੀਕਲ ਤਕਨਾਲੋਜੀ, ਡਰੋਨ ਤਕਨਾਲੋਜੀ, ਸੋਲਰ ਤਕਨਾਲੋਜੀ, ਨੈਨੋ ਤਕਨਾਲੋਜੀ ਆਦਿ ਅਤਿ ਆਧੁਨਿਕ ਕੋਰਸ ਸ਼ੁਰੂ ਕੀਤੇ ਜਾਣ।

ਆਲ ਇੰਡੀਆ ਕੌਂਸਲ ਆਫ ਟੈਕਨੀਕਲ ਐਜੂਕੇਸ਼ਨ ਦੇ ਅੰਗਰੇਜ਼ੀ ਤੋਂ ਇਲਾਵਾ ਮਾਤਭਾਸ਼ਾ 'ਚ ਤਕਨੀਕੀ ਸਿੱਖਿਆ ਦੇਣ ਦੇ ਉਪਰਾਲੇ ਤਹਿਤ ਪੇਂਡੂ ਇਲਾਕਿਆਂ ਨਾਲ ਸਬੰਧਤ ਇਕ ਪੋਲੀਟੈਕਨਿਕ ਕਾਲਜ ਵਿਚ ਪੰਜਾਬੀ ਮਾਧਿਅਮ 'ਚ ਡਿਪਲੋਮਾ ਕੋਰਸ ਅਤੇ ਇਕ ਇੰਜੀਨੀਅਰਿੰਗ ਕਾਲਜ ਵਿਚ ਬੀਟੈੱਕ ਡਿਗਰੀ ਕੋਰਸ ਸ਼ੁਰੂ ਕੀਤੇ ਜਾਣ। ਇਮਤਿਹਾਨਾਂ ਵਿਚ ਪ੍ਰਸ਼ਨ-ਪੱਤਰ ਅੰਗਰੇਜ਼ੀ ਅਤੇ ਪੰਜਾਬੀ ਦੋਨੋਂ ਭਾਸ਼ਾਵਾਂ 'ਚ ਛਪਵਾਏ ਜਾਣ। ਸਾਰੇ ਪੋਲੀਟੈਕਨਿਕ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਛਪਵਾਈਆਂ ਜਾਣ ਤਾਂ ਜੋ ਪਿੰਡਾਂ ਦੇ ਸਕੂਲਾਂ ਤੋਂ ਪੜ੍ਹੇ ਵਿਦਿਆਰਥੀਆਂ ਨੂੰ ਇੰਜੀਨੀਅਰਿੰਗ ਵਿਸ਼ਿਆਂ ਨੂੰ ਸਮਝਣ ਵਿਚ ਕੋਈ ਦਿੱਕਤ ਨਾ ਆਵੇ।

ਤਕਨੀਕੀ ਸਿੱਖਿਆ ਬਾਰੇ ਆਮ ਲੋਕਾਂ ਅਤੇ ਵਿਦਿਆਰਥੀਆਂ ਵਿਚ ਜਾਗਰੂਕਤਾ ਫੈਲਾਉਣ ਲਈ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ, ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਕੀਤੀ ਜਾਵੇ। ਸਕੂਲਾਂ/ਕਾਲਜਾਂ ਤੋਂ ਇਲਾਵਾ ਪਿੰਡਾਂ ਵਿਚ ਜਾਗਰੂਕਤਾ ਸੈਮੀਨਾਰ, ਰੈਲੀਆਂ ਆਯੋਜਿਤ ਕੀਤੀਆਂ ਜਾਣ।

ਪ੍ਰੈਕਟੀਕਲ ਜਾਣਕਾਰੀ ਹੋਵੇ ਲਾਜ਼ਮੀ

ਪੰਜਾਬ ਦੇ ਨੌਜਵਾਨਾਂ ਨੂੰ ਵਧੇਰੇ ਰੁਜ਼ਗਾਰ ਪ੍ਰਦਾਨ ਕਰਨ ਲਈ ਸਿਲੇਬਸ 'ਚ ਥਿਊਰੀ ਭਾਗ ਘੱਟ ਕਰ ਕੇ ਪ੍ਰੈਕਟੀਕਲ ਭਾਗ ਵਧਾਇਆ ਜਾਵੇ ਅਤੇ ਉਦਯੋਗਾਂ ਦੀ ਲੋੜ ਅਨੁਸਾਰ ਸਿਲੇਬਸ ਵਿਚ ਸੋਧ ਕੀਤੀ ਜਾਵੇ। ਹਰ ਵਿਦਿਆਰਥੀ ਲਈ ਪਹਿਲਾਂ ਕਾਲਜ ਅਤੇ ਫਿਰ ਉਦਯੋਗਾਂ 'ਚ ਪ੍ਰੈਕਟੀਕਲ ਜਾਣਕਾਰੀ ਲਾਜ਼ਮੀ ਹੋਵੇ। ਪ੍ਰੈਕਟੀਕਲ ਜਾਣਕਾਰੀ ਦੀ ਘਾਟ ਕਾਰਨ ਪਾਸ ਹੋਏ ਵਿਦਿਆਰਥੀ ਉਦਯੋਗਾਂ ਵਿਚ ਰੁਜ਼ਗਾਰ ਲੈਣ ਤੋਂ ਅਸਮਰੱਥ ਹੁੰਦੇ ਹਨ। ਏਰੀਆ ਵਾਈਜ਼ ਕੋਰਸ ਸ਼ੁਰੂ ਕੀਤੇ ਜਾ ਸਕਦੇ ਹਨ, ਜਿਵੇਂ ਬਠਿੰਡਾ ਖੇਤਰ 'ਚ ਟੈਕਸਟਾਈਲ ਇੰਜੀਨੀਅਰਿੰਗ, ਮੋਹਾਲੀ ਵਿਚ ਇਨਫਰਮੇਸ਼ਨ ਤਕਨਾਲੋਜੀ, ਲੁਧਿਆਣਾ ਵਿਚ ਮਕੈਨੀਕਲ ਅਤੇ ਟੂਲ ਐਂਡ ਡਾਈ, ਮੋਗਾ 'ਚ ਐਗਰੋ ਪ੍ਰੋਸੈਸਿੰਗ ਤਕਨਾਲੋਜੀ ਆਦਿ।

## ਕੀ ਸ਼ੈਅ ਹੈ ਤੂੰ ਵੀ ਐ ਜਿੰਦਗੀ !

ਜਨਮ ਤੋਂ ਮੌਤ ਤੱਕ ਦੇ ਸਫ਼ਰ ਨੂੰ
ਪਰਿਭਾਸ਼ਿਤ ਕਰਦੇ ਨੇ ਜਿੰਦਗੀ ਨੂੰ
ਆਮ ਤੌਰ ਤੇ
ਕਿਉਂਕਿ ਸਭ ਦੀ ਸੋਚ ਹੈ ਵੱਖੋ ਵੱਖਰੀ
ਸੋ ਸਭ ਪਰਿਭਾਸ਼ਿਤ ਕਰਦੇ ਹਨ
ਜਿੰਦਗੀ ਨੂੰ ਵੱਖੋ ਵੱਖ ਤਰਾਂ ਆਪਣੀ
ਸੋਚ ਦੀ ਤਰਾਂ
ਮਹਾਨ ਕਵੀ ਸ਼ੈਕਸ਼ਪੀਅਰ ਨੇ
ਦੱਸਿਆ ਹੈ ਜਿੰਦਗੀ ਨੂੰ ਇੱਕ
ਡਰਾਮਾ ਤੇ ਦੁਨੀਆਂ ਨੂੰ ਇੱਕ ਸਟੇਜ਼
ਜਿਸ ਉਪਰ ਆਪਾਂ ਸਾਰੇ ਨਿਭਾਉਂਦੇ
ਹਾਂ ਇੱਕੋ ਹੀ ਸਮੇਂ ਕਈ ਪ੍ਰਕਾਰ ਦੇ
ਕਿਰਦਾਰ
ਕੋਈ ਕਹੇ ਕਿ ਜਿੰਦਗੀ ਹੈ ਇੱਕ
ਪਹੇਲੀ ,ਇਕ ਬੁਝਾਰਤ
ਜਿਸ ਦਾ ਉੱਤਰ ਜਾਂ ਹਲ ਸ਼ਾਇਦ ਹੀ
ਹੋਵੇ ਕਿਸੇ ਕੋਲ , ਨ ਜਾਵੇ ਬੁੱਝੀ
ਕਿਸੇ ਤੋਂ ਵੀ ਪੂਰੀ ਹੀ ਜਿੰਦਗੀ
ਮੈਂ ਸੋਚਾਂ ਕਿ ਇਹ ਹੈ ਇੱਕ ਪ੍ਰਸ਼ਨ
ਪੱਤਰ ਕਦੇ ਔਖਾ ਕਦੇ ਸੌਖਾ,ਕਦੇ
ਪਾਸ ਕਦੇ ਫੇਲ
ਜਿੰਦਗੀ ਇੱਕ ਸਕੂਲ ਵੀ ਤਾਂ ਕਿਹਾ
ਜਾ ਸਕਦਾ ਹੈ
ਜੋ ਸਿਖਾਵੇ ਕਈ ਸਬਕ ਹਰ ਪਲ
,ਜੱਗਬੀਤੀਆਂ ਤੇ ਹੱਡਬੀਤੀਆਂ
ਰਾਹੀਂ
ਜਿੰਦਗੀ ਨੂੰ ਇੱਕ ਲਾਟਰੀ ਦਾ ਸਟਾਲ
ਕਹਿ ਸਕਦੇ ਹਾਂ,
ਕਿਉਂਕਿ ਕਦੇ ਟਿੱਕਟ ਲਗ ਜਾਂਦੀ
ਹੈ ਤੇ ਕਦੇ ਨਹੀਂ
ਹੁੰਦਾ ਹੈ ਦੁੱਖ ਬਹੁਤ ਉਦੋਂ ਜਦੋਂ
ਜਾਵੇ ਟਿੱਕਟ ਗੁਆਚ
ਦੇ ਰਹੀ ਹਾਂ ਇੱਕ ਨਸੀਹਤ ਸਭ ਨੂੰ
ਕਿ ਜਿੰਨੀ ਵੀ ਮਿਲੀ ਹੈ ,ਜਿਸਤਰਾਂ
ਦੀ ਵੀ ਮਿਲੀ ਹੈ
ਹੈ ਇਹ ਇੱਕ ਰੱਬੀ ਸੁਗਾਤ,ਹੈ ਇਹ
ਇੱਕ ਰੱਬੀ ਤੋਹਫਾ
ਸੋ ਗੁਜ਼ਾਰੋ ਇਸ ਨੂੰ ,ਨਾ ਕੇ ਇਹ
ਗੁਜ਼ਰ ਜਾਵੇ
ਕਿਉਂਕਿ ਮਿਲਨੀ ਨਾ ਇਹ ਦੁਬਾਰਾ
ਚਲੋ ਦੋਸਤੋ! ਜਿਵੇਂ ਮਰਜ਼ੀ ਇਸ ਨੂੰ
ਵਿਚਾਰੋ,ਜਿਹੜੀ ਮਰਜ਼ੀ ਦਿਓ
ਪਰਿਭਾਸ਼ਾ ਇਸ ਨੂੰ
ਹੈ ਇਹ ਦਮਾਂ ਦੀ ਮੋਹਤਾਜ਼
ਜੇ ਆ ਗਿਆ ਤਾਂ ਆਪਾਂ ਹਾਂ ਨਹੀਂ ਤਾਂ
ਰਾਮ ਨਾਮ ਸਤ!ਨਹੀਂ ਤਾ ਰਾਮ ਨਾਮ
ਸਤ!!

ਅਮਰਜੀਤ ਕੌਰ
ਸਟੇਟ ਐਵਾਰਡੀ
ਸੇਵਾ ਮੁਕਤ ਮੁੱਖ ਅਧਿਆਪਕਾ



## ਡਾ. ਧਰਮਵੀਰ ਗਾਂਧੀ ਨੇ ਕਿਹਾ: ਸਿਰਫ਼ ਕਾਂਗਰਸ ਪਾਰਟੀ ਹੀ ਭਾਜਪਾ ਨੂੰ ਟੱਕਰ ਦੇ ਸਕਦੀ ਹੈ

### ਬੀਤੇ ਦਿਨੀਂ ਕਾਂਗਰਸ ਨੂੰ ਪੰਜਾਬ ਵਿੱਚ ਮਜ਼ਬੂਤ ਕਰਨ ਲਈ ਉਨ੍ਹਾਂ ਦੀ ਮੱਦਦ ਕਰਨ ਦਾ ਕੀਤਾ ਸੀ ਐਲਾਨ



ਪਟਿਆਲਾ, 6 ਅਕਤੂਬਰ (ਪੋਸਟ ਬਿਊਰੋ): ਪੰਜਾਬ ਵਿਚ ਕਾਂਗਰਸ ਦੀ ਡੁੱਬਦੀ ਬੇੜੀ ਨੂੰ ਪਾਰ ਲਗਾਉਣ ਲਈ ਡਾ. ਧਰਮਵੀਰ ਗਾਂਧੀ ਨੇ ਟਵੀਟ ਕਰਕੇ ਕਾਂਗਰਸ ਨੂੰ ਪੰਜਾਬ ਵਿੱਚ ਮਜ਼ਬੂਤ ਕਰਨ ਲਈ ਉਨ੍ਹਾਂ ਦੀ ਮੱਦਦ ਕਰਨ ਦਾ ਐਲਾਨ ਕੀਤਾ ਹੈ ।

ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਜੇਕਰ ਪੰਜਾਬ ਵਿੱਚ ਵਿਰੋਧੀ ਧਿਰ ਮਜ਼ਬੂਤ ਨਾ ਹੋਈ ਤਾਂ ਫਿਰ ਪੰਜਾਬ ਵਿਚ ਤਾਨਾਸ਼ਾਹੀ ਰਾਜ ਆ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਜਮਹੂਰੀਅਤ ਦਾ ਘਾਣ ਹੋ ਰਿਹਾ ਅਤੇ ਰਾਜਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸੱਤ ਅੱਠ ਸਾਲਾਂ ਦੀ ਰਾਜਨੀਤੀ ਦੌਰਾਨ ਸੀਬੀਆਈ ਇਨਕਮ ਟੈਕਸ ਅਤੇ ਈਡੀ ਅਤੇ ਸੁਪਰੀਮ ਕੋਰਟ ਦੇ ਜੱਜ ਜੋ ਕਿ ਜਮਹੂਰੀਅਤ ਦੀ ਰਾਖੀ ਕਰਨ ਵਾਸਤੇ ਇਹ ਸੰਸਥਾਵਾਂ ਬਣਾਈਆਂ ਗਈਆਂ ਸੀ ਪਰ ਅੱਜ ਇਨ੍ਹਾਂ ਵਿਚ ਘੁਸਪੈਠ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜਿਵੇਂ ਪੰਜਾਬ ਵਿੱਚ ਖੇਤਰੀ ਪਾਰਟੀ ਅਕਾਲੀ ਦਲ ਨੇ ਕੇਂਦਰ ਦੀ ਗੋਦ ਵਿੱਚ ਬੈਠ ਕੇ ਆਪਣੇ ਖੇਤਰੀ ਅਧਿਕਾਰ ਨੂੰ ਛਿੱਕੇ ਟੰਗ ਦਿੱਤਾ, ਉਸ ਤੋਂ ਕੋਈ ਵੀ ਆਸ ਨਹੀਂ ਕੀਤੀ ਜਾ ਸਕਦੀ ਅਤੇ ਸਿਰਫ਼ ਕਾਂਗਰਸ ਪਾਰਟੀ ਵਿਚ ਹੀ ਇਕ ਦ੍ਰਿੜ੍ਹਤਾ ਨਜ਼ਰ ਆਉਂਦੀ ਹੈ ਜੋ ਕਿ ਜਮਹੂਰੀ ਹੱਕਾਂ ਦੀ ਰਾਖੀ ਕਰ ਸਕਦੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਉਨ੍ਹਾਂ ਨੂੰ ਦ੍ਰਿੜ੍ਹਤਾ ਨਜ਼ਰ ਆਉਂਦੀ ਹੈ ਬੇਸ਼ੱਕ ਕਾਂਗਰਸ ਪਾਰਟੀ ਨੇ ਵੀ ਆਪਣੇ ਕਾਰਜਕਾਲ ਦੌਰਾਨ ਬਹੁਤ ਗ਼ਲਤੀਆਂ ਅਤੇ ਗੜਬੜੀਆਂ ਕੀਤੀਆਂ, ਪਰ ਅੱਜ ਦੇ ਸਮੇਂ ਵਿਚ ਕਾਂਗਰਸੀ ਹੀ ਇਕ ਅਜਿਹੀ ਪਾਰਟੀ ਨਜ਼ਰ ਆ ਰਹੀ ਹੈ ਜੋ ਕਿ ਜਮੂਹਰੀਅਤ ਦੇ ਹੱਕਾਂ ਦੀ ਰਾਖੀ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਜਿਵੇਂ ਰਾਹੁਲ ਗਾਂਧੀ ਨੇ ਭਾਰਤ ਜੋੜੋ ਯਾਤਰਾ ਵਿਚ ਕਾਰ-ਪੋਰੇਟ ਘਰਾਣਿਆਂ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ ਹੈ ਅਤੇ ਰਾਹੁਲ ਗਾਂਧੀ ਦੁਆਰਾ ਦਿੱਤੀ ਜਾ ਰਹੀ ਸਪੀਚ ਤੋਂ ਦ੍ਰਿੜ੍ਹਤਾ ਨਜ਼ਰ ਆਉਂਦੀ ਹੈ ਕਿ ਇਹ ਕਾਂਗਰਸ ਹੀ ਇਕ ਅਜਿਹੀ ਪਾਰਟੀ ਹੈ ਜੋ ਆਰ ਐੱਸ ਐੱਸ ਦੇ ਏਜੰਡੇ ਨੂੰ ਫੇਲ੍ਹ ਸਾਬਤ ਕਰ ਸਕਦੀ ਹੈ।

# ਮੁੱਖ ਮੰਤਰੀ ਵੱਲੋਂ ਝੋਨੇ ਦਾ ਇੱਕ-ਇੱਕ ਦਾਣਾ ਖ਼ਰੀਦਣ ਦਾ ਅਹਿਦ

### *ਨਿਰਵਿਘਨ ਅਤੇ ਸੁਚਾਰੂ ਖਰੀਦ ਯਕੀਨੀ ਬਣਾਉਣ ਲਈ ਵਿਸਤ੍ਰਿਤ ਪ੍ਰਬੰਧ ਕੀਤੇ * ਸਰਕਾਰ ਦੀਆਂ ਕਿਸਾਨ ਪੱਖੀ ਅਹਿਮ ਪਹਿਲਕਦਮੀਆਂ ਦੱਸੀਆਂ *ਵੱਖ-ਵੱਖ ਲੰਬਿਤ ਮੁੱਦਿਆਂ ਦੇ ਹੱਲ ਲਈ ਕਿਸਾਨਾਂ ਨਾਲ ਕੀਤੀ ਮੀਟਿੰਗ * ਕਿਸਾਨਾਂ ਨੂੰ ਪਰਾਲ਼ੀ ਪ੍ਰਬੰਧਨ ਲਈ ਸਹਿਯੋਗ ਦੀ ਅਪੀਲ









ਚੰਡੀਗੜ੍ਹ, 6 ਅਕਤੂਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਦੀ ਮਿਹਨਤ ਨਾਲ ਪਾਲ਼ੀ ਜਿਣਸ ਦਾ ਇੱਕ-ਇੱਕ ਦਾਣਾ ਖ਼ਰੀਦਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਈ।

ਇੱਥੇ ਪੰਜਾਬ ਭਵਨ ਵਿਖੇ ਕਿਸਾਨਾਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਦੀ ਫ਼ਸਲ ਮੰਡੀਆਂ ਵਿੱਚ ਪੁੱਜਦੇ ਸਾਰ ਖ਼ਰੀਦਣ ਲਈ ਪੁਖ਼ਤਾ ਪ੍ਰਬੰਧ ਕਰ ਲਏ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮੌਕੇ 'ਤੇ ਹੀ ਅਦਾਇਗੀ ਯਕੀਨੀ ਬਣਾਉਣ ਲਈ ਪ੍ਰਣਾਲੀ ਵਿਕਸਤ ਕੀਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਮੰਡੀਆਂ ਵਿੱਚ ਅਨਾਜ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਯਕੀਨੀ ਬਣਾਈ ਜਾ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਮੌਜੂਦਾ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਦੇ ਟਰੈਕਟਰਾਂ ਨੂੰ ਅਨਾਜ ਦੀ ਲੋਡਿੰਗ/ਢੋਆ-ਢੁਆਈ ਲਈ ਇਜਾਜ਼ਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਖਰੀਦ ਸੀਜ਼ਨ ਲਈ ਇਸ ਐਕਟ ਵਿੱਚ ਢੁਕਵੀਂ ਸੋਧ ਕੀਤੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਉਤਸ਼ਾਹਿਤ ਕਰਨ ਲਈ ਵਿੱਤੀ ਸਹਾਇਤਾ ਦੀ ਵੰਡ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ 17000 ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਅਦਾਇਗੀ ਕੀਤੀ ਜਾ ਚੁੱਕੀ ਹੈ। ਭਗਵੰਤ ਮਾਨ ਨੇ ਕਿਹਾ ਕਿ ਬਾਕੀ ਰਹਿੰਦੇ ਕਿਸਾਨਾਂ ਦੀ ਅਦਾਇਗੀ ਵੀ ਇੱਕ ਹਫ਼ਤੇ ਵਿੱਚ ਕਰ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਸਾਨਾਂ ਨੂੰ ਇਹ ਵੀ ਭਰੋਸਾ ਦਿਵਾਇਆ ਕਿ ਲੰਪੀ ਸਕਿਨ ਬਿਮਾਰੀ ਦਾ ਸ਼ਿਕਾਰ ਹੋਏ ਪਸ਼ੂ ਧਨ ਦੀ ਵਿਸਤ੍ਰਿਤ ਸੂਚੀ ਸੂਬਾ ਸਰਕਾਰ ਵੱਲੋਂ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਬਿਮਾਰੀ ਕਾਰਨ ਪਸ਼ੂ ਧਨ ਦਾ ਨੁਕਸਾਨ ਝੱਲਣ ਵਾਲੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾਏਗੀ। ਭਗਵੰਤ ਮਾਨ ਨੇ ਕਿਹਾ ਕਿ ਇਸ ਬਿਮਾਰੀ ਨੂੰ ਮਹਾਂਮਾਰੀ ਐਲਾਨਣ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਹੀ ਕੇਂਦਰ ਸਰਕਾਰ ਕੋਲ ਯਤਨ ਕੀਤੇ ਜਾ ਰਹੇ ਹਨ।

ਇਕ ਹੋਰ ਮੁੱਦੇ 'ਤੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਕਿਸਾਨ ਅੰਦੋਲਨ ਦੌਰਾਨ ਦਰਜ ਹੋਏ ਕਈ ਕੇਸ ਪਹਿਲਾਂ ਹੀ ਰੱਦ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੇ ਕੇਸ ਵੀ ਜਲਦੀ ਹੀ ਰੱਦ ਕਰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਅੰਦੋਲਨ ਦੌਰਾਨ ਜਾਨਾਂ ਗਵਾਉਣ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਪਹਿਲਾਂ ਹੀ 5-5 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਅੰਦੋਲਨ ਦੌਰਾਨ ਜਾਨਾਂ ਗਵਾਉਣ ਵਾਲੇ ਕੁੱਲ 624 ਕਿਸਾਨਾਂ ਵਿੱਚੋਂ 326 ਦੇ ਵਾਰਸਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਚੁੱਕੀਆਂ ਹਨ ਅਤੇ ਬਾਕੀਆਂ ਨੂੰ ਵੀ ਜਲਦੀ ਹੀ ਨੌਕਰੀਆਂ ਦਿੱਤੀਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਨਾਂ 'ਤੇ ਯਾਦਗਾਰ ਉਸਾਰਨ ਲਈ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਮੂੰਗੀ ਦੀ ਫ਼ਸਲ ਦਾ ਮੁਆਵਜ਼ਾ ਵੀ ਕਿਸਾਨਾਂ ਨੂੰ ਦਿੱਤਾ ਜਾ ਚੁੱਕਾ ਹੈ। ਭਗਵੰਤ ਮਾਨ ਨੇ ਕਿਹਾ ਕਿ ਭਵਿੱਖ ਵਿੱਚ ਮੂੰਗੀ ਦੀ ਫਸਲ ਦੀ ਖਰੀਦ ਲਈ ਅਗਾਊਂ ਪੁਖਤਾ ਪ੍ਰਬੰਧ ਕੀਤੇ ਜਾਣਗੇ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਹ ਐਫ.ਆਈ.ਆਰਜ਼. ਦਾ ਮੁੱਦਾ ਰੇਲਵੇ ਮੰਤਰਾਲੇ ਕੋਲ ਵੀ ਉਠਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ।

ਮੀਟਿੰਗ ਦੌਰਾਨ ਭਗਵੰਤ ਮਾਨ ਨੇ ਦੱਸਿਆ ਕਿ ਸੂਬੇ ਵਿੱਚ 15 ਅਕਤੂਬਰ ਤੋਂ ਪਸ਼ੂ ਮੇਲੇ ਮੁੜ ਸ਼ੁਰੂ ਹੋਣਗੇ। ਵਿਚਾਰ-ਵਟਾਂਦਰੇ ਵਿੱਚ ਹਿੱਸਾ ਲੈਂਦਿਆਂ ਕਿਸਾਨਾਂ ਨੇ ਗੰਨੇ ਦੇ ਭਾਅ ਵਿੱਚ ਵਾਧਾ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਪ੍ਰਾਈਵੇਟ ਮਿੱਲਾਂ ਦੀ ਬਕਾਇਆ ਰਾਸ਼ੀ ਦੀ ਅਦਾਇਗੀ ਲਈ ਦਖ਼ਲ ਦੇਣ ਦੀ ਅਪੀਲ ਕੀਤੀ। ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਖੰਡ ਮਿੱਲਾਂ ਵਿੱਚ ਪਿੜਾਈ ਸੀਜ਼ਨ 5 ਨਵੰਬਰ ਤੋਂ ਸ਼ੁਰੂ ਹੋਵੇਗਾ, ਜਿਸ ਤੋਂ ਪਹਿਲਾਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ 11 ਅਕਤੂਬਰ ਨੂੰ ਮੀਟਿੰਗ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਸਾਨਾਂ ਨੂੰ ਕਿਹਾ ਕਿ ਸੂਬਾ ਸਰਕਾਰ ਪਰਾਲੀ ਦੇ ਪ੍ਰਬੰਧਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਸ ਕਾਰਜ ਲਈ ਸੂਬਾ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ ਵਾਤਾਵਰਨ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ।

## ਵਿਜੀਲੈਂਸ ਬਿਊਰੋ ਵੱਲੋਂ 10 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਐਫ.ਸੀ.ਆਈ. ਦਾ ਸੇਵਾਮੁਕਤ ਕਰਮਚਾਰੀ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 6 ਅਕਤੂਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਐਫ.ਸੀ.ਆਈ., ਨਕੋਦਰ, ਜਿਲਾ ਜਲੰਧਰ ਦੇ ਲੇਬਰ ਹੈਂਡਲਿੰਗ ਇੰਚਾਰਜ (ਸੇਵਾਮੁਕਤ) ਸ਼ੰਕਰ ਸ਼ਾਹ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਹੈ।

ਇਹ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਕਥਿਤ ਦੋਸ਼ੀ ਲੇਬਰ ਇੰਚਾਰਜ ਨੂੰ ਸ੍ਰੀਮਤੀ ਸ਼ਮਾ ਵਾਸੀ ਪਿੰਡ ਮਹੇੜੂ, ਜਲੰਧਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਵਿਜੀਲੈਂਸ ਬਿਓਰੋ ਦੇ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ ਅਤੇ ਐਫਸੀਆਈ ਦੇ ਹੋਰ ਅਧਿਕਾਰੀਆਂ ਦੀ ਭੂਮਿਕਾ, ਜੇਕਰ ਕੋਈ ਇਸ ਮਾਮਲੇ ਵਿੱਚ ਸ਼ਾਮਲ ਹੋਣ, ਦੀ ਵੀ ਜਾਂਚ ਕੀਤੀ ਜਾਵੇਗੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਸੇਵਾਮੁਕਤ ਲੇਬਰ ਇੰਚਾਰਜ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਐਫ.ਸੀ.ਆਈ. ਤੋਂ ਬਣਦੇ ਬਕਾਏ ਦਿਵਾਉਣ ਵਿੱਚ ਮਦਦ ਕਰਨ ਬਦਲੇ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਇਸ ਤੋਂ ਇਲਾਵਾ ਸ਼ਿਕਾਇਤਕਰਤਾ ਨੇ ਦਰਜ ਕਰਵਾਇਆ ਹੈ ਕਿ ਮੁਲਜਮ ਸ਼ੰਕਰ ਸ਼ਾਹ ਇਸ ਸਬੰਧੀ ਪਹਿਲਾਂ ਵੀ ਉਸ ਤੋਂ 10,000 ਰੁਪਏ ਲੈ ਚੁੱਕਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸਬੰਧ ਵਿੱਚ ਮੌਜੂਦ ਤੱਥਾਂ ਅਤੇ ਸਬੂਤਾਂ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਉਕਤ ਮੁਲਜਮ ਨੂੰ ਰਿਸ਼ਵਤ ਦੀ ਰਾਸ਼ੀ ਲੈਂਦਿਆਂ ਗ੍ਰਿਫਤਾਰ ਕਰ ਲਿਆ।

## ਆਰੀਅਨਜ਼ ਦਾ ਵਫ਼ਦ ਮੁੱਖ ਮੰਤਰੀ ਨੂੰ ਮਿਲਿਆ, ਮੁੱਖ ਮੰਤਰੀ ਕ੍ਰਿਕਟ ਕਲੱਬ ਦੀ ਅਧਿਕਾਰਤ ਜਰਸੀ ਜਾਰੀ ਕੀਤੀ



ਚੰਡੀਗੜ੍ਹ, 6 ਅਕਤੂਬਰ (ਪੋਸਟ ਬਿਊਰੋ): ਰਾਜ ਵਿੱਚ ਖੇਡਾਂ ਅਤੇ ਯੁਵਕ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, ਪੰਜਾਬ ਸਕੱਤਰੇਤ ਕ੍ਰਿਕਟ ਕਲੱਬ (ਪੀ.ਐਸ.ਸੀ.ਸੀ.) ਅਤੇ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼, ਰਾਜਪੁਰਾ, ਨੇੜੇ ਚੰਡੀਗੜ੍ਹ, "ਐਵੇਂਜਰਜ਼ ਕੱਪ", ਟੀ-20 ਓਪਨ ਕ੍ਰਿਕੇਟ ਦਾ ਆਯੋਜਨ ਕਰੇਗਾ। ਟੂਰਨਾਮੈਂਟ, ਜਿਸ ਵਿੱਚ ਟ੍ਰਾਈਸਿਟੀ ਦੀਆਂ ਲਗਭਗ 16 ਟੀਮਾਂ ਹਿੱਸਾ ਲੈਣਗੀਆਂ। ਇੱਕ ਸੰਖੇਪ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਸ.ਭਗਵੰਤ ਮਾਨ ਨੇ ਮੁੱਖ ਮੰਤਰੀ ਦਫ਼ਤਰ ਵਿਖੇ ਪੰਜਾਬ ਸਕੱਤਰੇਤ ਕ੍ਰਿਕਟ ਕਲੱਬ ਦੀ ਅਧਿਕਾਰਤ ਜਰਸੀ ਲਾਂਚ ਕੀਤੀ। ਇਸ ਮੌਕੇ ਡਾ: ਅੰਸ਼ੂ ਕਟਾਰੀਆ, ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਗੈਸਟ ਆਫ਼ ਆਨਰ ਸਨ। ਇਸ ਮੌਕੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਯਸ਼ਪਾਲ ਸ਼ਰਮਾ ਜੋ ਕਿ ਪੰਜਾਬ ਸਕੱਤਰੇਤ ਕ੍ਰਿਕਟ ਕਲੱਬ ਦੇ ਸੀਨੀਅਰ ਸਰਪ੍ਰਸਤ ਹਨ, ਨੇ ਪੱਤਰਕਾਰਾਂ ਨੂੰ ਕਿਹਾ ਕਿ ਦਫ਼ਤਰਾਂ ਵਿੱਚ ਕੰਮ ਕਰਨ ਦੇ ਨਾਲ-ਨਾਲ ਕਰਮਚਾਰੀਆਂ ਨੂੰ ਆਪਣੀ ਸਿਹਤ ਪ੍ਰਤੀ ਵੀ ਜਾਗਰੂਕ ਰਹਿਣਾ ਚਾਹੀਦਾ ਹੈ।

## ਆਪਣੀਆਂ ਮੰਗਾਂ ਮਨਾਉਣ ਲਈ ਪਾਣੀ ਵਾਲੀ ਟੈਂਕੀ ’ਤੇ ਚੜ੍ਹੇ ਬੇਰੁਜ਼ਾਗਰ ਅਧਿਆਪਕ

ਚੰਡੀਗੜ੍ਹ, 6 ਅਕਤੂਬਰ (ਪੋਸਟ ਬਿਊਰੋ): ਪੀ.ਟੀ.ਆਈ. 646 ਅਧਿਆਪਕ ਯੂਨੀਅਨ ਦੇ ਮੈਂਬਰ ਇਕ ਵਾਰ ਫੇਰ ਸੋਹਾਣਾ ਵਿਖੇ ਪੰਜਾਬ ਸਰਕਾਰ ਤੋਂ ਆਪਣੀਆਂ ਮੰਗਾਂ ਮਨਾਉਣ ਲਈ ਪਾਣੀ ਵਾਲੀ ਟੈਂਕੀ 'ਤੇ ਚੜ੍ਹੇ। ਦੱਸਿਆ ਜਾ ਰਿਹਾ ਹੈ ਕਿ ਯੂਨੀਅਨ ਮੈਂਬਰਾਂ ਨੇ ਮੰਗਲਵਾਰ ਦੇਰ ਰਾਤ ਪੂਰੀ ਤਿਆਰੀ ਨਾਲ ਪਹਿਲਾਂ ਮਿੱਥੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਰੂਪ-ਰੇਖਾ ਉਲੀਕੀ ਸੀ। ਛੇ ਮਹੀਨੇ ਪਹਿਲਾਂ ਵੀ ਪੀਟੀਆਈ 646 ਅਧਿਆਪਕ ਯੂਨੀਅਨ ਦੇ ਮੈਂਬਰਾਂ ਨੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਸਮੇਂ ਇਸੇ ਟੈਂਕੀ ਉੱਪਰ ਚੜ੍ਹ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਬੀਤੀ ਰਾਤ ਕਰੀਬ 11-12 ਵਜੇ ਬੇਰੁਜ਼ਗਾਰ ਅਧਿਆਪਕ ਪੌੜੀ ਜੋੜਕੇ ਇਸ ਪਾਣੀ ਵਾਲੀ ਟੈਂਕੀ ’ਤੇ ਚੜ੍ਹਨ ਵਿੱਚ ਸਫਲ ਹੋ ਗਏ। ਜ਼ਿਕਰਯੋਗ ਹੈ ਕਿ ਇਕ ਸਾਲ ਪਹਿਲਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਨ੍ਹਾਂ ਬੇਰੁਜ਼ਗਾਰ ਅਧਿਆਪਕਾਂ ਨੂੰ ਇਸੇ ਪਾਣੀ ਵਾਲੀ ਟੈਂਕੀ ਤੋਂ ਇਹ ਵਿਸ਼ਵਾਸ ਦਿੰਦੇ ਹੋਏ ਥੱਲ੍ਹੇ ਉਤਾਰਿਆ ਸੀ ਕਿ ‘ਆਪ’ ਦੀ ਸਰਕਾਰ ਆਉਣ ਉਤੇ ਪਹਿਲ ਦੇ ਆਧਾਰ ’ਤੇ ਉਨ੍ਹਾਂ ਮਸਲਾ ਹੱਲ ਕੀਤਾ ਜਾਵੇਗਾ। ਉਸ ਸਮੇਂ ਪਾਣੀ ਵਾਲੀ ਟੈਂਕੀ ’ਤੇ ਚੜ੍ਹੀ ਸਿੰਪੀ ਸ਼ਰਮਾ ਨੂੰ ਕੇਜਰੀਵਾਲ ਨੇ ਆਪਣੀ ਛੋਟੀ ਭੈਣ ਬਣਾਇਆ ਸੀ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਠੇਕਾ ਮੁਲਾਜ਼ਮਾਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦਾ ਐਲਾਨ

ਚੰਡੀਗੜ੍ਹ, 6 ਅਕਤੂਬਰ (ਪੋਸਟ ਬਿਊਰੋ): ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਪਿਛਲੇ ਸਮੇਂ ਤੋਂ ਕੁਝ ਫਿਰਕੂ ਪਾਟਕਪਾਊ ਅਨਸਰਾਂ ਵਲੋਂ ਵਿਢੇ ਭੰਡੀ ਪ੍ਰਚਾਰ ਅਤੇ ਦਿਤੀਆਂ ਜਾ ਰਹੀਆਂ ਧਮਕੀਆਂ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਮੋਢੇ ਨਾਲ ਮੋਢਾ ਲਾਕੇ ਹਿਮੈਤ ਵਿਚ ਖੜ੍ਹਨ ਦਾ ਐਲਾਨ ਕੀਤਾ ਗਿਆ ਹੈ। ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਮੋਰਚੇ ਦੇ ਆਗੂਆਂ ਸ੍ਰੀ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਬਲਿ-ਹਾਰ ਸਿੰਘ ਕਟਾਰੀਆ, ਗੁਰਵਿੰਦਰ ਸਿੰਘ ਪੰਨੂ, ਸ਼ੇਰ ਸਿੰਘ ਖੰਨਾ, ਸਿਮਰਨ ਜੀਤ ਸਿੰਘ ਨੀਲੋਂ, ਰਮਨਪ੍ਰੀਤ ਕੌਰ ਮਾਨ, ਪਵਨ ਅਮ੍ਰਿਤਸਰ, ਜਸਪ੍ਰੀਤ ਸਿੰਘ ਗਗਨ, ਸੁਰਿੰ-ਦਰ ਸਿੰਘ ਵਲੋਂ ਕਿਹਾ ਗਿਆ ਕਿ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਜਥੇਬੰਦੀ, ਪਿਛਲੇ ਅਰਸੇ ਤੋਂ ਹੀ ਇਨ੍ਹਾਂ ਫਿਰਕੂ ਪਾਟਕਪਾਊ ਅਤੇ ਸਰਕਾਰ ਭਗਤ ਅਨਸਰਾਂ ਦੇ ਨਿਸ਼ਾਨੇ ਤੇ ਕਿਉਂ ਹੈ? ਇਸ ਦੀ ਵਿਆਖਿਆ ਕਰਦੇ ਹੋਏ ਆਗੂਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਦੇ ਪਿਛਲੇ ਵੀਹ ਸਾਲਾਂ ਦੇ ਇਤਿਹਾਸ ਵਿੱਚ ਕਿਸਾਨਾਂ ਤੇ ਹੋਰਨਾਂ ਲੋਕਾਂ ਦੇ ਸੰਘਰਸ਼ 'ਚ ਜੇਕਰ ਕੋਈ ਜਥੇਬੰਦੀ ਹਰ ਵੇਲੇ ਹਾਜ਼ਰ ਹੈ ਤੇ ਆਪਣੀ ਸਾਰੀ ਸ਼ਕਤੀ ਝੋਕ ਕੇ ਨਿੱਤਰਦੀ ਹੈ ਤਾਂ ਇਹ ਬੀ ਕੇ ਯੂ ਏਕਤਾ (ਉਗਰਾਹਾਂ) ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW



# ਅਰੁਣਾਚਲ ਪ੍ਰਦੇਸ਼ ਦੇ ਤਵਾਂਗ ਵਿਚ ਭਾਰਤੀ ਫ਼ੌਜ ਦਾ ਚੀਤਾ ਹੈਲੀਕਾਪਟਰ ਕਰੈਸ਼, ਇਕ ਅਧਿਕਾਰੀ ਦੀ ਮੌਤ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਭਾਰਤੀ ਸੈਨਾ ਦਾ ਇੱਕ ਚੀਤਾ ਹੈਲੀਕਾਪਟਰ ਅਰੁਣਾਚਲ ਪ੍ਰਦੇਸ਼ ਵਿੱਚ ਕਰੈਸ਼ ਹੋ ਗਿਆ। ਇਸ 'ਚ ਫੌਜ ਦਾ ਇਕ ਜਵਾਨ ਸ਼ਹੀਦ ਹੋ ਗਿਆ, ਜਦਕਿ ਇਕ ਹੋਰ ਜ਼ਖਮੀ ਹੋ ਗਿਆ। ਇਹ ਹੈਲੀਕਾਪਟਰ ਅਰੁਣਾਚਲ ਦੇ ਤਵਾਂਗ 'ਚ ਹਾਦਸਾਗ੍ਰਸਤ ਹੋ ਗਿਆ ਹੈ। ਹੈਲੀਕਾਪਟਰ ਸਵੇਰੇ 10 ਵਜੇ ਦੇ ਕਰੀਬ ਰੁਟੀਨ ਉਡਾਣ ਦੌਰਾਨ ਹਾਦਸਾਗ੍ਰਸਤ ਹੋ ਗਿਆ।



ਫੌਜ ਨੇ ਦੱਸਿਆ ਕਿ ਚੀਤਾ ਹੈਲੀਕਾਪਟਰ 'ਚ ਦੋ ਪਾਇਲਟ ਸਵਾਰ ਸਨ। ਹਾਦਸੇ ਤੋਂ ਬਾਅਦ ਦੋਹਾਂ ਨੂੰ ਬਾਹਰ ਕੱਢ ਕੇ ਨਜ਼ਦੀਕੀ ਫੌਜੀ ਹਸਪਤਾਲ ਲਿਜਾਇਆ ਗਿਆ। ਪਰ ਲੈਫਟੀਨੈਂਟ ਕਰਨਲ ਸੌਰਭ ਯਾਦਵ ਗੰਭੀਰ ਜ਼ਖਮੀ ਹੋ ਗਏ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਸਰੀ ਦੇ ਪਾਇਲਟ ਦਾ ਇਸ ਸਮੇਂ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਫੌਜ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ, 'ਹਾਦਸੇ ਦਾ ਪਤਾ ਨਹੀਂ ਲੱਗ ਸਕਿਆ ਹੈ। ਘਟਨਾ ਦਾ ਅਜੇ ਪਤਾ ਲਗਾਇਆ ਜਾ ਰਿਹਾ ਹੈ।

# ਇਤਿਹਾਸਕ ਮਸਜਿਦ 'ਚ ਜ਼ਬਰਦਸਤੀ ਦਾਖਲ ਹੋ ਕੇ ਕੀਤੀ ਪੂਜਾ, 9 ਲੋਕਾਂ 'ਤੇ ਮਾਮਲਾ ਦਰਜ

ਬੈਂਗਲੁਰੂ, 6 ਅਕਤੂਬਰ (ਪੋਸਟ ਬਿਊਰੋ)- ਕਰਨਾਟਕ ਦੇ ਬਿਦਰ ਜ਼ਿਲ੍ਹੇ ਵਿੱਚ ਦੁਸਹਿਰਾ ਜਲੂਸ ਵਿਚ ਸ਼ਾਮਲ ਭੀੜ ਨੇ ਜ਼ਬਰਦਸਤੀ ਇੱਕ ਇਤਿਹਾਸਕ ਮਸਜਿਦ ਵਿੱਚ ਦਾਖਲ ਹੋ ਕੇ ਪੂਜਾ ਕੀਤੀ। ਮਦਰੱਸੇ 'ਚ ਕਥਿਤ ਤੌਰ 'ਤੇ ਭੰਨਤੋੜ ਕੀਤੀ ਗਈ ਅਤੇ ਨਾਅਰੇਬਾਜ਼ੀ ਕੀਤੀ ਗਈ। ਪੁਲਸ ਨੇ 9 ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਪਰ ਅਜੇ ਤੱਕ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਮੁਸਲਿਮ ਸੰਗਠਨਾਂ ਨੇ ਗ੍ਰਿਫਤਾਰੀ ਨਾ ਹੋਣ 'ਤੇ ਵਿਰੋਧ ਪ੍ਰਦਰਸ਼ਨ ਦੀ ਗੱਲ ਕਹੀ ਹੈ। 1460 ਵਿੱਚ ਬਣਾਇਆ ਗਿਆ, ਬਿਦਰ ਵਿੱਚ ਮਹਿਮੂਦ ਗਵਾਨ ਮਦਰੱਸਾ ਭਾਰਤੀ ਪੁਰਾਤੱਤਵ ਸਰਵੇਖਣ ਦੇ ਅਧੀਨ ਆਉਂਦਾ ਹੈ। ਵਿਰਾਸਤੀ ਢਾਂਚਾ ਵੀ ਰਾਸ਼ਟਰੀ ਮਹੱਤਵ ਵਾਲੇ ਸਮਾਰਕਾਂ ਦੀ ਸੂਚੀ ਵਿੱਚ ਹੈ। ਪੁਲਸ ਨੇ ਦੱਸਿਆ ਕਿ ਬੁੱਧਵਾਰ ਸ਼ਾਮ ਨੂੰ ਭੀੜ ਨੇ ਮਦਰੱਸੇ ਦਾ ਤਾਲਾ ਤੋੜ ਦਿੱਤਾ। ਮਦਰੱਸੇ ਦੀਆਂ ਪੌੜੀਆਂ 'ਤੇ ਖੜ੍ਹੇ ਹੋ ਕੇ, ਉਨ੍ਹਾਂ ਪੂਜਾ ਕਰਨ ਲਈ ਇੱਕ ਕੋਨੇ ਵੱਲ ਮੁੜਨ ਤੋਂ ਪਹਿਲਾਂ "ਜੈ ਸ਼੍ਰੀ ਰਾਮ" ਅਤੇ "ਹਿੰਦੂ ਧਰਮ ਦੀ ਜੈ" ਦੇ ਨਾਅਰੇ



ਲਗਾਏ। ਵਾਇਰਲ ਵੀਡੀਓ 'ਚ ਪੌੜੀਆਂ 'ਤੇ ਖੜੀ ਵੱਡੀ ਭੀੜ ਇਮਾਰਤ ਦੇ ਅੰਦਰ ਜਾਣ ਦੀ ਕੋਸ਼ਿਸ਼ ਕਰ ਰਹੀ ਹੈ। ਇੱਕ ਸਥਾਨਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਨੌਂ ਲੋਕਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ, ਪਰ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।

ਬਿਦਰ ਦੇ ਕਈ ਮੁਸਲਿਮ ਸੰਗਠਨਾਂ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ ਅਤੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਏਆਈਐਮਆਈਐਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਇਸ ਘਟਨਾ ਨੂੰ ਲੈ ਕੇ ਰਾਜ ਦੀ ਸੱਤਾਧਾਰੀ ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਦੋਸ਼ ਲਗਾਇਆ ਕਿ ਉਹ "ਮੁਸਲਮਾਨਾਂ ਨੂੰ ਨੀਵਾਂ" ਕਰਨ ਲਈ ਅਜਿਹੀਆਂ ਘਟਨਾਵਾਂ ਨੂੰ ਵਧਾਵਾ ਦੇ ਰਹੀ ਹੈ।

# ਐਲਪੀਜੀ ਸਿਲੰਡਰ ਫਟਣ ਕਾਰਨ ਤਿੰਨ ਮੰਜ਼ਿਲਾ ਮਕਾਨ ਡਿੱਗਿਆ, 3 ਦੀ ਮੌਤ

ਗਾਜ਼ੀਆਬਾਦ, 6 ਅਕਤੂਬਰ (ਪੋਸਟ ਬਿਊਰੋ)- ਗਾਜ਼ੀਆਬਾਦ ਵਿੱਚ ਐਲਪੀਜੀ ਸਿਲੰਡਰ ਫਟਣ ਨਾਲ ਇੱਕ ਤਿੰਨ ਮੰਜ਼ਿਲਾ ਮਕਾਨ ਢਹਿ ਗਿਆ, ਜਿਸ ਵਿੱਚ ਤਿੰਨ ਦੀ ਮੌਤ ਹੋ ਗਈ ਅਤੇ ਛੇ ਜ਼ਖ਼ਮੀ ਹੋ ਗਏ। ਇਹ ਘਟਨਾ ਲੋਨੀ ਦੇ ਬਬਲੂ ਗਾਰਡਨ 'ਚ ਨਿਠੋਰਾ ਰੋਡ 'ਤੇ ਬਣੇ ਘਰ 'ਚ ਵਾਪਰੀ। ਪੁਲਿਸ ਅਤੇ ਫਾਇਰ ਬ੍ਰਿਗੇਡ ਦੇ ਅਧਿਕਾਰੀ ਮੌਕੇ 'ਤੇ ਮੌਜੂਦ ਹਨ ਅਤੇ ਬਚਾਅ ਕੰਮ ਜਾਰੀ ਹੈ। ਚਾਰ ਲੋਕਾਂ ਨੂੰ ਬਾਹਰ ਕੱਢ ਕੇ ਹਸਪਤਾਲ ਭੇਜਿਆ ਗਿਆ ਹੈ ਅਤੇ ਕੁਝ ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ।

ਦੱਸਿਆ ਜਾ ਰਿਹਾ ਹੈ ਕਿ ਗੈਸ ਲੀਕ ਹੋਣ ਕਾਰਨ ਸਿਲੰਡਰ ਨੂੰ ਅੱਗ ਲੱਗ ਗਈ। ਇਸ ਤੋਂ ਬਾਅਦ ਜ਼ੋਰਦਾਰ ਧਮਾਕਾ ਹੋਇਆ ਅਤੇ ਸਿਲੰਡਰ ਫਟ ਗਿਆ। ਇਸ ਕਾਰਨ ਮਕਾਨ ਢਹਿ ਗਿਆ ਅਤੇ ਕਈ ਲੋਕ ਦੱਬ ਗਏ। ਰਾਹਤ ਅਤੇ ਬਚਾਅ ਕੰਮ ਜਾਰੀ ਹੈ।

ਦਰਅਸਲ, ਇੱਥੇ ਇੱਕ ਵਿਅਕਤੀ ਆਪਣੇ ਚਾਰ ਪੁੱਤਰਾਂ ਅਤੇ ਦੋ ਨੂੰਹਾਂ ਅਤੇ ਬੱਚਿਆਂ ਨਾਲ ਦੋ ਮੰਜ਼ਿਲਾ ਮਕਾਨ ਵਿੱਚ ਰਹਿੰਦਾ ਹੈ। ਅੱਗ ਲੱਗਣ ਸਮੇਂ ਭੋਜਨ ਤਿਆਰ ਕੀਤਾ ਜਾ ਰਿਹਾ ਸੀ। ਮੌਕੇ 'ਤੇ ਵੱਡੀ ਭੀੜ ਇਕੱਠੀ ਹੋ ਗਈ।

# ਉਤਰਕਾਸ਼ੀ 'ਚ ਬਰਫੀਲੇ ਤੂਫਾਨ 'ਚ ਫਸੇ 10 ਪਰਬਤਾਰੋਹੀਆਂ ਦੀ ਹੋਈ ਮੌਤ



ਉੱਤਰਕਾਸ਼ੀ, 6 ਅਕਤੂਬਰ (ਪੋਸਟ ਬਿਊਰੋ)- ਉੱਤਰਕਾਸ਼ੀ 'ਚ ਦ੍ਰੋਪਦੀ ਦੇ ਡੰਡਾ-2 ਪਹਾੜ ਦੀ ਚੋਟੀ 'ਤੇ ਬਰਫੀਲੇ ਤੂਫਾਨ 'ਚ ਫਸੇ 29 ਪਰਬਤਾਰੋਹੀਆਂ 'ਚੋਂ 10 ਦੀ ਮੌਤ ਹੋ ਗਈ ਹੈ। ਜਾਣਕਾਰੀ ਮੁਤਾਬਕ ਇਹ ਪਰਬਤਾਰੋਹੀ ਆਪਣੀ ਮੁਹਿੰਮ ਦੌਰਾਨ ਬਰਫੀਲੇ ਤੂਫਾਨ ਦੀ ਲਪੇਟ 'ਚ ਆ ਗਏ ਸਨ। ਸਾਰੇ ਪਰਬਤਾਰੋਹੀਆਂ ਦਾ ਸਬੰਧ ਨਹਿਰੂ ਇੰਸਟੀਚਿਊਟ ਆਫ ਮਾਊਂਟੇਨੀਅਰਿੰਗ, ਉੱਤਰਕਾਸ਼ੀ ਨਾਲ ਹੈ। ਇਹ ਸਾਰੇ ਪਰਬਤਾਰੋਹ ਦੀ ਸਿਖਲਾਈ ਲੈ ਰਹੇ ਸਨ। ਤਾਜ਼ਾ ਜਾਣਕਾਰੀ ਮੁਤਾਬਕ 29 'ਚੋਂ 10 ਪਰਬਤਰੋਹੀਆਂ ਦੀ ਮੌਤ ਹੋ ਚੁੱਕੀ ਹੈ। ਬਚੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਰਾਹਤ ਅਤੇ ਬਚਾਅ ਕੰਮ ਜਾਰੀ ਹੈ।

ਇਸ ਤੋਂ ਪਹਿਲਾਂ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਟਵੀਟ ਕਰਕੇ ਇਸ ਹਾਦਸੇ ਦੀ ਜਾਣਕਾਰੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਐੱਨ.ਡੀ.ਆਰ.ਐਫ., ਐਸ.ਡੀ.ਆਰ.ਐਫ., ਫੌਜ ਅਤੇ ਆਈ.ਟੀ.ਬੀ.ਪੀ. ਦੇ ਜਵਾਨਾਂ ਵਲੋਂ ਐਨ.ਆਈ.ਐਮ. ਦੀ ਟੀਮ ਸਮੇਤ ਪਰਬਤਾਰੋਹੀਆਂ ਨੂੰ ਬਚਾਉਣ ਲਈ ਤੇਜ਼ੀ ਨਾਲ ਰਾਹਤ ਅਤੇ ਬਚਾਅ ਕਾਰਜ ਚਲਾਏ ਜਾ ਰਹੇ ਹਨ। ਪੁਸ਼ਕਰ ਸਿੰਘ ਧਾਮੀ ਨੇ ਦੱਸਿਆ ਕਿ ਰੱਖਿਆ ਮੰਤਰੀ ਨਾਲ ਗੱਲ ਕਰਕੇ ਬਚਾਅ ਕਾਰਜ ਤੇਜ਼ ਕਰਨ ਲਈ ਫੌਜ ਦੀ ਮਦਦ ਲੈਣ ਦੀ ਬੇਨਤੀ ਕੀਤੀ ਗਈ ਹੈ।

# ਇਰਾਨ-ਚੀਨ ਫਲਾਈਟ 'ਚ ਬੰਬ ਹੋਣ ਦੀ ਅਫਵਾਹ ਭਾਰਤੀ ਅਸਮਾਨ ਤੱਕ ਪਹੁੰਚੀ, ਏਅਰ ਫੋਰਸ ਨੇ ਭੇਜੇ ਜੈੱਟ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ) - ਤਹਿਰਾਨ ਤੋਂ ਚੀਨ ਜਾ ਰਹੀ ਮਹਾਨ ਏਅਰ ਦੇ ਜਹਾਜ਼ ਵਿੱਚ ਬੰਬ ਹੋਣ ਦੀ ਖ਼ਬਰ ਮਿਲਣ ਤੋਂ ਬਾਅਦ ਹੜਕੰਪ ਮਚ ਗਿਆ। ਇਹ ਜਹਾਜ਼ ਕਾਫੀ ਦੇਰ ਤੱਕ ਦਿੱਲੀ ਦੇ ਹਵਾਈ ਖੇਤਰ 'ਤੇ ਰਿਹਾ ਅਤੇ ਇਸ ਦੌਰਾਨ ਭਾਰਤੀ ਹਵਾਈ ਸੈਨਾ ਦੇ ਜਹਾਜ਼ਾਂ ਨੇ ਇਸ 'ਤੇ ਤਿੱਖੀ ਨਜ਼ਰ ਰੱਖੀ। ਬੰਬ ਦੀ ਧਮਕੀ ਤੋਂ ਬਾਅਦ, ਭਾਰਤੀ ਹਵਾਈ ਸੈਨਾ ਨੇ ਈਰਾਨ ਦੀ ਰਾਜਧਾਨੀ ਤਹਿਰਾਨ ਤੋਂ ਚੀਨ ਦੇ ਗੁਆਂਗਜ਼ੂ ਜਾ ਰਹੇ ਮਹਾਨ ਏਅਰ ਦੇ ਯਾਤਰੀ ਜਹਾਜ਼ ਨੂੰ ਰੋਕਣ ਲਈ ਆਪਣੇ ਲੜਾਕੂ ਜਹਾਜ਼ਾਂ ਨੂੰ ਪਿੱਛੇ ਭੇਜਿਆ। ਹਵਾਈ ਸੈਨਾ ਨੇ ਇਕ ਬਿਆਨ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ।

ਬਿਆਨ ਮੁਤਾਬਕ ਇਹ ਘਟਨਾ ਸਵੇਰੇ ਉਸ ਸਮੇਂ ਵਾਪਰੀ ਜਦੋਂ ਫਲਾਈਟ ਨੰਬਰ ਡਬਲਿਯੂ-581 ਭਾਰਤੀ ਹਵਾਈ ਖੇਤਰ ਤੋਂ ਉੱਡ ਰਹੀ ਸੀ। ਭਾਰਤੀ ਲੜਾਕੂ ਜਹਾਜ਼ਾਂ ਨੇ ਸੁਰੱਖਿਅਤ ਦੂਰੀ 'ਤੇ ਇਸ ਉਡਾਣ ਦਾ ਪਿੱਛਾ ਕੀਤਾ। ਜਹਾਜ਼ ਨੂੰ ਪਹਿਲਾਂ ਜੈਪੁਰ ਅਤੇ ਫਿਰ ਚੰਡੀਗੜ੍ਹ 'ਤੇ ਉਤਰਨ ਦਾ ਵਿਕਲਪ ਦਿੱਤਾ ਗਿਆ ਸੀ। ਹਾਲਾਂਕਿ ਪਾਇਲਟ ਨੇ ਕਿਹਾ ਕਿ ਉਹ ਜਹਾਜ਼ ਨੂੰ ਦੋਵਾਂ ਹਵਾਈ ਅੱਡਿਆਂ 'ਤੇ ਨਹੀਂ ਉਤਾਰਨਾ ਚਾਹੁੰਦਾ।

ਇਸ ਵਿਚ ਕਿਹਾ ਗਿਆ ਹੈ, "3 ਅਕਤੂਬਰ ਨੂੰ, ਇਕ ਈਰਾਨੀ ਰਜਿਸਟਰਡ ਜਹਾਜ਼ ਵਿਚ ਬੰਬ ਹੋਣ ਦੀ ਸੂਚਨਾ ਮਿਲੀ ਸੀ ਜਦੋਂ ਇਹ ਭਾਰਤੀ ਹਵਾਈ ਖੇਤਰ ਤੋਂ ਲੰਘ ਰਿਹਾ ਸੀ। ਭਾਰਤੀ ਹਵਾਈ ਸੈਨਾ ਦੇ ਲੜਾਕੂ ਜਹਾਜ਼ਾਂ ਨੂੰ ਤੁਰੰਤ ਸਬੰਧਤ ਉਡਾਣ ਦੀ ਦਿਸ਼ਾ ਵਿੱਚ ਮੋੜ ਦਿੱਤਾ ਗਿਆ, ਜੋ ਸੁਰੱਖਿਅਤ ਦੂਰੀ 'ਤੇ ਇਸ ਦਾ ਪਿੱਛਾ ਕਰਨਾ ਜਾਰੀ ਰੱਖਿਆ। ਬਿਆਨ ਮੁਤਾਬਕ ਕੁਝ ਸਮੇਂ ਬਾਅਦ ਤਹਿਰਾਨ ਤੋਂ ਬੰਬ ਦੀ ਚਿਤਾਵਨੀ ਨੂੰ ਨਜ਼ਰਅੰਦਾਜ਼ ਕਰਨ ਦਾ ਸੁਨੇਹਾ ਮਿਲਿਆ, ਜਿਸ ਤੋਂ ਬਾਅਦ ਜਹਾਜ਼ ਨੇ ਆਪਣੀ ਅੰਤਿਮ ਮੰਜ਼ਿਲ ਵੱਲ ਆਪਣੀ ਯਾਤਰਾ ਜਾਰੀ ਰੱਖੀ।

# ਬੈਂਗਲੁਰੂ ਵਿਚ ਈਡੀ ਨੇ ਚੀਨੀ ਐਪ ਨਾਲ ਜੁੜੀਆਂ 12 ਸੰਸਥਾਵਾਂ 'ਤੇ ਕਤਿੀ ਛਾਪੇਮਾਰੀ, 5.85 ਕਰੋੜ ਰੁਪਏ ਜ਼ਬਤ

ਬੇਂਗਲੁਰੂ, 6 ਅਕਤੂਬਰ (ਪੋਸਟ ਬਿਊਰੋ)-ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਪਾਰਟ-ਟਾਈਮ ਨੌਕਰੀਆਂ ਦੇਣ ਦੇ ਬਹਾਨੇ ਨੌਜਵਾਨਾਂ ਨਾਲ ਕਥਿਤ ਤੌਰ 'ਤੇ ਧੋਖਾਧੜੀ ਕਰਨ ਲਈ ਚੀਨ ਨਾਲ ਜੁੜੀ ਇਕ ਕੰਪਨੀ ਦੇ ਖਿਲਾਫ ਜਾਂਚ ਸ਼ੁਰੂ ਕੀਤੀ ਹੈ। ਪਾਰਟ-ਟਾਈਮ ਨੌਕਰੀ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ 'ਸੇਲਿਬ੍ਰਿਟੀਜ਼' ਦੇ ਵੀਡੀਓ 'ਅਪਲੋਡ' ਕਰਨਾ ਅਤੇ 'ਲਾਈਕ' ਕਰਨਾ ਸ਼ਾਮਲ ਸਨ। ਫੈਡਰਲ ਏਜੰਸੀ ਨੇ ਸੋਮਵਾਰ ਨੂੰ ਕਿਹਾ ਕਿ ਉਸਨੇ ਬੈਂਗਲੁਰੂ ਵਿੱਚ ਘੱਟੋ-ਘੱਟ 12 ਕੰਪਨੀਆਂ 'ਤੇ ਛਾਪੇਮਾਰੀ ਕੀਤੀ ਜੋ ਐਪ ਨਾਲ ਜੁੜੀਆਂ ਹਨ ਅਤੇ ਕਾਰਵਾਈ ਵਿੱਚ 5.85 ਕਰੋੜ ਰੁਪਏ ਦੀ ਰਕਮ ਜ਼ਬਤ ਕੀਤੀ ਹੈ।

ਈਡੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਾਂਚ ਦੌਰਾਨ ਪਾਇਆ ਗਿਆ ਕਿ ਕੁਝ ਚੀਨੀ ਨਾਗਰਿਕਾਂ ਵੱਲੋਂ ਕੀਪਸ਼ੇਅਰ ਨਾਮਕ ਮੋਬਾਈਲ ਐਪ ਰਾਹੀਂ ਭੋਲੇ ਭਾਲੇ ਲੋਕਾਂ, ਖਾਸ ਕਰਕੇ ਨੌਜਵਾਨਾਂ ਨੂੰ ਠੱਗਿਆ ਗਿਆ, ਅਸਲ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਪਾਰਟ ਟਾਈਮ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਅਤੇ ਉਨ੍ਹਾਂ ਤੋਂ ਪੈਸੇ ਲਏ। ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਿਹਾ ਕਿ ਚੀਨ ਦੁਆਰਾ ਸਥਾਪਤ ਕੰਪਨੀਆਂ ਨੇ ਇੱਥੇ ਕਈ ਭਾਰਤੀਆਂ ਨੂੰ ਡਾਇਰੈਕਟਰ, ਅਨੁਵਾਦਕ, ਮਨੁੱਖੀ ਸਰੋਤ ਪ੍ਰਬੰਧਕ ਅਤੇ ਟੈਲੀ-ਕਾਲਰ ਵਜੋਂ ਭਰਤੀ ਕੀਤਾ।

ਇਸ ਵਿਚ ਕਿਹਾ ਗਿਆ ਹੈ, "ਉਨ੍ਹਾਂ ਨੇ ਭਾਰਤੀਆਂ ਦੇ ਦਸਤਾਵੇਜ਼ ਹਾਸਲ ਕੀਤੇ ਅਤੇ ਬੈਂਕ ਖਾਤੇ ਖੋਲ੍ਹੇ। ਚੀਨੀ ਨਾਗਰਿਕਾਂ ਨੇ ਐਪ ਤਿਆਰ ਕੀਤੀ ਅਤੇ ਵਟਸਐਪ ਅਤੇ ਟੈਲੀਗ੍ਰਾਮ ਰਾਹੀਂ ਇਸਦੀ ਮਸ਼ਹੂਰੀ ਕਰਨੀ ਸ਼ੁਰੂ ਕਰ ਦਿੱਤੀ।"

ਮੁਲਜ਼ਮਾਂ ਨੇ ਇਸ ਐਪ ਰਾਹੀਂ ਨਿਵੇਸ਼ ਦੇ ਨਾਂ 'ਤੇ ਲੋਕਾਂ ਤੋਂ ਪੈਸੇ ਵੀ ਇਕੱਠੇ ਕੀਤੇ, ਜਦਕਿ ਨੌਜਵਾਨਾਂ ਨੂੰ ਮਸ਼ਹੂਰ ਹਸਤੀਆਂ ਦੀਆਂ ਵੀਡੀਓਜ਼ 'ਲਾਈਕ' ਕਰਕੇ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਦਾ ਕੰਮ ਦਿੱਤਾ ਗਿਆ। ਏਜੰਸੀ ਨੇ ਦਾਅਵਾ ਕੀਤਾ, "ਕੰਮ ਪੂਰਾ ਹੋਣ 'ਤੇ, ਉਹ ਆਪਣੇ ਵਾਲੇਟ ਵਿੱਚ ਪ੍ਰਤੀ ਵੀਡੀਓ 20 ਰੁਪਏ ਜਮ੍ਹਾਂ ਕਰਦੇ ਸਨ। ਕੁਝ ਸਮੇਂ ਲਈ ਪੈਸੇ ਜਮ੍ਹਾ ਕਰਵਾਏ ਗਏ ਪਰ ਬਾਅਦ 'ਚ ਐਪ ਨੂੰ 'ਪਲੇ ਸਟੋਰ' ਤੋਂ ਹਟਾ ਦਿੱਤਾ ਗਿਆ। ਇਸ ਤਰ੍ਹਾਂ ਲੋਕਾਂ ਨਾਲ ਉਨ੍ਹਾਂ ਦੇ ਨਿਵੇਸ਼ ਨੂੰ ਲੈ ਕੇ ਧੋਖਾ ਕੀਤਾ ਗਿਆ।

# ਹਰਿਆਣਾ 'ਚ ਰਾਵਣ ਦਹਿਨ ਦੌਰਾਨ ਲੋਕਾਂ 'ਤੇ ਡਿੱਗਿਆ ਪੁਤਲਾ, ਕਈ ਜ਼ਖਮੀ



ਯਮੁਨਾਨਗਰ, 6 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਦੇ ਯਮੁਨਾਨਗਰ 'ਚ ਬੁੱਧਵਾਰ ਸ਼ਾਮ ਰਾਵਣ ਦਹਨ ਦੌਰਾਨ ਇਕੱਠੇ ਹੋਏ ਲੋਕਾਂ 'ਤੇ ਰਾਵਣ ਦਾ ਪੁਤਲਾ ਡਿੱਗ ਗਿਆ, ਜਿਸ ਕਾਰਨ ਕਈ ਲੋਕ ਜ਼ਖਮੀ ਹੋ ਗਏ। ਵੀਡੀਓ 'ਚ ਦੇਖਿਆ ਜਾ ਰਿਹਾ ਹੈ ਕਿ ਯਮੁਨਾਨਗਰ 'ਚ ਦੁਸਹਿਰੇ ਦੇ ਜਸ਼ਨ ਦੌਰਾਨ ਕਈ ਲੋਕ ਰਾਵਣ ਦੇ ਪੁਤਲੇ ਦੇ ਨੇੜੇ ਗਏ। ਇਸ ਤੋਂ ਬਾਅਦ ਪੁਤਲਾ ਫੂਕਦੇ ਹੋਏ ਨੇੜੇ ਖੜ੍ਹੇ ਲੋਕਾਂ 'ਤੇ ਡਿੱਗ ਪਿਆ।

ਹਰ ਸਾਲ ਦੁਸਹਿਰਾ ਬੁਰਾਈ 'ਤੇ ਚੰਗਿਆਈ ਦੀ ਜਿੱਤ ਦੀ ਯਾਦ ਵਿਚ ਮਨਾਇਆ ਜਾਂਦਾ ਹੈ, ਕਿਉਂਕਿ ਇਸ ਦਿਨ ਭਗਵਾਨ ਰਾਮ ਨੇ ਰਾਵਣ ਨੂੰ ਮਾਰਿਆ ਸੀ। ਇਹ ਤਿਉਹਾਰ ਪੂਰੇ ਦੇਸ਼ ਵਿੱਚ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ ਸਾੜ ਕੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

# ਹਸਪਤਾਲ ਦੇ ਸੀਵਰ ਟੈਂਕ ਦੀ ਸਫਾਈ ਕਰਦੇ ਸਮੇਂ ਦਮ ਘੁਟਣ ਨਾਲ 4 ਮੁਲਾਜ਼ਮਾਂ ਦੀ ਮੌਤ

ਫਰੀਦਾਬਾਦ, 6 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਦੇ ਫਰੀਦਾਬਾਦ ਦੇ ਸੈਕਟਰ 16 ਸਥਿਤ ਮੋਰਿੰਗੋ ਕਿਊਆਰਜੀ ਹਸਪਤਾਲ ਵਿੱਚ ਬੁੱਧਵਾਰ ਨੂੰ ਸੀਵਰ ਟੈਂਕੀ ਦੀ ਸਫ਼ਾਈ ਕਰਦੇ ਸਮੇਂ ਦਮ ਘੁਟਣ ਕਾਰਨ 4 ਸਫ਼ਾਈ ਕਰਮਚਾਰੀਆਂ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਸਫ਼ਾਈ ਕਰਮਚਾਰੀਆਂ ਦੇ ਸੁਪਰਵਾਈਜ਼ਰ ਅਤੇ ਇੱਕ ਮ੍ਰਿਤਕ ਦੇ ਭਰਾ ਨੇ ਹਸਪਤਾਲ 'ਤੇ ਟੈਂਕੀ ਦੀ ਜ਼ਬਰਦਸਤੀ ਸਫ਼ਾਈ ਕਰਨ ਦੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਟੈਂਕੀ ਦੀ ਸਫ਼ਾਈ ਕਰਨਾ ਮੁਲਾਜ਼ਮਾਂ ਦਾ ਕੰਮ ਨਹੀਂ ਸੀ ਸਗੋਂ ਹਸਪਤਾਲ ਵਿੱਚ ਸੁਰੱਖਿਆ ਉਪਕਰਨ ਨਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜ਼ਬਰਦਸਤੀ ਇਸ ਦੀ ਸਫ਼ਾਈ ਕਰਵਾਈ ਗਈ। ਇਸ ਕਾਰਨ ਟੈਂਕੀ ਅੰਦਰ ਗਏ 4 ਸਫਾਈ ਕਰਮਚਾਰੀਆਂ ਦੀ ਦਮ ਘੁੱਟਣ ਨਾਲ ਮੌਤ ਹੋ ਗਈ। ਉਹ ਚਾਹੁੰਦਾ ਹੈ ਕਿ ਹਸਪਤਾਲ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਅਤੇ ਮ੍ਰਿਤਕਾਂ ਨੂੰ ਇਨਸਾਫ ਦਿੱਤਾ ਜਾਵੇ।



ਮ੍ਰਿਤਕਾਂ ਵਿੱਚੋਂ ਦੋ ਦਾ ਨਾਮ ਰਵੀ ਹੈ, ਇੱਕ ਰੋਹਿਤ ਅਤੇ ਦੂਜਾ ਵਿਸ਼ਾਲ ਹੈ, ਇਹ ਸਾਰੇ ਦਿੱਲੀ ਦੇ ਸੰਗਮ ਵਿਹਾਰ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਉਮਰ 25 ਤੋਂ 30 ਸਾਲ ਦੇ ਕਰੀਬ ਹੈ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਸਵੀਪਰ ਸੰਤੁਸ਼ਟੀ ਅਲਾਇਡ ਸਰਵਿਸਿਜ਼ ਵਿੱਚ ਕੰਮ ਕਰਦੇ ਸਨ। ਅੱਜ ਉਹ ਕਿਊ.ਆਰ.ਜੀ.ਹਸਪਤਾਲ ਦੀ ਟੈਂਕੀ ਨੇੜੇ ਸਫਾਈ ਕਰ ਰਿਹਾ ਸੀ ਤਾਂ ਦੋ ਨੌਜਵਾਨ ਸਫਾਈ ਕਰਨ ਲਈ ਅੰਦਰ ਆਏ, ਗੈਸ ਕਾਰਨ ਬੇਹੋਸ਼ ਹੋ ਗਏ ਤਾਂ ਉਨ੍ਹਾਂ ਨੂੰ ਬਾਹਰ ਕੱਢਣ ਲਈ ਜਿਵੇਂ ਹੀ ਦੋ ਹੋਰ ਨੌਜਵਾਨ ਅੰਦਰ ਗਏ ਤਾਂ ਬਾਕੀ ਦੋ ਨੌਜਵਾਨ ਵੀ ਬੇਹੋਸ਼ ਹੋ ਗਏ, ਜਿਨ੍ਹਾਂ ਦੀ ਬਾਅਦ ਵਿਚ ਮੌਤ ਹੋ ਗਈ। ਸਫ਼ਾਈ ਸੇਵਕਾਂ ਦੇ ਨਿਗਰਾਨ ਨੇ ਦੱਸਿਆ ਕਿ ਉਨ੍ਹਾਂ ਦੇ ਸੰਪਰਕ ਵਿੱਚ ਟੈਂਕੀ ਦੀ ਸਫ਼ਾਈ ਵਰਗਾ ਕੋਈ ਕੰਮ ਸ਼ਾਮਲ ਨਹੀਂ ਸੀ ਪਰ ਇਸ ਦੇ ਬਾਵਜੂਦ ਉਨ੍ਹਾਂ ਦੇ ਸਾਰੇ ਮਜ਼ਦੂਰਾਂ ਨੂੰ ਅੱਜ ਹਸਪਤਾਲ ਦੇ ਇੰਜਨੀਅਰਿੰਗ ਵਿਭਾਗ ਦੇ ਮੁਲਾਜ਼ਮ ਵੱਲੋਂ ਸੱਦ ਲਿਆ ਗਿਆ। ਹਾਦਸੇ ਦਾ ਸ਼ਿਕਾਰ ਹੋਏ ਇੱਕ ਵਿਅਕਤੀ ਦੇ ਭਰਾ ਨੇ ਇਹ ਵੀ ਦੱਸਿਆ ਕਿ ਸਫ਼ਾਈ ਕਰਮਚਾਰੀਆਂ ਵੱਲੋਂ ਟੈਂਕੀ ਦੀ ਸਫ਼ਾਈ ਲਈ ਜ਼ਬਰਦਸਤੀ ਕੀਤੀ ਗਈ ਸੀ, ਜਿਸ ਕਾਰਨ ਇਹ ਹਾਦਸਾ ਵਾਪਰਿਆ ਹੈ।

# ਗਰਬਾ ਸਥਾਨ 'ਤੇ ਪਥਰਾਅ, ਮੱਧ ਪ੍ਰਦੇਸ਼ ਸਰਕਾਰ ਨੇ 19 ਮੁਲਜ਼ਮਾਂ 'ਚੋਂ ਤਿੰਨ ਦੇ ਘਰ ਢਾਹੇ



ਭੋਪਾਲ, 6 ਅਕਤੂਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਮੰਦਸੌਰ ਜ਼ਿਲ੍ਹੇ ਵਿਚ ਗਰਬਾ ਪੰਡਾਲ ਵਿੱਚ ਦੋ ਗੁੱਟਾਂ ਵਿਚਾਲੇ ਝਗੜੇ ਤੋਂ ਬਾਅਦ ਪੱਥਰਬਾਜ਼ੀ ਕੀਤੀ ਗਈ। ਪੁਲੀਸ ਨੇ 19 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ, ਜਿਨ੍ਹਾਂ ਵਿੱਚੋਂ ਤਿੰਨ ਵਿਅਕਤੀਆਂ ਦੇ ਮਕਾਨਾਂ ਦੀ ਨਾਜ-ਾਇਜ਼ ਉਸਾਰੀ ਨੂੰ ਢਾਹ ਦਿੱਤਾ ਗਿਆ ਹੈ। ਇਕ ਪੁਲਸ ਅਧਿਕਾਰੀ ਨੇ ਮੰਗਲਵਾਰ ਨੂੰ ਦੱਸਿਆ ਕਿ ਜ਼ਿਲੇ ਦੇ ਸੀਤਾਮੌਂ ਥਾਣਾ ਖੇਤਰ ਦੇ ਸੁਰਜਾਨੀ ਪਿੰਡ 'ਚ 2 ਅਕਤੂਬਰ ਦੀ ਰਾਤ ਨੂੰ ਪੱਥਰਬਾਜ਼ੀ ਦੀ ਘਟਨਾ ਵਾਪਰੀ, ਜਿਸ 'ਚ ਚਾਰ ਲੋਕ ਜ਼ਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਗਰਬਾ ਪੰਡਾਲ ਵਿੱਚ ਦੋ ਧੜਿਆਂ ਵਿੱਚ ਹੋਏ ਝਗੜੇ ਤੋਂ ਬਾਅਦ ਪਥਰਾਅ ਹੋਣ ਦੀ ਸੂਚਨਾ ਮਿਲਦਿਆਂ ਹੀ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਹੇਠ ਕੀਤਾ। ਪੁਲਿਸ ਸੁਪਰਡੈਂਟ (ਐਸਪੀ) ਅਨੁਰਾਗ ਸੁਜਾਨੀਆ ਨੇ ਪੱਤਰਕਾਰਾਂ ਨੂੰ ਦੱਸਿਆ ਕਿ 19 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਜਾਂਚ ਤੋਂ ਬਾਅਦ ਸੱਤ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

# ਗ੍ਰਹਿ ਮੰਤਰਾਲੇ ਨੇ ਹਿਜ਼ਬੁਲ ਮੁਜਾਹਿਦੀਨ, ਲਸ਼ਕਰ-ਏ-ਤੋਇਬਾ ਸਮੇਤ 10 ਲੋਕਾਂ ਨੂੰ ਅੱਤਵਾਦੀ ਐਲਾਨਿਆ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰਾਲੇ ਨੇ ਮੰਗਲਵਾਰ ਨੂੰ ਹਿਜ਼ਬੁਲ ਮੁਜਾਹਿਦੀਨ, ਲਸ਼ਕਰ-ਏ-ਤੋਇਬਾ ਅਤੇ ਹੋਰ ਪਾਬੰਦੀਸ਼ੁਦਾ ਸੰਗਠਨਾਂ ਦੇ ਕੁੱਲ 10 ਮੈਂਬਰਾਂ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ (ਯੂਏਪੀਏ) ਦੇ ਤਹਿਤ ਅੱਤਵਾਦੀ ਘੋਸ਼ਿਤ ਕੀਤਾ ਹੈ।

ਇਨ੍ਹਾਂ ਐਲਾਨੇ ਗਏ ਅੱਤਵਾਦੀਆਂ 'ਚ ਇਸ ਸਮੇਂ ਪਾਕਿ-ਸਤਾਨ 'ਚ ਰਹਿ ਰਿਹਾ ਪਾਕਿਸਤਾਨੀ ਨਾਗਰਿਕ ਹਬੀਬੁੱਲਾ ਮਲਿਕ ਉਰਫ ਸਾਜਿਦ ਜੱਟ, ਜੰਮੂ-ਕਸ਼ਮੀਰ ਦੇ ਬਾਰਾਮੂਲਾ ਦਾ ਰਹਿਣ ਵਾਲਾ ਬਾਸਿਤ ਅਹਿਮਦ ਰੇਸ਼ੀ, ਪਾਕਿਸਤਾਨ 'ਚ ਰਹਿ ਰਿਹਾ ਜੰਮੂ-ਕਸ਼ਮੀਰ ਦੇ ਸੋਪੋਰ ਦਾ ਇਮਤਿਆਜ਼ ਅਹਿਮਦ ਕੰਦੂ ਉਰਫ ਸਜਾਦ ਸ਼ਾਮਲ ਹਨ। ਪੁਣਛ ਅਤੇ ਪੁਲਵਾਮਾ ਦੇ ਸ਼ੇਖ ਜਮੀਲ ਉਰ ਰਹਿਮਾਨ ਉਰਫ ਸ਼ੇਖ ਸਾਹਬ ਸ਼ਾਮਲ ਹਨ।




ਹੋਰਨਾਂ ਵਿੱਚ ਸ੍ਰੀਨਗਰ ਦੇ ਬਿਲਾਲ ਅਹਿਮਦ ਬੇਗ ਉਰਫ ਬਾਬਰ, ਪੁੰਛ ਦੇ ਰਫੀਕ ਨਈ ਉਰਫ ਸੁਲਤਾਨ, ਡੋਡਾ ਦੇ ਇਰਸ਼ਾਦ ਅਹਿਮਦ ਉਰਫ ਇਦਰੀਸ਼, ਕੁਪਵਾੜਾ ਦੇ ਬਸ਼ੀਰ ਅਹਿਮਦ ਪੀਰ ਉਰਫ ਇਮਤਿਆਜ਼ ਅਤੇ ਪਾਕਿਸਤਾਨ ਵਿੱਚ ਰਹਿਣ ਵਾਲੇ ਬਾਰਾਮੂਲਾ ਦੇ ਸ਼ੌਕਤ ਅਹਿਮਦ ਸ਼ੇਖ ਉਰਫ ਸ਼ੌਕਤ ਮੋਚੀ ਸ਼ਾਮਲ ਹਨ।

ਇੱਕ ਹੋਰ ਨੋਟੀਫਿਕੇਸ਼ਨ ਵਿੱਚ, ਗ੍ਰਹਿ ਮੰਤਰਾਲੇ ਨੇ ਕਿਹਾ ਕਿ ਹਬੀਬੁੱਲਾ ਮਲਿਕ ਅੱਤਵਾਦੀਆਂ ਦਾ ਇੱਕ ਪ੍ਰਮੁੱਖ ਨੇਤਾ ਸੀ ਜਿਸਨੇ ਪੁੰਛ ਵਿੱਚ ਸੈਨਿਕਾਂ 'ਤੇ ਹਮਲਾ ਕੀਤਾ ਸੀ ਅਤੇ ਜੰਮੂ-ਕਸ਼ਮੀਰ ਵਿੱਚ ਅੱਤਵਾਦੀਆਂ ਲਈ ਡਰੋਨਾਂ ਰਾਹੀਂ ਹਥਿਆਰਾਂ ਅਤੇ ਸੰਚਾਰ ਪ੍ਰਣਾਲੀਆਂ ਨੂੰ ਤਬਾਹ ਕਰਨ ਵਿੱਚ ਵੀ ਸ਼ਾਮਲ ਸੀ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਉਸ ਨੇ ਖੌਫਨਾਕ ਅੱਤਵਾਦੀਆਂ ਦਾ ਵੱਡਾ ਨੈੱਟਵਰਕ ਬਣਾਇਆ ਹੋਇਆ ਸੀ ਅਤੇ ਉਹ ਲਸ਼ਕਰ ਅਤੇ ਦ ਰੇਸਿਸਟੈਂਸ ਫਰੰਟ ਨਾਲ ਜੁੜਿਆ ਹੋਇਆ ਸੀ। ਨੋਟੀਫਿਕੇਸ਼ਨ ਮੁਤਾਬਕ ਬਾਸਿਤ ਅਹਿਮਦ ਰੇਸ਼ੀ ਹਿਜ਼ਬੁਲ ਦਾ ਮੈਂਬਰ ਹੈ ਅਤੇ ਜੰਮੂ-ਕਸ਼ਮੀਰ 'ਚ ਨਿਸ਼ਾਨਾ ਹਮਲਿਆਂ 'ਚ ਸ਼ਾਮਲ ਰਿਹਾ ਹੈ।

# ਰੇਲਵੇ ਗੇਟਮੈਨ ਦੀ ਹੱਤਿਆ ਕਰਨ ਤੋਂ ਬਾਅਦ ਲਾਸ਼ ਨੂੰ ਅੱਠ ਫੁੱਟ ਡੂੰਘੇ ਟੋਏ 'ਚ ਦੱਬਿਆ

ਪੀਲੀਭੀਤ, 6 ਅਕਤੂਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਪੀਲੀਭੀਤ ਜ਼ਿਲੇ ਦੇ ਭਮੌਰਾ ਪਿੰਡ 'ਚ ਇਕ ਘਰ 'ਚੋਂ ਲਾਪਤਾ ਰੇਲਵੇ ਗੇਟਮੈਨ ਦੀ ਲਾਸ਼ ਪੁਲਸ ਨੇ ਬੁੱਧਵਾਰ ਨੂੰ ਭਮੌਰਾ ਪਿੰਡ ਦੇ ਇਕ ਘਰ 'ਚੋਂ ਬਰਾਮਦ ਕੀਤੀ। ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਪੁਲੀਸ ਅਨੁਸਾਰ ਰੇਲਵੇ ਮੁਲਾਜ਼ਮ ਦੀ ਹੱਤਿਆ ਕਰਕੇ ਲਾਸ਼ ਘਰ ਵਿੱਚ ਹੀ ਅੱਠ ਫੁੱਟ ਡੂੰਘੇ ਟੋਏ ਵਿੱਚ ਦੱਬ ਦਿੱਤੀ ਗਈ। ਵਧੀਕ ਪੁਲੀਸ ਸੁਪਰਡੈਂਟ ਪਵਿੱਤਰ ਮੋਹਨ ਤ੍ਰਿਪਾਠੀ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਕਮਲੇਸ਼ ਕੁਮਾਰ ਯਾਦਵ ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਇਟਾਵਾ ਜ਼ਿਲੇ ਦੇ ਪਿੰਡ ਸਿਲੋਟ ਅਹੀਰਵਾ ਨਿਵਾਸੀ ਕਮਲੇਸ਼ ਕੁਮਾਰ ਯਾਦਵ ਪੀਲੀਭੀਤ-ਟਨਕਪੁਰ ਰੇਲ ਸੈਕਸ਼ਨ 'ਤੇ ਭਮੌਰਾ ਰੇਲਵੇ ਕਰਾਸਿੰਗ 'ਤੇ ਗੇਟਮੈਨ ਦੇ ਤੌਰ 'ਤੇ ਤਾਇਨਾਤ ਸੀ ਅਤੇ ਸੋਮਵਾਰ ਸ਼ਾਮ ਨੂੰ ਭਮੌਰਾ ਨਿਵਾਸੀ ਦੀਨਦਿਆਲ ਨਾਲ ਬਾਜ਼ਾਰ ਗਿਆ ਸੀ।

ਉਸ ਨੇ ਦੱਸਿਆ ਕਿ ਕਮਲੇਸ਼ ਦੀ ਪਤਨੀ ਨੇ ਬਾਜ਼ਾਰ ਤੋਂ ਵਾਪਸ ਨਾ ਆਉਣ 'ਤੇ ਕਾਫੀ ਭਾਲ ਕੀਤੀ ਅਤੇ ਉਸ ਤੋਂ ਬਾਅਦ ਉਸ ਦੇ ਲਾਪਤਾ ਹੋਣ ਦੀ ਸੂਚਨਾ ਥਾਣਾ ਨਈਆ ਕੋਤਵਾਲੀ ਪੁਲਸ ਨੂੰ ਦਿੱਤੀ। ਪੁਲਸ ਨੇ ਗੁੰਮਸ਼ੁਦਗੀ ਦੀ ਸੂਚਨਾ ਦਰਜ ਕਰਨ ਤੋਂ ਬਾਅਦ ਦੀਨਦਿਆਲ ਤੋਂ ਸਖਤੀ ਨਾਲ ਪੁੱਛਗਿੱਛ ਸ਼ੁਰੂ ਕਰ ਦਿੱਤੀ, ਉਸ ਦੇ ਕਹਿਣ 'ਤੇ ਉਸ ਦੇ ਘਰ ਦੇ ਇਕ ਹਿੱਸੇ 'ਚ ਖੁਦਾਈ ਕੀਤੀ ਅਤੇ ਅੱਠ ਫੁੱਟ ਹੇਠਾਂ ਦੱਬੀ ਯਾਦਵ ਦੀ ਲਾਸ਼ ਬਰਾਮਦ ਕੀਤੀ।

ਦੀਨਦਿਆਲ ਦੀ ਨਿਸ਼ਾਨਦੇਹੀ 'ਤੇ ਪੁਲਸ ਨੇ ਰੇਲਵੇ ਮੁਲਾਜ਼ਮ ਦਾ ਮੋਟਰਸਾਈਕਲ ਅਤੇ ਵਾਰਦਾਤ 'ਚ ਵਰਤਿਆ ਗਿਆ ਹਥਿਆਰ ਵੀ ਬਰਾਮਦ ਕਰ ਲਿਆ। ਵਧੀਕ ਪੁਲਿਸ ਸੁਪਰਡੈਂਟ ਅਨੁਸਾਰ ਪਹਿਲੀ ਨਜ਼ਰ ਵਿਚ ਇਹ ਪੈਸਿਆਂ ਦੇ ਲੈਣ-ਦੇਣ ਦਾ ਮਾਮਲਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਮਾਮਲੇ ਦੀ ਹੋਰ ਜਾਂਚ ਕਰ ਰਹੀ ਹੈ।

## ਕਰਨਜੀਤ ਕੌਰ ਬੈਂਸ ਨੇ ਇੱਕ ਮਿੰਟ ਵਿੱਚ ਸਭ ਤੋਂ ਵੱਧ ਬਾਡੀ ਵੇਟ ਸਕੁਐਟਸ ਕਰਕੇ ਵਿਸ਼ਵ ਰਿਕਾਰਡ ਬਣਾਇਆ





ਲੰਡਨ, 6 ਅਕਤੂਬਰ (ਪੋਸਟ ਬਿਊਰੋ)- ਗਿਨੀਜ਼ ਵਰਲਡ ਰਿਕਾਰਡ ਦੇ ਅਨੁਸਾਰ, 25 ਸਾਲਾ ਕਰਨਜੀਤ ਕੌਰ ਬੈਂਸ ਨੇ 4 ਅਕਤੂਬਰ ਨੂੰ ਇੱਕ ਮਿੰਟ (ਮਹਿਲਾ) ਵਿੱਚ ਆਪਣੇ ਸਰੀਰ ਦੇ ਭਾਰ ਤੋਂ ਵੱਧ ਸਕੁਐਟ ਲਿਫਟਾਂ ਚੁੱਕਣ ਦਾ ਰਿਕਾਰਡ ਕਾਇਮ ਕੀਤਾ।ਕਰਨਜੀਤ ਨੇ ਇੱਕ ਮਿੰਟ ਵਿੱਚ ਆਪਣੇ ਪੂਰੇ ਵਜ਼ਨ ਦੇ 42 ਸਕੁਐਟ ਚੁੱਕ ਲਏ।ਪਾਵਰਲਿਫਟਿੰਗ ਚੈਂਪੀਅਨ ਬੈਂਸ ਨੇ 17 ਸਾਲ ਦੀ ਉਮਰ ਵਿੱਚ ਮੁਕਾਬਲਾ ਕਰਨਾ ਸ਼ੁਰੂ ਕੀਤਾ ਅਤੇ ਇਸ ਖੇਡ ਵਿੱਚ ਕਈ ਚੈਂਪੀਅਨਸ਼ਿਪਾਂ ਜਿੱਤੀਆਂ ਹਨ।ਉਹ ਇੱਕ ਪੁਰਸ਼-ਪ੍ਰਧਾਨ ਖੇਡ ਵਿਚ ਇਕ ਸਫਲ ਔਰਤ ਹੈ, ਪਰ ਉਹ ਪਾਵਰਲਿਫਟਿੰਗ ਵਿੱਚ ਗ੍ਰੇਟ ਬ੍ਰਿਟੇਨ ਦੀ ਨੁਮਾਇੰਦਗੀ ਕਰਨ ਵਾਲੀ ਪਹਿਲੀ ਬ੍ਰਿਟਿਸ਼ ਸਿੱਖ ਔਰਤ ਵੀ ਹੈ।

ਬੈਂਸ ਨੇ ਗਿੰਨੀਜ਼ ਵਰਲਡ ਰਿਕਾਰਡਜ਼ ਨੂੰ ਦੱਸਿਆ, "ਮੈਨੂੰ ਗਿਨੀਜ਼ ਵਰਲਡ ਰਿਕਾਰਡ ਦੇ ਖਿਤਾਬ ਦੇ ਧਾਰਕ ਹੋਣ 'ਤੇ ਬਹੁਤ ਮਾਣ ਹੈ।ਮੈਂ ਪਾਵਰਲਿਫਟਿੰਗ ਵਿੱਚ ਗ੍ਰੇਟ ਬ੍ਰਿਟੇਨ ਦੀ ਨੁਮਾਇੰਦਗੀ ਕਰਨ ਵਾਲੀ ਪਹਿਲੀ ਬ੍ਰਿਟਿਸ਼ ਸਿੱਖ ਔਰਤ ਹੋਣ ਦੇ ਨਾਤੇ ਨਾ ਸਿਰਫ ਇੱਕ ਅਧਿਕਾਰਤ ਵਿਸ਼ਵ ਰਿਕਾਰਡ ਬਣਾਇਆ ਹੈ, ਸਗੋਂ ਅਵਾਰਡ ਹੋਲਡਰ ਬਣ ਕੇ ਇਤਿਹਾਸ ਵਿੱਚ ਇੱਕ ਪਹਿਚਾਣ ਬਣਾਈ ਹੈ।

ਉਸਨੇ ਰਿਕਾਰਡ ਤੋੜਨ ਨੂੰ "ਅਵਿਸ਼ਵਾਸ਼ਯੋਗ" ਦੱਸਿਆ ਅਤੇ ਉਮੀਦ ਕੀਤੀ ਕਿ ਇਹ ਨਵੀਂ ਪੀੜ੍ਹੀ ਨੂੰ ਇਹ ਵਿਸ਼ਵਾਸ ਕਰਨ ਲਈ ਉਤਸ਼ਾਹਿਤ ਕਰੇਗਾ ਕਿ ਜੇ ਉਹ ਆਪਣਾ ਮਨ ਬਣਾ ਲੈਂਦੇ ਹਨ ਤਾਂ ਸਭ ਕੁਝ ਸੰਭਵ ਹੈ।

## ਅਮਰੀਕਾ ਦੇ ਮਰਸਡ ਸ਼ਹਿਰ ਵਿਚ ਅਗਵਾ ਕੀਤੇ ਪੰਜਾਬੀ ਪਰਿਵਾਰ ਦੇ ਚਾਰੇ ਜੀਆਂ ਦੀਆਂ ਖੇਤਾਂ ਚੋਂ ਮਿਲੀਆਂ ਲਾਸ਼ਾਂ

*ਸ਼ੱਕੀ ਮੁਲਜ਼ਮ ਹਸੂਸ ਮੈਨੁਅਲ ਸਲਗਾਡੋ ਅਜੇ ਵੀ ਹਸਪਤਾਲ ਚ ਬੇਹੋਸ਼

ਸੈਕਰਾਮੈਂਟੋ, ਕੈਲੀਫੋਰਨੀਆ 6 ਅਕਤੂਬਰ (ਹੁਸਨ ਲੜੋਆ ਬੰਗਾ)- ਬੀਤੇ ਸੋਮਵਾਰ ਸਵੇਰੇ 9 ਵਜੇ ਦੇ ਕਰੀਬ ਇੱਕ ਸਿਰਫਿਰੇ ਮੈਕਸੀਕੋ ਮੂਲ ਦੇ ਵਿਅਕਤੀ ਵਲੋਂ ਬੜੀ ਯੋਜਨਾਵੱਧ ਢੰਗ ਨਾਲ ਇਕੱ ਪੰਜਾਬੀ ਪਰਿਵਾਰ ਨੂੰ ਉਨਾਂ ਦੇ ਬਿਜਨਸ ਤੋਂ ਅਗਵਾ ਕਰ ਲਿਆ ਗਿਆ ਸੀ, ਦੀਆਂ ਲਾਸ਼ਾ ਅੱਜ ਮਰਸਿਡ ਸ਼ਹਿਰ ਦੇ ਇੰਡੀਆਨਾ ਰੋਡ ਅਤੇ ਹੁਚ-ਨਸਨ ਰੋਡ ਨਾਲ ਪੈਂਦੇ ਇੱਕ ਬਾਗ ਜਿਹੇ ਵਿਚੋਂ ਬਰਾਮਦ ਕਰ ਲਈਆਂ ਗਈਆਂ, ਉਨਾਂ ਵਿੱਚ 8 ਮਹੀਨਿਆਂ ਦੀ ਆਰੂਹੀ ਢੇਰੀ, ਉਸ ਦੇ ਮਾਤਾ-ਪਿਤਾ ਜਸਲੀਨ ਕੌਰ (27), ਜਸਦੀਪ ਸਿੰਘ (36)ਅਤੇ ਅਮਨਦੀਪ ਸਿੰਘ (39) ਸਨ, ਇਸ ਦਾ ਵੇਰਵਾ ਅੱਜ ਮਰਸਿਡ ਕਾਂਉਂਟੀ ਸ਼ੈਰਫ ਮੁੱਖੀ ਵੇਰਨ ਵੇਰਨਕੀ ਨੇ ਦਿੰਦਿਆਂ ਕਿਹਾ ਕਿ ਉਨਾਂ ਚਾਰਾਂ ਜੀਆਂ ਦੀਆਂ ਲਾਸ਼ਾਂ ਮਿਲ ਗਈਆਂ ਹਨ ਤੇ ਬਾਕੀ ਤਹਿਕੀਕਾਤ ਪੂਰੀ ਰਾਤ ਚਲੇਗੀ ਜੋ ਵੀ ਅਗ਼ਲੇ ਕਿ-ਰਆ ਕਰਮ ਹੋਣਗੇ ਪਰਿਵਾਰ ਦੇ ਮੁਤਾ-ਬਕ ਚਲਿਆ ਜਾਵੇਗਾ।



ਮ੍ਰਿਤਕ ਪਰਿਵਾਰ ਦੀਆਂ ਫਾਈਲ ਫੋਟੋਆਂ।



ਮੁਲਜ਼ਮ ਹਸੂਸ ਮੈਨੁਅਲ ਸਲਗਾਡੋ

ਅੱਜ ਸਵੇਰੇ ਵੀ ਪੁਲੀਸ ਵਲੋਂ ਪ੍ਰੈਸ ਕਾਨਫਰੰਸ ਕੀਤੀ ਗਈ ਸੀ ਉਸ ਸਮੇਂ ਤੱਕ ਅਗਵਾ ਪਰਿਵਾਰ ਦੀ ਕੋਈ ਉੱਗ ਸੁੱਗ ਨਹੀ ਸੀ ਨਿਕਲੀ ਤੇ ਪੁਲੀਸ ਨੇ ਲੋਕਾਂ ਕੋਲੋਂ ਸਹਿਯੋਗ ਮੰਗਿਆ ਸੀ, ਤੇ ਪੁਲੀਸ ਨੇ ਆਗਵਾ ਕਰਨ ਦੀ ਵੀਡੀਓ ਵੀ ਰੀਲੀਜ ਕੀਤੀ ਸੀ ਤੇ ਵੇਰਵੇ ਦਿੱਤੇ ਸਨ, ਤੇ ਅੱਜ ਹੀ ਬਾਅਦ ਦੁਪਿਹਰ ਸ਼ੈਰਫ ਮੁੱਖੀ ਵੇਰਨ ਵੇਰਨਕੀ ਚਾਰੇ ਲਾਸ਼ਾਂ ਮਿਲਣ ਵਾਰੇ ਪੱਤਰਕਾਰਾਂ ਨੂੰ ਦੱਸਿਆ।ਦੂਸਰੇ ਪਾਸੇ ਇਸ ਘਟਨਾਂ ਦੇ ਹੋਰ ਵੇਰਵੇ ਮਿਲੇ ਹਨ ਕਿ ਇਹ ਅਗਵਾ ਕਰਨ ਵਾਲਾ ਵਿਆਕਤੀ ਹਸੂਸ ਮੈਨੁਅਲ ਸਲਗਾਡੋ (48-ਸਾਲ) ਪਹਿਲਾਂ ਤਾਂ ਇਸ ਪਰਿਵਾਰ ਦੇ ਕਿਸੇ ਹੋਰ ਰਿਸ਼ਤੇਦਾਰ ਦਾ ਟਰੱਕ ਚਲਾਉਂਦਾ ਸੀ ਤੇ ਫਿਰ ਉਸ ਤੋਂ ਹੱਟ ਕੇ ਇਸ ਪਰਿਵਾਰ ਦੇ ਚਲਦੇ ਟਰੱਕ ਬਿਜਨਸ ਦਾ ਕਰੀਬ ਇੱਕ ਮਹੀਨਾ ਟਰੱਕ ਚਲਾਇਆ।ਇਹ ਟਰੱਕ ਯਾਰਡ ਵੀ ਅਜੇ ਨਵਾਂ ਹੀ ਬਣਾਇਆ ਸੀ।ਦੋਨੋਂ ਭਰਾ ਟਰੱਕ ਬਿਜਨਸ ਸੰਭਾਲਦੇ ਸਨ ਤੇ ਛੋਟੇ ਦੀ ਘਰਵਾਲੀ ਜਸਲੀਨ ਕੌਰ ਦਫਤਰ ਦਾ ਕੰਮ ਸੰਭਾਲਦੀ ਸੀ। ਜਿਸ ਵੇਲੇ ਉਨਾਂ ਨੂੰ ਅਗਵਾ ਕੀਤਾ ਗਿਆ ਮੁਲਜ਼ਮ ਨੇ ਮੂੰਹ ਤੇ ਮਾਸਕ ਤੇ ਹੁਡ ਵਾਲੀ ਜੈਕਟ ਪਾਈ ਹੋਈ ਸੀ ਕੋਲ ਖਾਲੀ ਬੋਤਲਾਂ ਵਾਲਾ ਲਫਾਫਾ ਫੜਿਆਂ ਹੋਇਆ ਸੀ। ਘਰ ਅੰਦਰ ਜਾ ਕੇ ਗੰਨ ਦਿਖਾ ਕੇ ਪਹਿਲਾਂ ਦੋਨਾਂ ਭਰਾਵਾਂ ਨੂੰ ਹੱਥ ਬੰਨ੍ਹ ਕੇ ਅਗਵਾ ਕਰਦਾ ਹੈ ਤੇ ਫਿਰ ਦੋਨਾਂ ਨੂੰ ਆਪਣੇ ਪਿਕਅੱਪ ਵਿੱਚ ਬਿਠਾ ਕੇ ਕਿਧਰੇ ਲੈ ਜਾਂਦਾ ਹੈ ਤੇ ਫਿਰ ਛੇ ਮਿੰਟ ਬਾਅਦ ਵਾਪਿਸ ਆ ਕੇ ਜਸਲੀਨ ਕੌਰ ਤੇ ਉਸਦੀ ਬੇਟੀ ਆਰੂਹੀ ਢੇਰੀ ਨੂੰ ਅਗਵਾ ਕਰਕੇ ਲੈ ਜਾਂਦਾ ਹੇ।ਮੁਲਜ਼ਮ ਏ ਟੀ ਐਮ ਕਾਰਡਾਂ ਵਿੱਚੋਂ ਇੱਕ ਦੀ ਵਰਤੋਂ ਐਟਵਾਟਰ ਸਿਟੀ ਵਿੱਚ ਇੱਕ ਬੈਂਕ ਵਿੱਚ ਸਥਿਤ ਵਿੱਚ ਕਰਦਾ ਹੈ ਤਾਂ ਇਹ ਵਿਅਕਤੀ ਅਸਲ ਚ ਅਗਵਾ ਕਰਨ ਵਾਲੇ ਵਿਆਕਤੀ ਵਰਗਾ ਹੋਣ ਕਰਕੇ ਫੜਿਆ ਜਾਂਦਾ ਹੈ।ਹੁਣ ਸਥਾਨਕ ਭਾਈਚਾਰੇ ਵਿੱਚ ਸਹਿਮ ਦਾ ਮਹੌਲ ਹੈ ਪੁਲੀਸ ਮੁਤਾਬਕ ਹਸੂਸ ਮੈਨੁਅਲ ਸਲਗਾਡੋ (48) ਅਜੇ ਵੀ ਹਸਪਤਾਲ ਵਿੱਚ ਬੇਹੋਸ਼ੀ ਦੀ ਹਾਲਤ ਚ ਹੈ, ਇਹ ਵੀ ਪਤਾ ਚਲਿਆ ਕਿ ਜਦੋਂ ਕੁਝ ਹੋਸ਼ ਆਉਣ ਤੇ ਉਸਨੂੰ ਪੁਲੀਸ ਵਲੋਂ ਇਹ ਪੁੱਛਿਆ ਗਿਆ ਕਿ ਅਗ਼ਵਾ ਕੀਤਾ ਗਿਆ ਪਰਿਵਾਰ ਜਿੰਦਾ ਹੈ ਤਾ ਉਸਨੇ ਸਿਰ ਫੇਰ ਦਿੱਤਾ।

## ਕਾਬੁਲ 'ਚ ਗ੍ਰਹਿ ਮੰਤਰਾਲੇ ਦੀ ਮਸਜਿਦ 'ਚ ਧਮਾਕਾ, ਦੋ ਦੀ ਮੌਤ



ਕਾਬੁਲ, 6 ਅਕਤੂਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਤਾਲਿਬਾਨ ਦੇ ਸ਼ਾਸਨ 'ਚ 'ਬੰਬ ਦੀ ਰਾਜਧਾਨੀ'ਬਣਦੀ ਜਾ ਰਹੀ ਹੈ।ਕਾਬੁਲ ਤੋਂ ਤਕਰੀਬਨ ਹਰ ਹਫ਼ਤੇ ਧਮਾਕਿਆਂ ਦੀਆਂ ਖ਼ਬਰਾਂ ਆ ਰਹੀਆਂ ਹਨ।ਅੱਜ ਕਾਬੁਲ ਵਿੱਚ ਫਿਰ ਧਮਾਕਾ ਹੋਇਆ।ਇਸ ਹਮਲੇ 'ਚ ਹੁਣ ਤੱਕ 2 ਲੋਕ ਮਾਰੇ ਜਾ ਚੁੱਕੇ ਹਨ।ਅਫਗਾਨਿਸਤਾਨ ਦੇ ਕਾਬੁਲ 'ਚ ਬੁੱਧਵਾਰ ਨੂੰ ਇਕ ਮੰਤਰਾਲੇ ਦੀ ਮਸਜਿਦ 'ਚ ਧਮਾਕਾ ਹੋਇਆ, ਜਿਸ 'ਚ ਕਰਮਚਾਰੀ ਅਤੇ ਸੈਲਾਨੀ ਨਮਾਜ਼ ਅਦਾ ਕਰ ਰਹੇ ਸਨ।

ਗ੍ਰਹਿ ਮੰਤਰਾਲਾ ਅਫਗਾਨਿਸਤਾਨ ਵਿੱਚ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਲਈ ਜ਼ਿੰਮੇਵਾਰ ਹੈ।ਗ੍ਰਹਿ ਮੰਤਰਾਲੇ ਦੇ ਬੁਲਾਰੇ ਅਬਦੁਲ ਨਫੀ ਨੇ ਟਵੀਟ ਕੀਤਾ, "ਬਦਕਿਸਮਤੀ ਨਾਲ ਇਕ ਮਸਜਿਦ 'ਚ ਧਮਾਕਾ ਹੋਇਆ ਹੈ, ਜਿੱਥੇ ਗ੍ਰਹਿ ਮੰਤਰਾਲੇ ਦੇ ਕੁਝ ਕਰਮਚਾਰੀ ਅਤੇ ਯਾਤਰੀ ਨਮਾਜ਼ ਅਦਾ ਕਰ ਰਹੇ ਸਨ।ਘਟਨਾ ਦੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।" ਬੁਲਾਰੇ ਨੇ ਇਹ ਨਹੀਂ ਦੱਸਿਆ ਕਿ ਮਸਜਿਦ ਮੰਤਰਾਲੇ ਦੀ ਇਮਾਰਤ ਦੇ ਅੰਦਰ ਜਾਂ ਨੇੜੇ ਸਥਿਤ ਸੀ।

## ਅਮਰੀਕਾ 'ਚ ਭਾਰਤੀ ਮੂਲ ਦੇ ਵਿਦਿਆਰਥੀ ਦਾ ਕਤਲ, ਕੋਰੀਆਈ ਰੂਮਮੇਟ ਹਿਰਾਸਤ 'ਚ

ਇੰਡੀਆਨਾ, 6 ਅਕਤੂਬਰ (ਪੋਸਟ ਬਿਊਰੋ)- ਅਮਰੀਕਾ 'ਚ ਭਾਰਤੀ ਮੂਲ ਦੇ ਵਿਦਿਆਰਥੀ ਦਾ ਕਤਲ ਹੋਣ ਦੀ ਖਬਰ ਹੈ।ਨਿਊਜ਼ ਏਜੰਸੀ ਪੀਟੀਆਈ ਦੀ ਰਿਪੋਰਟ ਮੁਤਾਬਕ ਇੰਡੀਆਨਾ ਵਿੱਚ ਇੱਕ ਕੋਰੀਆਈ ਨੌਜਵਾਨ ਨਾਲ ਰਹਿ ਰਹੇ 20 ਸਾਲਾ ਭਾਰਤੀ ਨੌਜਵਾਨ ਵਰੁਣ ਮਨੀਸ਼ ਛੇੜਾ ਦਾ ਕਤਲ ਕਰ ਦਿੱਤਾ ਗਿਆ ਹੈ।ਮਨੀਸ਼ ਛੇੜਾ ਪਰਡਿਊ ਯੂਨੀਵਰਸਿਟੀ ਦਾ ਵਿਦਿਆਰਥੀ ਸੀ।ਸਥਾਨਕ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਕਤਲ ਤੋਂ ਬਾਅਦ ਨੌਜਵਾਨ ਦੇ ਦੱਖਣੀ ਕੋਰੀਆਈ ਰੂਮਮੇਟ ਨੂੰ ਇੰਡੀਆਨਾ ਪੁਲਸ ਨੇ ਹਿਰਾਸਤ 'ਚ ਲੈ ਲਿਆ ਹੈ।

ਰਿਪੋਰਟਾਂ ਮੁਤਾਬਕ ਵਰੁਣ ਦੀ ਲਾਸ਼ ਕੈਂਪਸ ਦੇ ਪੱਛਮੀ ਸਿਰੇ 'ਤੇ ਸਥਿਤ ਮੈਕਕਚੀਅਨ ਹਾਲ ਦੀ ਪਹਿਲੀ ਮੰਜ਼ਿਲ 'ਤੇ ਮਿਲੀ।ਰਿਪੋਰਟ ਮੁਤਾਬਕ ਵਰੁਣ ਛੇੜਾ ਦੱਖਣੀ ਕੋਰੀਆ ਦੇ ਨੌਜਵਾਨ ਜੀ ਮਿਨ ਜਿੰਮੀ ਸ਼ਾ ਨਾਲ ਕਮਰਾ ਸਾਂਝਾ ਕਰਦਾ ਸੀ। ਉਸ ਨੇ ਬੁੱਧਵਾਰ ਰਾਤ 12:45 ਵਜੇ ਫੋਨ 'ਤੇ ਕਤਲ ਦੀ ਜਾਣਕਾਰੀ ਦਿੱਤੀ ਸੀ। ਪੁਲਿਸ ਮੁਖੀ ਲੈਸਲੇ ਵਾਈਟ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਮਾਮਲੇ ਦੀ ਪੂਰੀ ਜਾਣਕਾਰੀ ਦਿੱਤੀ।ਵਰੁਣ ਯੂਨੀਵਰਸਿਟੀ 'ਚ ਡਾਟਾ ਸਾਇੰਸ ਦੀ ਪੜ੍ਹਾਈ ਕਰ ਰਿਹਾ ਸੀ। ਪੁਲਸ ਨੂੰ ਉਸ ਦੇ ਸਰੀਰ 'ਤੇ ਜ਼ਖਮਾਂ ਦੇ ਕਈ ਨਿਸ਼ਾਨ ਮਿਲੇ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਛੇੜਾ ਦੀ ਮੌਤ "ਬਹੁਤ ਸਾਰੀਆਂ ਦੁਖਦਾਈ ਸੱਟਾਂ" ਕਾਰਨ ਹੋਈ ਹੈ।



ਵਰੁਣ ਦੇ ਬਚਪਨ ਦੇ ਦੋਸਤ ਅਰੁਣਾਭ ਸਿਨਹਾ ਨੇ ਨਿਊਜ਼ ਨੂੰ ਦੱਸਿਆ ਕਿ ਮੰਗਲਵਾਰ ਰਾਤ ਵਰੁਣ ਦੋਸਤਾਂ ਨਾਲ ਆਨਲਾਈਨ ਚੈਟ ਕਰ ਰਿਹਾ ਸੀ।ਇਸ ਦੇ ਨਾਲ ਹੀ ਉਹ ਗੇਮਿੰਗ 'ਚ ਵੀ ਰੁੱਝਿਆ ਹੋਇਆ ਸੀ।ਇਸ ਦੌਰਾਨ ਉਨ੍ਹਾਂ ਨੇ ਵਰੁਣ ਦੇ ਚੀਕਣ ਦੀ ਆਵਾਜ਼ ਸੁਣੀ।ਉਸ ਰਾਤ ਅਰੁਣਾਭ ਦੋਸਤਾਂ ਨਾਲ ਨਹੀਂ ਖੇਡ ਰਿਹਾ ਸੀ ਪਰ ਦੋਸਤਾਂ ਨੇ ਦੱਸਿਆ ਕਿ ਹਮਲੇ ਦੀ ਆਵਾਜ਼ ਸਾਫ ਸੁਣਾਈ ਦਿੱਤੀ।ਉਹ ਨਹੀਂ ਜਾਣਦੇ ਕਿ ਕੀ ਹੋਇਆ? ਬੁੱਧਵਾਰ ਸਵੇਰੇ ਉਸ ਨੂੰ ਵਰੁਣ ਦੇ ਕਤਲ ਬਾਰੇ ਪਤਾ ਲੱਗਾ।ਇਸ ਤੋਂ ਪਹਿਲਾਂ ਅੱਠ ਸਾਲ ਪਹਿਲਾਂ ਵੀ ਇਸ ਕੈਂਪਸ ਵਿੱਚ ਅਜਿਹੀ ਘਟਨਾ ਵਾਪਰ ਚੁੱਕੀ ਹੈ।

## ਪਾਕਿਸਤਾਨ 'ਚ ਘਟੀਆ ਹਰਕਤ, ਗੁਰਦੁਆਰੇ 'ਚ ਜੁੱਤੀਆਂ ਪਾ ਕੇ ਫਿਲਮੀ ਕਲਾਕਾਰਾਂ ਨੇ ਕੀਤੀ ਸ਼ੂਟਿੰਗ, ਮਚਿਆ ਹੰਗਾਮਾ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਦੇ ਗੁਰਦੁਆਰਾ ਪੰਜਾ ਸਾਹਿਬ ਦੇ ਪਰਿਸਰ ਵਿੱਚ ਜੁੱਤੀਆਂ ਪਾ ਕੇ ਇੱਕ ਫਿਲਮੀ ਅਮਲਾ ਬਿਨਾਂ ਇਜਾਜ਼ਤ ਦੇ ਦਾਖਲ ਹੋ ਗਿਆ ਅਤੇ ਫਿਲਮ ਦੀ ਸ਼ੂਟਿੰਗ ਕੀਤੀ ਗਈ, ਜਿਸ ਨੂੰ ਲੈ ਕੇ ਦੇਸ਼ ਦੇ ਸਿੱਖ ਭਾਈਚਾਰੇ ਵਿੱਚ ਰੋਸ ਹੈ।



ਇਸ ਵੀਡੀਓ ਨੂੰ ਸਾਂਝਾ ਕਰਦੇ ਹੋਏ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਲਿਖਿਆ, 'ਪਾਕਿਸਤਾਨ 'ਚ ਸ਼ਰਮਿੰਦਗੀ ਦੀ ਕਾਰਵਾਈ ਜਾਰੀ ਹੈ, ਪੰਜਾ ਸਾਹਿਬ ਦੀ ਬੇਅਦਬੀ ਦੀ ਵੀਡੀਓ ਸਾਹਮਣੇ ਆਈ ਹੈ, ਜਿੱਥੇ ਫਿਲਮ ਦੇ ਅਮਲੇ ਨੂੰ ਗੁਰਦੁਆਰੇ 'ਚ ਫਿਲਮ ਦੀ ਸ਼ੂਟਿੰਗ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।ਇਸ ਤੋਂ ਪਹਿਲਾਂ ਅਸੀਂ ਗੁਰਦੁਆਰਾ ਕਰਤਾਰ-ਪੁਰ ਸਾਹਿਬ ਦੀ ਹਦੂਦ ਵਿੱਚ ਅਜਿਹੀਆਂ ਘਟੀਆ ਹਰਕਤਾਂ ਦੀਆਂ ਤਸਵੀਰਾਂ ਦੇਖ ਚੁੱਕੇ ਹਾਂ।


ਭਾਜਪਾ ਆਗੂ ਨੇ ਦਾਅਵਾ ਕੀਤਾ ਕਿ ਇੱਕ ਸਥਾਨਕ ਸਿੱਖ ਨੇ ਦੱਸਿਆ ਹੈ ਕਿ ਜਦੋਂ ਤੋਂ ਸ਼ਰਧਾਲੂ ਨੇ ਘਟਨਾ ਦੀ ਸੂਚਨਾ ਦਿੱਤੀ ਹੈ, ਉਦੋਂ ਤੋਂ ਉਹ ਵਿਅਕਤੀ ਲਾਪਤਾ ਹੈ, ਅਤੇ ਸਥਾਨਕ ਲੋਕਾਂ ਨੂੰ ਘਟਨਾ ਦੀ ਵੀਡੀਓ ਸਾਂਝੀ ਕਰਨ ਦੀ ਧਮਕੀ ਦਿੱਤੀ ਹੈ।

ਘਟਨਾ ਦੀ ਵਾਇਰਲ ਹੋਈ ਵੀਡੀਓ ਵਿੱਚ, ਪਾਕਿਸਤਾਨ ਵਿੱਚ ਪੰਜਾਬ ਸੂਬੇ ਦੇ ਅਟਕ ਜ਼ਿਲ੍ਹੇ ਦੇ ਹਸਨ ਅਬਦਾਲ ਇਲਾਕੇ ਵਿੱਚ ਸਥਿਤ ਗੁਰ-ਦੁਆਰਾ ਪੰਜਾ ਸਾਹਿਬ ਦੇ ਅੰਦਰ ਜੁੱਤੀਆਂ ਪਹਿਨੇ ਵਿਅਕਤੀਆਂ ਦਾ ਇੱਕ ਸਮੂਹ ਘੁੰਮਦਾ ਦਿਖਾਈ ਦੇ ਰਿਹਾ ਹੈ।ਮੀਡੀਆ ਰਿਪੋਰਟਾਂ ਮੁਤਾ-ਬਕ ਫਿਲਮ ਕਰੂ ਗੁਰਦੁਆਰੇ ਦੇ ਅੰਦਰ ਫਿਲਮ 'ਲਾਹੌਰ-ਲਾਹੌਰ ਏ' ਦੀ ਸ਼ੂਟਿੰਗ ਕਰ ਰਿਹਾ ਸੀ।

## ਇਸ ਧਰਤੀ ਦਾ ਸਭ ਤੋਂ ਵੱਡਾ ਝੂਠਾ ਇਨਸਾਨ ਹੈ ਇਮਰਾਨ ਖਾਨ: ਸ਼ਾਹਬਾਜ਼ ਸ਼ਰੀਫ

*ਕਿਹਾ, ਦੇਸ਼ ਦੀ ਆਰਥਿਕਤਾ ਕੀਤਾ ਬਰਬਾਦ

ਇਸਲਾਮਾਬਾਦ, 6 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ 'ਤੇ ਤਿੱਖਾ ਹਮਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਇਮਰਾਨ ਖਾਨ ਨੇ ਦੇਸ਼ ਦੀ ਆਰਥਿਕਤਾ ਨੂੰ ਬਰਬਾਦ ਕਰ ਦਿੱਤਾ ਹੈ।ਉਸ ਨੂੰ "ਧਰਤੀ ਦਾ ਸਭ ਤੋਂ ਵੱਡਾ ਝੂਠਾ" ਕਰਾਰ ਦਿੰਦੇ ਹੋਏ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਕਿਹਾ ਕਿ ਉਸਨੇ (ਖਾਨ) ਅਪਰੈਲ ਵਿੱਚ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ "ਮਤਦਾਤਾਵਾਂ ਦਾ ਖਤਰਨਾਕ ਧਰੁਵੀਕਰਨ" ਕਰਨ ਲਈ ਸਮਾਜ ਨੂੰ ਜ਼ਹਿਰ ਦਿੱਤਾ।ਪਾਕਿਸਤਾਨ ਦੇ 'ਦਿ ਗਾਰਡੀਅਨ' ਅਖਬਾਰ ਨੂੰ ਦਿੱਤੇ ਇੰਟਰਵਿਊ 'ਚ ਸ਼ਰੀਫ ਨੇ 2018 ਤੋਂ ਇਸ ਸਾਲ ਅਪ੍ਰੈਲ ਤੱਕ ਖਾਨ ਦੇ ਸ਼ਾਸਨ ਦੌਰਾਨ ਘਰੇਲੂ ਅਤੇ ਵਿਦੇਸ਼ੀ ਮੋਰਚੇ 'ਤੇ ਦੇਸ਼ ਨੂੰ ਹੋਏ 'ਨੁਕਸਾਨ' ਬਾਰੇ ਗੱਲ ਕੀਤੀ।



ਵਰਤਮਾਨ ਵਿੱਚ, ਪਾਕਿਸਤਾਨ ਵਧਦੀ ਮਹਿੰਗਾਈ, ਅਸਮਾਨ ਛੂਹ ਰਹੇ ਵਿਦੇਸ਼ੀ ਕਰਜ਼ੇ ਅਤੇ ਘਟਦੇ ਵਿਦੇਸ਼ੀ ਮੁਦਰਾ ਭੰਡਾਰ ਦੇ ਵਿਚਕਾਰ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ।ਇਸ ਤੋਂ ਇਲਾਵਾ ਪਾਕਿਸਤਾਨ ਵਿਚ ਹੜ੍ਹਾਂ ਦੀ ਦਹਿਸ਼ਤ ਕਾਰਨ 1600 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।ਹੜ੍ਹਾਂ ਵਿੱਚ ਦੇਸ਼ ਦਾ ਇੱਕ ਤਿਹਾਈ ਹਿੱਸਾ ਪਾਣੀ ਵਿੱਚ ਡੁੱਬ ਗਿਆ ਅਤੇ ਲਗਭਗ 30 ਬਿਲੀਅਨ ਅਮਰੀਕੀ ਡਾਲਰ ਦਾ ਨੁਕਸਾਨ ਹੋਇਆ ਹੈ।

ਸ਼ਾਹਬਾਜ਼ ਸ਼ਰੀਫ ਨੇ ਖਾਨ ਨੂੰ "ਝੂਠਾ ਅਤੇ ਗੱਦਾਰ" ਕਰਾਰ ਦਿੱਤਾ, ਜਿਸ ਦੀਆਂ ਨੀਤੀਆਂ ਨੇ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਸੀ।ਉਸਨੇ ਭ੍ਰਿਸ਼ਟਾਚਾਰ ਵਿਰੋਧੀ ਮੈਨੀਫੈਸਟੋ ਨੂੰ ਚਲਾਉਣ ਵਾਲੇ ਖਾਨ 'ਤੇ ਦੋਸ਼ ਲਗਾਇਆ ਕਿ ਉਹ ਦੇਸ਼ ਦੇ ਮਾਮਲਿਆਂ ਨੂੰ ਆਪਣੇ ਨਿੱਜੀ ਏਜੰਡੇ ਦੇ ਅਨੁਕੂਲ ਢੰਗ ਨਾਲ ਚਲਾਉਣ ਦਾ, ਉਸਨੂੰ "ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਭੋਲੇ-ਭਾਲੇ, ਸਵੈ-ਕੇਂਦਰਿਤ, ਹੰਕਾਰੀ, ਅਪੰਗ ਸਿਆਸਤਦਾਨ" ਵਜੋਂ ਦਰਸਾਉਂਦਾ ਹੈ।

## ਪਾਕਿਸਤਾਨ ਭੁੱਖਮਰੀ ਦੀ ਕਗਾਰ 'ਤੇ, 57 ਲੱਖ ਲੋਕ ਹੋ ਸਕਦੇ ਹਨ ਦਾਣੇ ਦਾਣੇ ਨੂੰ ਮੋਹਤਾਜ: ਸੰਯੁਕਤ ਰਾਸ਼ਟਰ

ਯੂ.ਐਨ, 6 ਅਕਤੂਬਰ (ਪੋਸਟ ਬਿਊਰੋ) - ਭਾਰਤ ਤੋਂ ਵੱਖ ਹੋਣ ਤੋਂ ਬਾਅਦ ਪਾਕਿਸਤਾਨ ਦੇ ਹਾਲਾਤ ਖ਼ਰਾਬ ਹਨ, ਪਰ ਹਾਲ ਹੀ ਵਿੱਚ ਆਏ ਹੜ੍ਹਾਂ ਨੇ ਇਸ ਦੀ ਹਾਲਤ ਹੋਰ ਵੀ ਬਦਤਰ ਬਣਾ ਦਿੱਤੀ ਹੈ।ਪਾਕਿ-ਸਤਾਨ ਅਜੇ ਵੀ ਅੰਦਰੂਨੀ ਸਿਆਸੀ ਅਸਥਿਰਤਾ ਦੇ ਨਾਲ-ਨਾਲ ਹੜ੍ਹਾਂ ਤੋਂ ਬਾਅਦ ਆਈਆਂ ਮੁਸੀਬਤਾਂ ਨਾਲ ਘਿਰਿਆ ਹੋਇਆ ਹੈ।ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਅਗਲੇ ਤਿੰਨ ਮਹੀਨਿਆਂ ਵਿੱਚ ਪਾਕਿਸਤਾਨ ਵਿੱਚ ਲਗਭਗ 5.7 ਮਿਲੀਅਨ ਲੋਕ ਗੰਭੀਰ ਭੋਜਨ ਸੰਕਟ ਦਾ ਸਾਹਮਣਾ ਕਰ ਸਕਦੇ ਹਨ। ਇਹ ਉਹ ਲੋਕ ਹਨ ਜੋ ਹੜ੍ਹਾਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।



ਦਰਅਸਲ, ਅਜਿਹਾ ਨਹੀਂ ਹੈ ਕਿ ਪਾਕਿਸਤਾਨ ਨੂੰ ਇਹ ਸਮੱਸਿਆ ਹੁਣੇ ਜਿਹੇ ਹੀ ਝੱਲਣੀ ਪਈ ਹੈ, ਇਸ ਤਰ੍ਹਾਂ ਦੀਆਂ ਸਮੱਸਿਆਵਾਂ ਪਾਕਿ-ਸਤਾਨ ਨੂੰ ਪਹਿਲਾਂ ਵੀ ਆਈਆਂ ਹਨ, ਪਰ ਉਸ ਸਮੇਂ ਅਮਰੀਕਾ ਤੋਂ ਮਿਲੇ ਚੰਦੇ ਨੇ ਇਸ ਨੂੰ ਚੰਗੀ ਸਥਿਤੀ ਵਿਚ ਰੱਖਿਆ।ਪਰ ਚੀਨ ਨਾਲ ਇਸ ਦੀ ਵਧਦੀ ਨੇੜਤਾ ਅਤੇ ਅੱਤਵਾਦੀਆਂ ਦੀ ਪਨਾਹਗਾਹ ਬਣਨ ਤੋਂ ਬਾਅਦ ਹੁਣ ਅਮਰੀਕਾ ਨੇ ਉਸ ਨੂੰ ਪੈਸਾ ਦੇਣਾ ਬੰਦ ਕਰ ਦਿੱਤਾ ਹੈ, ਜਿਸ ਕਾਰਨ ਗੁਆਂਢੀ ਦੇਸ਼ ਪਾਕਿਸਤਾਨ ਦੀ ਸਥਿਤੀ ਖਰਾਬ ਹੋ ਗਈ ਹੈ।

ਸੰਯੁਕਤ ਰਾਸ਼ਟਰ ਦੀ ਮਨੁੱਖੀ ਸਹਾਇਤਾ ਏਜੰਸੀ ਨੇ ਚੇਤਾਵਨੀ ਦਿੱਤੀ ਹੈ ਕਿ ਪਾਕਿਸਤਾਨ ਵਿੱਚ ਹੜ੍ਹਾਂ ਨਾਲ ਪ੍ਰਭਾਵਿਤ ਲਗਭਗ 5.7 ਮਿਲੀਅਨ ਲੋਕ ਅਗਲੇ ਤਿੰਨ ਮਹੀਨਿਆਂ ਵਿੱਚ ਗੰਭੀਰ ਭੋਜਨ ਸੰਕਟ ਦਾ ਸਾਹਮਣਾ ਕਰਨਗੇ।ਪਾਕਿਸਤਾਨ ਦੀ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਕਿਹਾ ਹੈ ਕਿ ਦੇਸ਼ ਵਿੱਚ ਅਸਾਧਾਰਨ ਤੌਰ 'ਤੇ ਭਾਰੀ ਮਾਨਸੂਨ ਦੀ ਬਾਰਸ਼ ਕਾਰਨ ਆਏ ਹੜ੍ਹਾਂ ਕਾਰਨ ਹੁਣ ਤੱਕ 1,695 ਲੋਕਾਂ ਦੀ ਜਾਨ ਜਾ ਚੁੱਕੀ ਹੈ।ਅਥਾਰਟੀ ਮੁਤਾਬਕ ਇਸ ਹੜ੍ਹ ਨਾਲ 33 ਮਿਲੀਅਨ ਲੋਕ ਪ੍ਰਭਾਵਿਤ ਹੋਏ ਹਨ ਜਦਕਿ 20 ਲੱਖ ਤੋਂ ਵੱਧ ਘਰ ਤਬਾਹ ਹੋ ਗਏ ਹਨ ਅਤੇ ਲੱਖਾਂ ਬੇਘਰ ਹੋ ਗਏ ਹਨ।

ਸੰਯੁਕਤ ਰਾਸ਼ਟਰ ਨੇ ਸ਼ਨੀਵਾਰ ਨੂੰ ਜਾਰੀ ਆਪਣੀ ਤਾਜ਼ਾ ਰਿਪੋਰਟ 'ਚ ਕਿਹਾ ਕਿ ਮੌਜੂਦਾ ਹੜ੍ਹਾਂ ਨਾਲ ਪਾਕਿ-ਸਤਾਨ 'ਚ ਭੋਜਨ ਦੀ ਅਸੁਰੱਖਿਆ ਵਧਣ ਦੀ ਉਮੀਦ ਹੈ ਅਤੇ ਸਤੰਬਰ ਤੋਂ ਨਵੰਬਰ ਦੇ ਵਿਚਕਾਰ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਲਗਭਗ 5.7 ਮਿਲੀਅਨ ਲੋਕਾਂ ਨੂੰ ਗੰਭੀਰ ਭੋਜਨ ਸੰਕਟ ਦਾ ਸਾਹਮਣਾ ਕਰਨਾ ਪਵੇਗਾ।ਹਾਲਾਂਕਿ, ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਦੇ ਅਨੁਸਾਰ, ਇਸ ਵਿਨਾਸ਼ਕਾਰੀ ਹੜ੍ਹ ਤੋਂ ਪਹਿਲਾਂ ਵੀ, ਪਾਕਿਸਤਾਨ ਦੀ ਲਗਭਗ 16 ਪ੍ਰਤੀਸ਼ਤ ਆਬਾਦੀ ਮੱਧਮ ਜਾਂ ਗੰਭੀਰ ਪੱਧਰ ਦੀ ਖੁਰਾਕ ਅਸੁਰੱਖਿਆ ਦਾ ਸਾਹਮਣਾ ਕਰ ਰਹੀ ਸੀ।

## ਯੂਕਰੇਨ 'ਤੇ ਪਰਮਾਣੂ ਹਮਲੇ ਦਾ ਡਰ, ਪੁਤਿਨ ਸੁੱਟ ਸਕਦੇ ਹਨ ਟੈਕਟੀਕਲ ਨਿਊਕਲੀਅਰ ਬੰਬ

ਮਾਸਕੋ, 6 ਅਕਤੂਬਰ (ਪੋਸਟ ਬਿਊਰੋ) - ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਨੂੰ 7 ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ ਹੈ।ਜਿਸ ਵਿੱਚ ਦੋਵਾਂ ਦੇਸ਼ਾਂ ਦੀ ਫੌਜ ਦਾ ਭਾਰੀ ਨੁਕਸਾਨ ਹੋਇਆ ਹੈ।ਹਾਲ ਹੀ ਵਿਚ ਯੂਕਰੇਨ ਨੇ ਰੂਸ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ ਅਤੇ ਉਸ ਤੋਂ ਆਪਣੇ ਕਈ ਇਲਾਕੇ ਵਾਪਸ ਲੈ ਲਏ ਹਨ।ਅਜਿਹੇ 'ਚ ਹੁਣ ਰੂਸ ਤੋਂ ਟੈਕਟੀਕਲ ਨਿਊਕਲੀਅਰ ਹਮਲੇ ਦਾ ਖਤਰਾ ਵਧ ਗਿਆ ਹੈ।ਇਸ ਦੇ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਰੂਸ ਕੋਲ ਫੌਜਾਂ ਦੀ ਕਮੀ ਹੈ।ਮਾਹਿਰਾਂ ਦਾ ਮੰਨਣਾ ਹੈ ਕਿ ਇਸ ਕਾਰਨ ਹੁਣ ਰੂਸ ਛੋਟੇ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਕੇ ਜੰਗ ਜਿੱਤਣ ਦੀ ਕੋਸ਼ਿਸ਼ ਕਰੇਗਾ।ਰੂਸ ਦੀ ਪੱਛਮੀ ਸਰਹੱਦ ਨਾਲ ਲੱਗਦੇ ਲਗਭਗ ਸਾਰੇ ਖੇਤਰਾਂ ਵਿੱਚ 1588 ਪ੍ਰਮਾਣੂ ਹਥਿਆਰ ਤਾਇਨਾਤ ਕੀਤੇ ਗਏ ਹਨ।ਦੂਜੇ ਪਾਸੇ, ਜੇਕਰ ਅਸੀਂ ਟੈਕਟੀਕਲ ਪ੍ਰਮਾਣੂ ਹਥਿਆਰਾਂ ਦੀ ਗੱਲ ਕਰੀਏ, ਤਾਂ ਉਨ੍ਹਾਂ ਦੀ ਗਿਣਤੀ ਦਾ ਪਤਾ ਲਗਾਉਣਾ ਕਾਫ਼ੀ ਮੁਸ਼ਕਲ ਹੈ।

ਕਈ ਅਮਰੀਕੀ ਖੁਫੀਆ ਏਜੰਸੀਆਂ ਦਾ ਮੰਨਣਾ ਹੈ ਕਿ ਇਨ੍ਹਾਂ ਦੀ ਗਿਣਤੀ 1000 ਤੋਂ 2000 ਦੇ ਵਿਚਕਾਰ ਹੋ ਸਕਦੀ ਹੈ।ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਪੁਤਿਨ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਦੇ ਹਨ, ਤਾਂ ਉਹ ਟੈਕਟੀਕਲ ਪ੍ਰਮਾਣੂ ਹਥਿਆਰ ਹੋ ਸਕਦੇ ਹਨ।ਇੱਕ ਟੈਕਟੀਕਲ ਪ੍ਰਮਾਣੂ ਹਥਿਆਰ ਦਾ ਭਾਰ 1 ਕਿਲੋਗ੍ਰਾਮ ਟਨ ਤੋਂ 100 ਕਿਲੋਗ੍ਰਾਮ ਟਨ ਤੱਕ ਹੋ ਸਕਦਾ ਹੈ।

## ਗੈਂਬੀਆ ਨੇ 66 ਲੋਕਾਂ ਦੀ ਮੌਤ ਨਾਲ ਜੁੜਿਆ ਭਾਰਤ 'ਚ ਬਣਿਆ ਕਫ ਸੀਰਪ ਵਾਪਸ ਲਿਆ

ਗੈਂਬੀਆ, 6 ਅਕਤੂਬਰ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਿਯੂਐਚਓ) ਵਲੋਂ ਗੈਂਬੀਆ ਵਿੱਚ ਇੱਕ ਭਾਰਤੀ ਕੰਪਨੀ ਦੁਆਰਾ ਨਿਰਮਿਤ ਖੰਘ ਦੇ ਸਿਰਪ ਨਾਲ ਬੱਚਿਆਂ ਦੀਆਂ ਕਥਿਤ ਮੌਤਾਂ ਬਾਰੇ ਚੇਤਾਵਨੀ ਦੇ ਬਾਅਦ ਸਰਕਾਰ ਨੇ ਵੀਰਵਾਰ ਨੂੰ ਕਿਹਾ ਕਿ ਖੰਘ ਦੇ ਸਿਰਪ ਦੇ ਨਮੂਨੇ ਭਾਰਤ ਦੇ ਡਰੱਗ ਕੰਟਰੋਲਰ ਜਨਰਲ (ਡੀਸੀਜੀਆਈ) ਨੂੰ ਜਾਂਚ ਲਈ ਭੇਜੇ ਗਏ ਹਨ ਅਤੇ ਇਸਦੇ ਨਤੀਜੇ ਅਗਲੇਰੀ ਕਾਰਵਾਈ ਵਿਚ ਮਦਦ ਕਰਨਗੇ।ਡਬਲਿਯੂਐਚਓ ਨੇ ਬੁੱਧਵਾਰ ਨੂੰ ਚੇਤਾਵਨੀ ਦਿੱਤੀ ਕਿ ਪੱਛਮੀ ਅਫ਼ਰੀਕੀ ਦੇਸ਼ ਗੈਂਬੀਆ ਦੇ ਸੋਨੀਪਤ, ਹਰਿਆਣਾ ਵਿੱਚ ਸਥਿਤ 'ਮੇਡੇਨ ਫਾਰਮਾਸਿਊਟੀਕਲਜ਼ ਲਿਮਟਿਡ' ਦੁਆਰਾ ਕਥਿਤ ਤੌਰ 'ਤੇ ਤਿਆਰ ਕੀਤੇ ਗਏ 'ਦੂਸ਼ਿਤ' ਅਤੇ 'ਘੱਟ ਗੁਣਵੱਤਾ' ਦੇ ਚਾਰ ਕਫ ਸੀਰਪ ਬੱਚਿਆਂ ਦੀ ਮੌਤ ਦਾ ਕਾਰਨ ਹੋ ਸਕਦੇ ਹਨ।ਡੀਸੀਜੀਆਈ ਨੇ ਇਸ ਸਬੰਧ ਵਿੱਚ ਪਹਿਲਾਂ ਹੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਡਬਲਯੂਐਚਓ ਤੋਂ ਵਿਸਤ੍ਰਿਤ ਵੇਰਵੇ ਮੰਗੇ ਹਨ।ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਵੀਰਵਾਰ ਨੂੰ ਕਿਹਾ ਕਿ ਕੰਪਨੀ ਦੁਆਰਾ ਨਿਰਮਿਤ ਚਾਰ ਕਿਸਮ ਦੇ ਖੰਘ ਦੇ ਸਿਰਪ ਦੇ ਨਮੂਨੇ ਕੋਲਕਾਤਾ ਦੀ ਕੇਂਦਰੀ ਡਰੱਗ ਲੈਬਾਰਟਰੀ (ਸੀਡੀਐਲ) ਨੂੰ ਜਾਂਚ ਲਈ ਭੇਜੇ ਗਏ ਹਨ।



ਗੈਂਬੀਆ ਨੇ 60 ਤੋਂ ਵੱਧ ਮੌਤਾਂ ਲਈ ਜ਼ਿੰਮੇਵਾਰ ਖੰਘ ਅਤੇ ਜ਼ੁਕਾਮ ਦੇ ਸ਼ਰਬਤ ਨੂੰ ਇਕੱਠਾ ਕਰਨ ਲਈ ਘਰ-ਘਰ ਜਾ ਕੇ ਮੁਹਿੰਮ ਸ਼ੁਰੂ ਕੀਤੀ ਹੈ।ਇੱਕ ਰਿਪੋਰਟ ਵਿੱਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ ਹੈ।ਦੱਸ ਦਈਏ ਕਿ ਨੇ ਭਾਰਤ ਦੀ ਮੈਡਨ ਫਾਰਮਾਸਿਊਟੀਕਲਜ਼ ਨੂੰ ਉਨ੍ਹਾਂ ਦੇ ਚਾਰ ਖੰਘ ਅਤੇ ਜ਼ੁਕਾਮ ਸੀਰਪ ਬਾਰੇ ਚੇਤਾਵਨੀ ਦਿੱਤੀ ਹੈ।ਸਮਾਚਾਰ ਏਜੰਸੀ ਏਐਫਪੀ ਦੇ ਅਨੁਸਾਰ, ਡਬਲਿਯੂਐਚਓ ਦੀ ਇਹ ਚੇਤਾਵਨੀ ਪਿਛਲੇ ਦਿਨੀਂ ਗੈਂਬੀਆ ਵਿਚ 66 ਬੱਚਿਆਂ ਦੀ ਮੌਤ ਨਾਲ ਸਬੰਧਤ ਹੈ।ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਦੂਸ਼ਿਤ ਦਵਾਈਆਂ ਪੱਛਮੀ ਅਫਰੀਕੀ ਦੇਸ਼ ਤੋਂ ਬਾਹਰ ਵੰਡੀਆਂ ਜਾ ਸਕਦੀਆਂ ਹਨ।ਜੇਕਰ ਅਜਿਹਾ ਹੁੰਦਾ ਤਾਂ ਇਸ ਦਾ ਵਿਸ਼ਵ ਪੱਧਰ 'ਤੇ ਪ੍ਰਭਾਵ ਪੈ ਸਕਦਾ ਹੈ।

# ਕੈਸਲਮੋਰ ਸੀਨੀਅਰਜ਼ ਕਲੱਬ ਨੇ ਸਮਰ ਫਨ ਫੇਅਰ ਕਰਵਾਇਆ







ਬਰੈਂਪਟਨ, 5 ਅਕਤੂਬਰ (ਬਾਸੀ ਹਰਚੰਦ )- ਗੋਰ/ ਮੀਡੋਅ ਕਮਿਊਨਿਟੀ ਸੈਂਟਰ ਵਿਖੇ ਐਤਵਾਰ ਨੂੰ ਰੌਕ ਗਾਰਡਨ ਕਲੱਬ ਦੇ ਪ੍ਰੀਤੀ ਭੋਜਨ ਸਮੇਂ ਗੀਤ ਸੰਗੀਤ ਦੇ ਪ੍ਰੋਗਰਾਮ ਨਾਲ ਹਾਲ ਗੂੰਜ ਉਠਿਆ। ਰੌਕ ਗਾਰਡਨ ਸੀਨੀਅਰਜ਼ ਕਲੱਬ ਹਰ ਸਾਲ ਗਰਮੀਆਂ ਦੇ ਅੰਤ ਤੇ ਫਾਲ ਸਮੇਂ ਆਪਣੀ ਕਲੱਬ ਦਾ ਆਮ ਇਜਲਾਸ ਅਤੇ ਆਪਣੇ ਮੈਂਬਰਾਂ ਨੂੰ ਪ੍ਰੀਤੀ ਭੋਜਨ ਵਿੱਚ ਸ਼ਾਮਲ ਕਰਦੀ ਹੈ। ਇਸ ਕਲੱਬ ਦੇ ਬਰੈਂਪਟਨ ਵਿੱਚ ਸੱਭ ਤੋਂ ਵੱਧ ਮੈਂਬਰ ਹਨ। ਇਹ ਨਿਰੋਲ ਆਪਣੇ ਮੈਂਬਰਾਂ ਦੀ ਐਂਟਰਟੇਨ ਮੈਂਟ ਦੇ ਪਰਬੰਧ ਕਰਦੀ ਹੈ ਜਿੰਨਾਂ ਵਿੱਚ ਵੱਖ ਵੱਖ ਦਿਸ਼ਾਵਾਂ ਵਿੱਚ ਮੈਂਬਰਾਂ ਦੇ ਟੂਰ ਕਰਾਉਣੇ ਅਤੇ ਗਰਮੀਆਂ ਦੇ ਅੰਤ ਤੇ ਫਾਲ ਸਮੇਂ ਪ੍ਰੀਤੀ ਭੋਜਨ ਕਰਾਉਣਾ ਹੈ। ਇਸ ਦਿਨ ਗੀਤ ਸੰਗੀਤ ਦਾ ਪ੍ਰੋਗਰਾਮ ਵੀ ਹੁੰਦਾ ਹੈ। ਇਹ ਪ੍ਰੋਗਰਾਮ ਗੁਰਮੇਲ ਸਿੰਘ ਸੱਗੂ ਅਤੇ ਕਸ਼ਮੀਰਾ ਸਿੰਘ ਦਿਉਲ ਅਤੇ ਸਮੁਚੀ ਕਾਰਜਕਰਨੀ ਦੀ ਅਗਵਾਈ ਵਿੱਚ ਗੋਰ/ਮੀਡੋਅਕਮਿਉਨਿਟੀ ਹਾਲ ਵਿੱਚ ਸਜਿਆ। ਦੋ ਅਕਤੂਬਰ ਦਿਨ ਐਤਵਾਰ ਨੂੰ ਪਹਿਲਾਂ ਕਲੱਬ ਦਾ ਆਮ ਇਜਲਾਸ ਹੋਇਆ ਜਿਸ ਵਿੱਚ ਪਿਛਲੇ ਸਾਲ ਦੇ ਕੰਮਾਂ ਦਾ ਲੇਖਾ ਜੋਖਾ ਅਤੇ ਹਿਸਾਬ ਕਿਤਾਬ ਮੈਂਬਰਾਂ ਅੱਗੇ ਪੇਸ਼ ਕੀਤਾ ਜੋ ਸਰਵਸੰਮਤੀ ਨਾਲ ਪਾਸ ਕਰ ਦਿਤਾ ਗਿਆ।ਆਉਂਦਿਆ ਹੀ ਮਹਿਮਾਨਾਂ ਲਈ ਚਾਹ ਸਨੈਕਸ ਪਰੋਸੇ ਗਏ।ਡਾ;ਸਮੰਤਾ ਮੋਹੰਤੀ ਦਾ ਸੋਸ਼ਲ ਪਲੈਨਿੰਗ ਟੋਰਾਂਟੋ ਦਾ ਲੈਕਚਰ ਅਯੋਜਤ ਕੀਤਾ ਗਿਆ।

ਇਸ ਤੋਂ ਅਗਲੇ ਸੈਸ਼ਨ ਵਿੱਚ ਸਿਟੀ ਤੋਂ ਚੋਣਾ ਲੜ ਰਹੇ ਉਮੀਦਵਾਰਾਂ ਨੂੰ ਆਪਣਾ ਪੱਖ ਰੱਖਣ ਲਈ ਸਮਾਂ ਦਿਤਾ ਗਿਆ। ਇਸ ਉਪਰੰਤ ਕਲੱਬ ਦੇ ਸਾਬਕ ਪ੍ਰਧਾਨ ਹਰਬੰਸ ਸਿੰਘ ਬਿੰਦ ਅਤੇ ਬੀਬੀ ਤਰਿਪਤਾ ਕੁਮਾਰੀ ਨੂੰ ਉਸ ਦੀਆਂ ਵਧੀਆ ਸੇਵਾਵਾਂ ਲਈ ਸਨਮਾਨ ਵਜੋਂ ਇੱਕ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਫਿਰ ਗੀਤ ਸੰਗੀਤ ਦਾ ਦੌਰ ਸ਼ੁਰੂ ਹੋ ਗਿਆ। ਬੀਬੀ ਨਾਜ਼ ਕੈਰੀਬਨ ਨੇ ਬਹੁਤ ਹੀ ਖੂਬਸੂਰਤ ਅਵਾਜ਼ ਵਿੱਚ ਹਿੰਦੀ ਗੀਤ ਗਾਏ। ਇਉਂ ਲੱਗਦਾ ਸੀ ਜਿਵੇਂ ਪਰੋਫੈਸ਼ਨਲ ਹੋਵੇ। ਮਿਸਜ ਸੱਗੂ ਨੇ ਧਾਰਮਿਕ ਸ਼ਬਦ ਗਾਇਨ ਕੀਤਾ । ਇੱਕ ਹੋਰ ਵਿਅੱਕਤੀ ਨੇ" ਨਾ ਝਟਕੋ ਜੁਲਫ ਸੇ ਪਾਣੀ" ਵਧੀਆ ਗੀਤ ਨਾਲ ਰੰਗ ਬੰਨਿਆ। ਲਾਲ ਮਿਊਜੀਸ਼ਨ ਗਰੁਪ ਦੇ ਪਾਲ ਅਤੇ ਰੀਟਾ ਰਾਣੀ ਦੀ ਸੰਗੀਤ ਮੰਡਲੀ ਨੇ ਪੂਰਾ ਸਮਾਂ ਵਧੀਆ ਗੀਤਾਂ ਨਾਲ ਐਂਟਰਟੇਨ ਮੈਂਟ ਕੀਤੀ।ਵਿਚੋਂ ਕੁੱਝ ਸਮਾਂ ਗੀਤ ਸੰਗੀਤ ਰੋਕ ਕੇ ਔਰਤਾਂ ਨੇ ਪੰਜਾਬੀ ਗਿੱਧੇ ਨਾਲ ਧਮਾਲ ਪਾ ਕੇ ਦਰਸ਼ਕਾਂ ਦਾ ਮਨ ਮੋਹ ਲਿਆ।

ਉਸ ਉਪਰੰਤ ਜਾਗੋ ਦਾ ਰੰਗ ਗਿਧੇ ਦੇ ਹਾਣ ਦਾ ਸੀ। ਔਰਤਾਂ ਦੀ ਇਸ ਕਲਾ ਦੀ ਦਰਸ਼ਕਾਂ ਨੇ ਦਾਦ ਦਿਤੀ। ਵਿਸੇਸ਼ ਸੱਦੇ ਤੇ ਮਹਿਮਾਨਾਂ ਵਿੱਚ ਸੀਨੀਅਰਜ਼ ਅਸੋਸੀਏਸ਼ਨ ਦੇ ਪਰਧਾਂਨ ਜੰਗੀਰ ਸਿੰਘ ਸੈਂਭੀ, ਪੰਜਾਬੀ ਪੋਸਟ ਅਖਬਾਰ ਦੇ ਮਾਲਕ ਜਗਦੀਸ਼ ਸਿੰਘ ਗਰੇਵਾਲ ,ਅਮਰੀਕ ਸਿੰਘ ਕੁਮਰੀਆ ਪਰਧਾਨ ਡੌਨ ਮਿਨਾਕਰ ਕਲੱਬ, ਮਹਿੰਦਰ ਸਿੰਘ ਮੋਹੀ, ਸਤਵੰਤ ਸਿੰਘ ਬੋਪਾਰਾਏ, ਪ੍ਰੋ;ਜਗੀਰ ਸਿੰਘ ਕਾਹਲੋਂ,ਹਰਚੰਦ ਸਿੰਘ ਬਾਸੀ ਆਦਿ ਸਨ। ਹਰਚੰਦ ਸਿੰਘ ਬਾਸੀ ਨੂੰ ਕੁੱਝ ਸਮਾਂ ਸਮਾਗਮ ਨੂੰ ਅਡਰੈਸ ਕਰਨ ਲਈ ਦਿਤਾ ਗਿਆ ਜਿਸ ਵਿੱਚ ਉਹਨਾਂ ਦੱਸਿਆਂ ਕਿ ਜਿਹੜੀ ਸਭਾ ਦੀ ਅਗਵਾਈ ਸੁਚੱਜੀ ਹੋਵੇ ਤੇ ਮੈਂਬਰ ਅਨੁਸਾਸ਼ਨ ਵਿੱਚ ਹੋਣ ਉਸ ਦੀ ਉਮਰ ਲੰਮੀ ਅਤੇ ਸੋਭਾਵੰਤ ਹੁੰਦੀ ਹੈ। ਇਹ ਗੁਣ ਰੌਕ ਗਾਰਡਨ ਕਲੱਬ ਵਿੱਚ ਹਨ। ਇਸ ਦਾ ਸਿਹਰਾ ਗੁਰਮੇਲ ਸਿੰਘ ਸੱਗੂ ਅਤੇ ਕਸ਼ਮੀਰਾ ਸਿੰਘ ਦਿਉਲ ਨੂੰ ਜਾਂਦਾ ਹੈ। ਸਭਾ ਦੇ ਪਰਬੰਧਕ ਗੁਰਮੇਲ ਸਿੰਘ ਸੱਗੂ , ਕਸ਼ਮੀਰਾ ਸਿੰਘ ਦਿਉਲ ਸਮੇਤ ਮੈਂਬਰਾਂ ਅਤੇ ਕਾਰਜ ਕਰਨੀ ਨੂੰ ਸਫ਼ਲ ਸਮਾਗਮ ਦੀਆਂ ਵਧਾਈਆਂ ਦਿਤੀਆਂ। ਕਲੱਬ ਦੇ ਪਰਧਾਨ ਨੇ ਰੌਕਗਾਰਡਨ ਦੇ ਵਲੰਟੀਅਰਜ਼ ਅਤੇ ਸੀਨੀਅਰ ਵੋਮੈਨ ਕਲੱਬ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਠੀਕ ਪੌਚਾਰ ਵਜੇ ਭੋਜਨ ਵਰਤਣਾ ਸ਼ੁਰੂ ਹੋ ਗਿਆ ਸੱਭ ਨੇ ਸੁਆਦਲਾ ਭੋਜਨ ਖਾ ਕੇ ਸਮਾਗਮ ਦੀ ਸਮਾਪਤੀ ਕੀਤੀ।

# ਪੰਜਾਬ ਭਵਨ ਸਰੀ ਕੈਨੇਡਾ ਦੇ ਚੌਥੇ ਸਾਲਾਨਾ ਸਮਾਗਮ ਵਿੱਚ ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਸਰਪ੍ਰਸਤਾ ਬੀਬੀ ਸਵਰਾਜ ਕੌਰ ਦਾ ਸਨਮਾਨ



ਅਕਤੂਬਰ 1 ਅਤੇ 2 ਨੂੰ 'ਬਾਠ ਅਸਟੇਟ,ਸਰੀ,' ਵਿਖੇ ਪੰਜਾਬ ਭਵਨ ਸਰੀ ਵੱਲੋਂ ਕੌਮਾਂਤਰੀ ਪੰਜਾਬੀ ਸਮਾਜ,ਸਾਹਿਤ ਅਤੇ ਸੱਭਿਆਚਾਰ ਵਿਸ਼ੇ ਉਪਰ 'ਪੰਜਾਬੀ ਸਾਹਿਤ ਅਤੇ ਸੱਭਿਆਚਾਰ ਸੰਮੇਲਨ-4' ਕਰਵਾਇਆ ਗਿਆ।ਭਾਰਤ, ਇਟਲੀ, ਯੂ.ਕੇ,ਆਸਟ੍ਰੇਲੀਆ,ਪਾਕਿਸਤਾਨ, ਅਮਰੀਕਾ ਅਤੇ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਤੋਂ ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਮੈਂਬਰਾਂ ਬੁੱਧੀਜੀਵੀਆਂ, ਕਲਾਕਾਰਾਂ, ਰੰਗਕਰਮੀਆਂ, ਚਿੱਤਰਕਾਰਾਂ, ਕਵੀਆਂ, ਸਾਹਿਤਕਾਰਾਂ ਨੇ ਪੰਜਾਬ ਭਵਨ ਦੇ ਪਿਆਰ-ਸੱਦੇ ਨੂੰ ਪ੍ਰਵਾਨ ਕਰਦਿਆਂ, ਸ਼ਮੂਲੀਅਤ ਕੀਤੀ।ਹਰੀਆਂ ਭਰੀਆਂ ਵਾਦੀਆਂ ਵਾਲੇ ਸੁਖੀ ਬਾਠ ਜੀ ਦੇ ਵਿਹੜੇ ਵਿੱਚ ਸਲੀਕੇ ਨਾਲ ਹਾਰੇ-ਸ਼ਿੰਗਾਰੇ ਪੰਡਾਲ ਵਿੱਚ ਸਤਿਕਾਰਿਤ ਸੱਜਣਾਂ ਦੇ ਭਰਵੇਂ ਇਕੱਠ ਦੀ ਇਸ ਸਟੇਜ ਉਪਰ ਪ੍ਰਧਾਨਗੀ ਮੰਡਲ ਵਿੱਚ ਡਾ. ਸਾਧੂ ਸਿੰਘ, ਸ਼੍ਰੀ ਸੁੱਖੀ ਬਾਠ, ਡਾ.ਸਤੀਸ਼ ਵਰਮਾ, ਡਾ.ਸਾਹਿਬ ਸਿੰਘ ਅਤੇ ਸ੍ਰ.ਗੁਰਮੀਤ ਪਲਾਹੀ ਵਿਰਾਜਮਾਨ ਸਨ।ਫ਼ਿਜ਼ਾਂ 'ਚ ਗੂੰਜਦੀਆਂ ਸੰਗੀਤਕ ਧੁੰਨਾਂ ਦੀ ਹਾਜ਼ਰੀ ਵਿੱਚ ਪ੍ਰਧਾਨਗੀ ਮੰਡਲ ਵੱਲੋਂ ਸ਼ਮਾ ਰੋਸ਼ਨ ਕੀਤੀ ਗਈ।ਡਾ.ਸਤੀਸ਼ ਵਰਮਾ ਦੇ ਉਦਘਾਟਨੀ ਸ਼ਬਦਾਂ,ਸ਼੍ਰੀ ਸੁੱਖੀ ਬਾਠ ਜੀ ਦੇ ਸਵਾਗਤੀ ਸ਼ਬਦਾਂ ਅਤੇ ਡਾ. ਸਾਧੂ ਸਿੰਘ ਜੀ ਦੇ ਆਰੰਭਿਕ ਸ਼ਬਦ ਨਾਲ ਸ਼ੁਰੂ ਹੋਏ ਦੋ ਦਿਨਾਂ ਤੱਕ ਚੱਲੇ ਸੰਮੇਲਨ ਵਿੱਚ 'ਗੁਰਮਤਿ ਦੇ ਚਾਨਣ ਵਿੱਚ', 'ਕੌਮਾਤਰੀ ਪੰਜਾਬੀ ਸਮਾਜ ਦਾ ਸੰਕਲਪ' 'ਕੈਨੇਡੀਅਨ ਪੰਜਾਬੀ ਕਲਾਵਾਂ ਅਤੇ ਸੰਚਾਰ ਮਾਧਿਅਮ,' 'ਕੈਨੇਡਾ ਦਾ ਪੰਜਾਬੀ ਸਾਹਿਤ' ਅਤੇ 'ਸਾਹਿਤ ਦਾ ਸਿਆਸੀ ਪਰਿਪੇਖ' ਆਦਿ ਵਿਸ਼ਿਆਂ ਤੇ ਵੱਖ ਵੱਖ ਵਿਦਵਾਨਾਂ ਨੇ ਵਿਦਵਤਾ ਭਰਪੂਰ ਅਤੇ ਗਿਆਨਵਰਧਕ ਪਰਚੇ ਪੜ੍ਹੇ।








ਆਸਟ੍ਰੇਲੀਆ ਤੋਂ ਆਏ ਕਈ ਪੰਜਾਬੀ ਗਾਇਕਾਂ ਅਤੇ ਵਿਸ਼ੇਸ਼ ਤੌਰ ਤੇ ਲੋਕ ਮਨਾਂ 'ਚ ਵਸੇ ਪੰਜਾਬੀ ਗਾਇਕਾਂ ਸਰਬਜੀਤ ਚੀਮਾ ਅਤੇ ਮਲਕੀਤ ਸਿੰਘ ਨੇ ਆਪਣੇ ਆਪਣੇ ਗੀਤਾਂ ਨਾਲ ਆਲਾ ਦੁਆਲਾ ਸੁਗੰਧਿਤ ਕਰ ਦਿੱਤਾ। ਹਰ ਇਕ ਵਿਸ਼ੇ ਤੇ ਔਰਤਾਂ ਦੀ ਅੱਧ ਤੋਂ ਵੱਧ ਨੁਮਾਇੰਗੀ ਇਸ ਪ੍ਰੋਗਰਾਮ ਦੀ ਪ੍ਰਾਪਤੀ ਸੀ।ਇਕ ਕਲਾਕਾਰੀ ਨਾਟਕ ਜੋ ਕਿ ਡਾ.ਸਾਹਿਬ ਸਿੰਘ ਵੱਲੋਂ ਅਤੇ ਅਨੀਤਾ ਸ਼ਬਦੀਸ਼ ਵੱਲੋਂ ਪੇਸ਼ ਕੀਤੇ ਗਏ,ਨੂੰ ਬਹੁਤ ਸਲਾਹਿਆ ਗਿਆ।ਪੰਜਾਬ ਭਵਨ ਦੇ ਬਾਨੀ ਸ਼੍ਰੀ ਸੁੱਖੀ ਬਾਠ,ਅੰਤਰਰਾਸ਼ਟਰੀ ਪੱਧਰ ਦੇ ਕਵੀ ਕਵਿੰਦਰ ਚਾਂਦ ਅਤੇ ਸਿਰਤਾਜ ਲੇਖਕ ਕਵੀ ਅਮਰੀਕ ਪਲਾਹੀ, ਉਹਨਾਂ ਦੀ ਸਰੀ ਕੈਨੇਡਾ ਵਿਖੇ ਅਤੇ ਪੰਜਾਬ ਭਵਨ ਜਲੰਧਰ ਦੀ ਸਮੁੱਚੀ ਟੀਮ ਦੇ ਅਣਥੱਕ ਯਤਨਾਂ ਦੇ ਨਤੀਜੇ, ਇਸ ਸੰਮੇਲਨ ਵਿੱਚ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਮੈਂਬਰਾਂ, ਅਹੁਹਦੇਦਾਰਾਂ ਦੀ ਭਰਵੀਂ ਹਾਜ਼ਰੀ ਅਮਰੀਕਾ ਕੈਨੇਡਾ ਦੀ ਦੋਸਤੀ ਦੇ ਰੰਗ ਨੂੰ ਹੋਰ ਗੂਹੜਾ ਕਰ ਰਹੀ ਸੀ।ਲਿਖਾਰੀ ਸਭਾ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸਭਾ ਦੀ ਸਰਪ੍ਰਸਤਾ ਸਤਿਕਾਰਿਤ ਬੀਬੀ ਸਵਰਾਜ ਕੌਰ ਨੂੰ ਇਸ ਸਾਲ ਦੇ ਪੰਜਾਬ ਭਵਨ ਦੇ ਵਕਾਰੀ ਐਵਾਰਡ 'ਸ੍ਰ.ਅਰਜਨ ਸਿੰਘ ਬਾਠ ਯਾਦਗਾਰੀ ਐਵਾਰਡ' ਨਾਲ ਨਿਵਾਜਿਆ ਗਿਆ ਅਤੇ ਨਾਲ ਹੀ ਇਹ ਸਨਮਾਨ ਇਸ ਵਾਰ ਕੈਨੇਡਾ ਵੱਸਦੇ ਵਿਦਵਾਨ ਸਾਹਿਤਕਾਰ ਡਾ.ਸਾਧੂ ਸਿੰਘ ਨੂੰ ਦਿੱਤਾ ਗਿਆ। ਸਭਾ ਦੇ ਅਹੁਦੇਦਾਰ ਅਤੇ ਮੈਂਬਰਜ਼ ਹਰਪਾਲ ਸਿੰਘ, ਬਲਿਹਾਰ ਸਿੰਘ ਲੇਹਲ,ਸੁਖਵੀਰ ਸਿੰਘ ਬੀਹਲਾ, ਪ੍ਰਿਤਪਾਲ ਸਿੰਘ ਟੀਵਾਣਾ, ਸਾਧੂ ਸਿੰਘ ਝੱਜ, ਮੰਗਤ ਕੁਲਜਿੰਦ, ਜਗੀਰ ਸਿੰਘ,ਸ਼ਰਨਜੀਤ ਕੌਰ, ਸ਼ਾਦੀ ਰਾਮ ਗੋਇਲ, ਰਮੀਤ ਮਿੱਤਲ, ਸ਼ਾਈਨਾ ਮਿੱਤਲ ਅਤੇ ਪ੍ਰਭਨੂਰ ਨੇ ਸੰਮੇਲਨ ਵਿੱਚ ਸ਼ਿਰਕਤ ਕੀਤੀ। ਧਰਤੀ ਦੇ ਕੋਨੇ ਕੋਨੇ ਤੋਂ ਆਏ ਕਵੀਆਂ ਕਵਿਤਰੀਆਂ ਨੇ ਵੱਖ ਵੱਖ ਵਿਸ਼ਿਆਂ ਤੇ ਲਿਖੀਆਂ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਦੇ ਰੰਗ ਬਿਖੇਰੇ। ਸੰਚਾਰ ਦੇ ਮਾਧਿਅਮਾਂ ਰਾਹੀਂ ਇਸ ਸੰਮੇਲਨ ਦਾ ਪਲ ਪਲ, ਛਿਣ ਛਿਣ, ਨਾਲ ਦੀ ਨਾਲ ਦੇਸ਼ ਵਿਦੇਸ਼ੀ ਬੈਠਿਆਂ ਸਰੋਤਿਆਂ-ਦਰਸ਼ਕਾਂ ਦੇ ਕੰਨਾਂ ਦੇ ਪਰਦਿਆਂ ਉਪਰ ਅਤੇ ਅੱਖਾਂ ਦੀਆਂ ਪੁਤਲੀਆਂ ਸਾਹਮਣੇ ਨੱਚਦਾ ਰਿਹਾ।ਰਾਤ ਨੂੰ ਸਰੀ ਆਰਟਸ ਸੈਂਟਰ ਵਿਖੇ ਪਾਲੀ ਭੁਪਿੰਦਰ ਦਾ ਲਿਖਿਆ ਅਤੇ ਜਸਕਰਨ ਦੀ ਨਿਰਦੇਸ਼ਨਾ ਹੇਠ 'ਪਰੋਗਰੈਸਿਵ ਆਰਟਸ ਕਲੱਬ ਸਰੀ' ਵੱਲੋਂ ਨਾਟਕ 'ਰਾਤ ਚਾਨਣੀ' ਖੇਡਿਆ ਗਿਆ।

ਇਸ ਪ੍ਰਭਾਵਸ਼ਾਲੀ ਪ੍ਰੋਗਰਾਮ ਲਈ ਹਰਪਾਲ ਸਿਧੂ ਪ੍ਰਧਾਨ, ਬਲਿਹਾਰ ਲੇਹਲ ਮੀਤ ਪ੍ਰਧਾਨ, ਡਾ.ਸੁਖਵੀਰ ਬੀਹਲਾ ਸਕੱਤਰ, ਮੰਗਤ ਕੁਲਜਿੰਦ ਪ੍ਰੈਸ ਸਕੱਤਰ ਸਮੇਤ ਪੰਜਾਬੀ ਲਿਖਾਰੀ ਸਭਾ (ਰਜਿ.)ਸਿਆਟਲ, ਪੰਜਾਬੀ ਭਵਨ ਸਰੀ ਕੈਨੇਡਾ ਅਤੇ ਪੰਜਾਬ ਭਵਨ ਜਲੰਧਰ ਦੀ ਸਮੁੱਚੀ ਟੀਮ ਨੂੰ ਮੁਬਾਰਕਾਂ ਭੇਜਦੀ ਹੈ ਅਤੇ ਉਹਨਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦੀ ਹੈ।

# ਪੈਨਾਹਿਲ ਸੀਨੀਅਰਜ਼ ਕਲੱਬ ਨੇ ਸਮਰ ਵਿਦਾਇਗੀ ਪਾਰਟੀ ਕੀਤੀ





(ਬਰੈਂਪਟਨ/ ਬਾਸੀ ਹਰਚੰਦ) ਕਨੇਡਾ ਵਿੱਚ ਗਰਮੀ ਦਾ ਮੌਸਮ ਉਡੀਕਦਿਆਂ ਆਉਂਦਾ ਹੈ। ਇਸ ਮੌਸਮ ਵਿੱਚ ਲੋਕ ਸਰਦੀ ਦੇ ਭੰਨੇ ਘਰਾਂ ਤੋਂ ਬਾਹਰ ਨਿਕਲਦੇ ਹਨ। ਘਰਾਂ ਤੋਂ ਬਾਹਰ ਕਈ ਕਿਸਮ ਦੀਆਂ ਸਰਗਰਮੀਆਂ ਸ਼ੁਰੂ ਹੋ ਜਾਂਦੀਆਂ। ਖਾਸ ਕਰਕੇ ਸੀਨੀਅਰਜ਼ ਸਰਦੀ ਵਿੱਚ ਅੰਦਰੇ ਤੜ ਕੇ ਰਹਿ ਜਾਂਦੇ ਹਨ। ਸੰਨ 2022 ਦੀ ਗਰਮੀ ਜਾ ਰਹੀ ਹੈ। ਫਿਰ ਸੀਨੀਅਰਜ਼ ਨੇ ਅਪ੍ਰੈਲ ਮਈ ਵਿੱਚ ਮਿਲਣਾ ਹੈ ਕੁੱਝ ਸਾਥੀਆਂ ਨੇ ਅਪਣੇ ਵਤਨ ਪੰਜਾਬ (ਭਾਰਤ) ਵੀ ਜਾਣਾ ਹੁੰਦਾ ਹੈ। ਇਸ ਕਰਕੇ ਪ੍ਰੀਵਾਰਾਂ ਦੀ ਸੁਖ ਸਾਂਦ ਮੰਗਦੇ ਹੋਏ ਪੈਨਾਹਿਲ ਸੀਨੀਅਰਜ਼ ਕਲੱਬ ਨੇ ਆਪਣੇ ਮੈਂਬਰਾਂ ਤੋਂ ਇਲਾਵਾ ਪੈਨਾਹਿਲ ਪਾਰਕ ਅਤੇ ਮਮੋਰੀਅਲ ਗਾਰਡਨ ਦੇ ਪ੍ਰੀਵਾਰਾਂ ਲਈ ਸਮਰ ਵਿਦਾਇਗੀ ਚਾਹ ਮਠਿਆਈ ਦਾ ਪ੍ਰੋਗਰਾਮ ਕੀਤਾ। ਜਿਸ ਵਿੱਚ ਵੱਡੀ ਗਿਣਤੀ ਵਿੱਚ ਆਦਮੀ ਔਰਤਾਂ ਬੱਚੇ ਅਤੇ ਜਵਾਨ ਜਵਾਨ ਸ਼ਾਮਲ ਹੋਏ। ਤਿੰਨ ਕੁ ਘੰਟੇ ਦੇ ਲੱਗ ਪੱਗ ਸੱਭ ਨੇ ਮਿਲ ਬੈਠ ਕੇ ਗੱਲਾਂ ਕੀਤੀਆਂ ਖਾਣ ਪੀਣ ਦਾ ਅਨੰਦ ਮਾਣਿਆ। ਪੈਨਾਹਿਲ ਕਲੱਬ ਦੇ ਸਾਬਕਾ ਪ੍ਰਧਾਨ ਅਤੇ ਸੀਨੀਅਰਜ਼ ਅਸੋਸੀਏਸ਼ਨ ਬਰੈਂਪਟਨ ਦੈ ਪ੍ਰਧਾਂਨ ਜੰਗੀਰ ਸਿੰਘ ਸੈਂਭੀ ਵਿਸ਼ੇਸ਼ ਸੱਦੇ ਤੇ ਅਸੀਰਵਾਦ ਦੇਣ ਲਈ ਸ਼ਾਮਲ ਹੋਏ। ਇਸ ਪਰੋਗਰਾਮ ਦੇ ਪਰਬੰਧ ਵਿੱਚ ਕਲੱਬ ਦੇ ਸਕੱਤਰ ਕੁਲਵੰਤ ਸਿੰਘ ਜੰਜੂਆ, ਸੁਖਦੇਵ ਸਿੰਘ ਮਾਨ, ਅਵਤਾਰ ਸਿੰਘ ਪੁਰੇਵਾਲ, ਬਲਦੇਵ ਕਿਸ਼ਨ, ਨਿਰਮਲ ਸਿੰਘ ਖੰਘੂੜਾਂ, ਮਾਸਟਰ ਮਹਿੰਦਰ ਸਿੰਘ , ਝਿਲਮਣ ਸਿੰਘ, ਨੇ ਪਰਧਾਨ ਸੁਖਦੇਵ ਸਿੰਘ ਫਰਵਾਹਾ ਦੀ ਰਹਿਨੁਮਾਈ ਵਿੱਚ ਕੰਮ ਕੀਤਾ। ਪਿਆਰਾ ਸਿੰਘ,ਧਰਮਪਾਲ ਜਸਵੰਤ ਸਿੰਘ,ਸਵਰਨ ਸਿੰਘ ਸੈਣੀ, ਰਣਜੀਤ ਸਿੰਘ ਜੌਹਲ, ਧਰਮਿੰਦਰ ਢੱਟ, ਅਮਰ ਸਿੰਘ ਢਿਲੋਂ ਆਦਿ ਨੇ ਸੇਵਾ ਧਰਮ ਨਿਭਾਇਆ। ਪਰਬੰਧਕਾਂ ਸੇਵਾਦਾਰਾ ਤੋਂ ਇਲਾਵਾ, ਦਰਸਨ ਸਿੰਘ ਧਾਲੀਵਾਲ, ਗੁਰਜੀਤ ਸਿੰਘ, ਫੁੰਮਣ ਸਿੰਘ, ਕਰਨਲ ਮੇਜਰ ਸਿੰਘ ਸੈਣੀ, ਐਮ ਡੀ ਜਗਤ ਰਾਮ ਸੈਣੀ, ਹੰਸ ਰਾਜ ਸੰਨਣ, ਬੀਬੀ ਅਵਿਨਾਸ਼, ਬੀਬੀ ਕੁਲਦੀਪ ਕੌਰ, ਬੀਬੀ ਪੂਨਮ , ਬੀਬੀ ਜੋਗਿੰਦਰ ਕੌਰ, ਮਨਜੀਤ ਕੌਰ ਜੰਜੂਆ, ਕੁਲਵਿੰਦਰ ਕੌਰ, ਪਰਮਜੀਤ ਕੌਰ ਆਦਿ ਸ਼ਾਮਲ ਹੋਏ ਸੱਭ ਨੇ ਇੱਕ ਦੂਜੇ ਦੀ ਸੁਖ ਸਾਂਦ ਦੀ ਦੂਆ ਕਿਤੀ ਅਤੇ ਇਸੇ ਤਰ੍ਹਾਂ ਮਿਲਦੇ ਰਹਿਣ ਦੇ ਵਾਅਦੇ ਕੀਤੇ।

# ਤਰਕਸ਼ੀਲ ਸੁਸਾਇਟੀ ਵੱਲੋਂ ਸ਼ਹੀਦ ਭਗਤ ਸਿੰਘ, ਗੁਰਸ਼ਰਨ ਭਾਅ ਜੀ ਤੇ ਕੈਨੇਡਾ ਦੇ ਮੂਲ-ਵਾਸੀਆਂ ਨੂੰ ਸਮੱਰਪਿਤ ਰੱਨ-ਕਮ-ਵੱਾਕ







ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 2 ਅਕਤੂਬਰ ਨੂੰ ਤਰਕਸ਼ੀਲ ਸੋਸਾਇਟੀ ਕੈਨੇਡਾ ਵੱਲੋਂ ਬਰੈਂਪਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਸ਼ਹੀਦ ਭਗਤ ਸਿੰਘ, ਉੱਘੇ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਅਤੇ ਕੈਨੇਡਾ ਦੇ ਮੂਲ-ਵਾਸੀਆਂ ਨੂੰ ਸਮੱਰਪਿਤ 5 ਕਿਲੋਮੀਟਰ ਤੇ 10 ਕਿਲੋਮੀਟਰ ਰੱਨ-ਕਮ-ਵੱਾਕ ਦਾ ਸਫ਼ਲ ਆਯੋਜਨ ਕਰਵਾਇਆ ਗਿਆ। ਸਵੇਰੇ ਮੌਸਮ ਕਾਫ਼ੀ ਠੰਢਾ ਅਤੇਂ ਤਾਪਮਾਨ 7 ਡਿਗਰੀ ਸੈਂਟੀਗਰੇਡ ਹੋਣ ਦੇ ਬਾਵਜੂਦ 70 ਦੌੜਾਕਾਂ ਤੇ ਤੁਰਨ ਵਾਲਿਆਂ ਨੇ ਇਸ ਈਵੈਂਟ ਵਿਚ ਪੂਰੇ ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਤੋਂ ਉਨ੍ਹਾਂ ਦੇ ਦਿਲਾਂ ਵਿਚ ਸ਼ਹੀਦ ਭਗਤ ਸਿੰਘ, ਭਾਅ ਜੀ ਗੁਰਸ਼ਰਨ ਸਿੰਘ ਅਤੇ ਕੈਨੇਡਾ ਦੇ ਮੂਲ-ਵਾਸੀ ਜਿਨ੍ਹਾਂ ਨੂੰ ਅਨੇਕ ਦੁੱਖਾਂ ਤੇ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ, ਪ੍ਰਤੀ ਸਤਿਕਾਰ ਤੇ ਸਦਭਾਵਨਾ ਦੀ ਸ਼ਿੱਦਤ ਪ੍ਰਤੱਖ ਦਿਖਾਈ ਦੇ ਰਹੀ ਸੀ।

ਇਸ 'ਰੱਨ-ਕਮ-ਵੱਾਕ ਈਵੈਂਟ' ਲਈ ਰਜਿਸਟ੍ਰੇਸ਼ਨ ਬਲਵਿੰਦਰ ਸਿੰਘ ਬਰਨਾਲਾ ਦੀ ਅਗਵਾਈ ਵਿਚ ਸਵੇਰੇ ਅੱਠ ਵਜੇ ਆਰੰਭ ਹੋ ਗਈ ਅਤੇ ਇਸ ਦੇ ਲਈ ਨਿਸਚਤ ਕੀਤੀ ਗਈ 15 ਡਾਲਰ ਰਜਿਸਟ੍ਰੇਸ਼ਨ ਫ਼ੀਸ ਦੇ ਨਾਲ 56 ਵਿਅੱਕਤੀਆਂ ਨੇ ਆਪਣੇ ਨਾਂਵਾਂ ਦੀ ਰਜਿਸਟ੍ਰੇਸ਼ਨ ਕਰਵਾਈ। ਇਸ ਤੋਂ ਇਲਾਵਾ ਕਈਆਂ ਦੌੜਾਕਾਂ ਕੋਲੋਂ ਇਹ ਰਗਿਸਟ੍ਰੇਸ਼ਨ ਫ਼ੀਸ ਨਹੀਂ ਲਈ ਗਈ, ਕਿਉਂਕਿ ਉਨ੍ਹਾਂ ਦਾ ਇਸ ਈਵੈਂਟ ਵਿਚ ਸ਼ਾਮਲ ਹੋਣਾ ਹੀ ਪ੍ਰਬੰਧਕਾਂ ਵੱਲੋਂ 'ਵੱਡਭਾਗਾ' ਸਮਝਿਆ ਗਿਆ। ਨੌਂ ਵਜੇ ਚਾਹ-ਪਾਣੀ ਤੇ ਸਨੈਕਸ ਲੈ ਰਹੇ ਦੌੜਾਕਾਂ ਤੇ ਵੱਾਕਰਾਂ ਨੂੰ ਡਾ. ਬਲਜਿੰਦਰ ਸਿੰਘ ਸੇਖੋਂ ਨੇ ਸੰਬੋਧਨ ਹੁੰਦਿਆਂ ਕੈਨੇਡਾ ਦੇ ਇਤਿਹਾਸ ਨੂੰ ਸੰਖੇਪ ਵਿਚ ਦੱਸਦੇ ਹੋਏ ਇੱਥੋਂ ਦੇ ਮੂਲ-ਵਾਸੀਆ ਉੱਪਰ ਅੰਗਰੇਜ਼ਾਂ ਤੇ ਫ੍ਰਾਂਸੀਸੀਆਂ ਵੱਲੋਂ ਕੀਤੇ ਗਏ ਤਸ਼ੱਦਦ ਨੂੰ ਬੜੇ ਭਾਵਪੂਰਤ ਸ਼ਬਦਾਂ ਵਿਚ ਬਿਆਨ ਕੀਤਾ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੋਸਾਇਟੀ ਕੈਨੇਡਾ ਦਾ ਦੌੜਨ ਤੇ ਤੁਰਨ ਦਾ ਇਹ ਈਵੈਂਟ ਜਿੱਥੇ ਮਹਾਨ ਸ਼ਹੀਦ ਭਗਤ ਸਿੰਘ ਅਤੇ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮੱਰਪਿਤ ਹੈ, ਉਥੇ ਇਹ ਉਨ੍ਹਾਂ ਕੈਨੇਡੀਅਨ ਮੂਲ-ਵਾਸੀਆਂ ਨੂੰ ਵੀ ਸਮੱਰਪਿਤ ਕੀਤਾ ਜਾ ਰਿਹਾ ਹੈ।

## 70 ਦੌੜਾਕਾਂ ਤੇ ਵੱਾਕਰਾਂ ਨੇ ਲਿਆ ਹਿੱਸਾ

ਤਰਕਸ਼ੀਲ ਸੋਸਾਇਟੀ ਕੈਨੇਡਾ ਦੇ ਨੈਸ਼ਨਲ ਸਕੱਤਰ ਬਲਦੇਵ ਸਿੰਘ ਰਹਿਪਾ ਨੇ ਆਪਣੇ ਸੰਬੋਧਨ ਵਿਚ ਸ਼ਹੀਦ ਭਗਤ ਸਿੰਘ ਤੇ ਗੁਰਸ਼ਰਨ ਭਾਅ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਦੋਹਾਂ ਦਾ ਜਨਮ ਸਤੰਬਰ ਮਹੀਨੇ ਦਾ ਹੈ ਅਤੇ ਦੋਹਾਂ ਨੇ ਦੇਸ਼ ਦੇ ਲੋਕਾਂ ਲਈ ਬੜੀਆਂ ਘਾਲਣਾ ਘਾਲੀਆਂ ਹਨ। ਜਿੱਥੇ ਸ਼ਹੀਦ ਭਗਤ ਸਿੰਘ ਨੇ ਮਹਾਨ ਕੁਰਬਾਨੀ ਦੇ ਕੇ ਲੋਕਾਂ ਨੂੰ ਆਜ਼ਾਦੀ ਪ੍ਰਤੀ ਸੁਚੇਤ ਕੀਤਾ, ਉੱਥੇ ਭਾਅ ਜੀ ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਰਾਹੀਂ ਲੋਕਾਂ ਵਿਚ ਜਾਗਰੂਕਤਾ ਲਿਆਂਦੀ। ਉਨ੍ਹਾਂ ਇਸ ਈਵੈਂਟ ਵਿਚ ਸ਼ਾਮਲ ਹੋਣ ਵਾਲੇ ਸਾਰੇ ਦੌੜਾਕਾਂ ਤੇ ਵੱਾਕਰਾਂ ਦਾ ਧੰਨਵਾਦ ਕਰਦਿਆਂ ਹੋਇਆਂ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ 'ਐਂਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਦੇ ਮੁੱਖ-ਸੰਚਾਲਕ ਨਰਿੰਦਰਪਾਲ ਬੈਂਸ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਹਾਂ ਜੱਥੇਬੰਦੀਆਂ ਦੇ ਦੌੜਾਕ ਇਸ ਈਵੈਂਟ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਹਨ।

ਸਵਾ ਨੌਂ ਵਜੇ ਸਾਰੇ ਦੌੜਾਕ ਤੇ ਵੱਾਕਰ ਚਿੰਗੁਆਕੂਜ਼ੀ ਪਾਰਕ ਦੇ ਸਿੰਥੈਟਿਕ ਟਰੈਕ 'ਤੇ 'ਲਾਈਨ-ਅੱਪ' ਹੋ ਗਏ। ਉੱਥੇ ਹਾਫ਼-ਮੈਰਾਥਨ ਦੌੜਾਕ ਜਸਵੀਰ ਸਿੰਘ ਪਾਸੀ ਵੱਲੋਂ ਉਨ੍ਹਾਂ ਨੂੰ ਕੁਝ ਮਿੰਟਾਂ ਲਈ 'ਵਾਰਮ-ਅੱਪ' ਕੀਤਾ ਗਿਆ ਅਤੇ ਸਾਢੇ ਨੌਂ ਦੇ ਕਰੀਬ ਚੱਲਣ ਲਈ ਹਰੀ ਝੰਡੀ ਦਿੱਤੀ ਗਈ। 5 ਕਿਲੋਮੀਟਰ ਦੌੜਨ ਤੇ ਤੁਰਨ ਵਾਲਿਆਂ ਨੇ ਟਰੈਕ ਦਾ ਇਕ ਚੱਕਰ ਲਾਉਣ ਤੋਂ ਬਾਅਦ ਚਿੰਗੁਆਕੂਜ਼ੀ ਪਾਰਕ ਦੇ ਦੋ ਚੱਕਰ ਲਗਾਉਣੇ ਸਨ ਅਤੇ ਵਾਪਸੀ 'ਤੇ ਫਿਰ ਇਕ ਚੱਕਰ ਟਰੈਕ ਦਾ ਲਗਾਉਣਾ ਸੀ, ਜਦਕਿ 10 ਕਿਲੋਮੀਟਰ ਦੌੜਨ ਤੇ ਤੁਰਨ ਵਾਲਿਆਂ ਲਈ ਟਰੈਕ ਦੇ ਦੋ ਚੱਕਰਾਂ ਦੇ ਨਾਲ ਪਾਰਕ ਦੇ ਚੱਕਰਾਂ ਦੀ ਗਿਣਤੀ ਚਾਰ ਰੱਖੀ ਗਈ ਸੀ। ਸਾਰਿਆਂ ਨੇ ਆਪਣੀ ਇੱਛਾ ਅਨੁਸਾਰ 5 ਤੇ 10 ਕਿਲੋਮੀਟਰ ਦੀ ਦੌੜ ਤੇ ਵੱਾਕ ਸਫ਼ਲਤਾ-ਪੂਰਵਕ ਸੰਪੂਰਨ ਕੀਤੀ। ਵਾਪਸੀ 'ਤੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੇ ਗਲ਼ੇ ਵਿਚ ਮੈਡਲ ਪਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਦੇ ਨਾਲ ਹੀ ਇਸ ਈਵੈਂਟ ਦੌਰਾਨ ਉਸਾਰੂ ਇਨਕਲਾਬੀ ਸਾਹਿਤ ਦੇ ਕਿਤਾਬਚੇ ਵੰਡ ਕੇ ਸ਼ਹੀਦ ਭਗਤ ਸਿੰਘ ਦਾ ਸੁਨੇਹਾ ਘਰ-ਘਰ ਪਹੁੰਚਾਉਣ ਦਾ ਸ਼ੁਭ ਕਾਰਜ ਵੀ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਸਾਰਿਆਂ ਲਈ ਫ਼ਰੂਟ ਰਿਫ਼ਰੈਸ਼ਮੈਂਟ ਦਾ ਖੁੱਲ੍ਹਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਜਿੱਥੇ ਦੌੜਨ ਤੇ ਤੁਰਨ ਦੇ ਇਸ ਈਵੈਂਟ ਵਿਚ ਜਿੱਥੇ ਮੈਰਾਥਨ ਰੱਨਰਜ਼ ਧਿਆਨ ਸਿੰਘ ਸੋਹਲ, ਸੁਰਤ ਸਿੰਘ ਚਾਹਲ, ਹਾਫ਼ ਮੈਰਾਥਨ ਰੱਨਰਜ਼ ਕੁਲਦੀਪ ਗਰੇਵਾਲ, ਜਸਵੀਰ ਪਾਸੀ, ਪ੍ਰਦੀਪ ਪਾਸੀ, ਵਰਗੇ ਦੌੜਾਕ ਸ਼ਾਮਲ ਸਨ, ਉੱਥੇ ਉਨ੍ਹਾਂ ਦੇ ਨਾਲ ਸੀਨੀਅਰਜ਼ ਇੰਜੀ. ਈਸ਼ਰ ਸਿੰਘ, ਡਾ. ਅਨੂਪ ਸਿੰਘ, ਡਾ. ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਹਜ਼ੂਰਾ ਸਿੰਘ ਬਰਾੜ, ਸੁੱਚਾ ਸਿੰਘ ਸੋਮਲ ਆਦਿ ਵੀ ਸ਼ਾਮਲ ਸਨ। ਪਤਵੰਤਿਆਂ ਵਿਚ ਸ਼ਹੀਦ ਭਗਤ ਸਿੰਘ ਦੇ ਕਰੀਬੀ ਰਿਸ਼ਤੇਦਾਰ ਅੰਮ੍ਰਿਤ ਢਿੱਲੋਂ, ਲਹਿੰਦੇ ਪੰਜਾਬ ਦੇ ਮਕਸੂਦ ਚੌਧਰੀ ਅਤੇ 24 ਅਕਤੂਬਰ ਨੂੰ ਹੋਣ ਵਾਲੀਆਂ ਮਿਉਂਨਿਸਿਪਲ ਚੋਣਾਂ ਲੜ ਰਹੇ ਉਮੀਦਵਾਰਾਂ ਹਰਕੀਰਤ ਸਿੰਘ, ਪੱਤਰਕਾਰ ਸਤਪਾਲ ਸਿੰਘ ਜੌਹਲ ਅਤੇ ਹੁਨਰ ਕਾਹਲੋਂ ਨੇ ਵੀ ਆਪਣੀ ਭਰਪੂਰ ਹਾਜ਼ਰੀ ਲੁਆਈ। ਅਖ਼ੀਰ ਵਿਚ ਤਰਕਸ਼ੀਲ ਸੋਸਾਇਟੀ ਦੀ ਟੋਰਾਂਟੋ ਇਕਾਈ ਦੇ ਸਕੱਤਰ ਅਮਨਦੀਪ ਮੰਡੇਰ ਵੱਲੋਂ ਸਾਰੇ ਦੌੜਾਕਾਂ, ਵੱਾਕਰਾਂ, ਸਪਾਂਸਰਾਂ, ਵਾਲੰਟੀਅਰਾਂ ਅਤੇ ਮੀਡੀਏ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਜਿਨ੍ਹਾਂ ਦੀ ਬਦੌਲਤ ਇਹ ਈਵੈਂਟ ਸਫ਼ਲ ਹੋਇਆ। ਇਸ ਸਬੰਧੀ ਜਾਂ ਤਰਕਸ਼ੀਲ ਸੋਸਾਇਟੀ ਦੀਆਂ ਸਰਗਰਮੀਆਂ ਬਾਰੇ ਅਮਨਦੀਪ ਮੰਡੇਰ ਨੂੰ 647-782-8334 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇੰਟਰਨੈਸ਼ਨਲ ਕਬੱਡੀ ਕੱਪ ਚ 25 ਹਜ਼ਾਰ ਡਾਲਰ ਦਾ ਇਨਾਮ ਕੈਨੇਡਾ ਟੀਮ ਨੇ ਜਿੱਤਿਆ, ਅਮਰੀਕਾ ਦੂਜੇ ਅਤੇ ਪੰਜਾਬ ਰਿਹਾ ਤੀਜੇ ਥਾਂ









ਸੈਕਰਾਮੈਂਟੋ ( ਹੁਸਨ ਲੜੋਆ ਬੰਗਾ) ਕਈ ਮਹੀਨਿਆਂ ਤੋਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਵਲੋਂ ਕੀਤੀਆ ਤਿਆਰੀਆਂ ਨੂੰ ਸਫਲਤਾ ਉਸ ਵੇਲੇ ਮਿਲੀ ਜਦੋਂ ਬਰਾਡਸ਼ਾਅ ਰੋਡ ਸਥਿਤ ਰੋਡ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾ ਵਿੱਚ ਇਤਿਹਾਸਕ ਇਕੱਠ ਦੇਖਣ ਨੂੰ ਮਿਲਿਆ। ਇਸ ਵੇਰਾਂ ਇੰਟਰਨੈਸ਼ਨਲ ਕਬੱਡੀ ਕੱਪ ਕਨੇਡਾ ਨੇ 42-34 ਦੇ ਫਰਕ ਨਾਲ ਜਿੱਤਿਆ ਤੇ ਵੱਡੀ ਰਕਮ 25 ਹਜਾਰ ਡਾਲਰ ਦਾ ਇਨਾਮ ਜਿੱਤਿਆ ਜਿਸ ਨੂੰ ਚੜਦਾ ਪੰਜਾਬ ਰੋਜਵਿਲ ਨੇ ਸਪੌਂਸਰ ਕੀਤਾ ਸੀ, ਇਸ ਦੌਰਾਨ ਅਮਰੀਕਾ ਦੀ ਟੀਮ ਨੂੰ ਦੂਜੇ ਥਾਂ ਸਬਰ ਕਰਨਾ ਪਿਆ ਜਿਸਦਾ 22 ਹਜਾਰ ਡਾਲਰ ਦਾ ਇਨਾਮ ਸਿਲਾਨੋ ਕਾਊਂਟੀ ਬ੍ਰਦਰਜ ਨੇ ਸਪੌਂਸਰ ਕੀਤਾ ਸੀ , ਅਤੇ ਪੰਜਾਬ ਦੀ ਤੀਜੇ ਵਾਲੀ ਟੀਮ ਨੂੰ 18 ਹਜਾਰ ਦਾ ਇਨਾਮ ਜਿਸਨੂੰ ਮਨੀਤ ਦਿਓਲ ਤੇ ਚੌਥੇ ਥਾਂ ਤੇ ਰਹਿਣ ਵਾਲੀ ਟੀਮ ਨਾਰਵੇ ਨੂੰ 16ਹਜਾਰ ਡਾਲਰ ਦਾ ਇਨਾਮ ਸੁਖਚੈਨ ਗਿੱਲ ਤੇ ਰਾਜਾ ਕੂਨਰ ਵਲੋਂ ਸਪੌਂਸਰ ਕੀਤਾ ਗਿਆ ਸੀ। ਇਸ ਕਬੱਡੀ ਕੁੰਭ ਦੌਰਾਨ ਅੰਡਰ 21 ਨੌਜੁਆਨਾ ਦੇ ਕਬੱਡੀ ਮੈਚ ਮੈਚ ਵੀ ਹੋਏ। ਕੁੜੀਆਂ ਦੇ ਕਬੱਡੀ ਸ਼ੋਅ ਮੈਚ ਅਮਰੀਕਾ ਤੇ ਨਾਰਵੇ ਦੀਆਂ ਟੀਮਾਂ ਦਰਮਿਆਨ ਹੋਇਆ ਇਸ ਦੌਰਾਨ ਅਮਰੀਕਾ ਦੀ ਟੀਮ ਜੇਤੂ ਰਹੀ। ਕਬੱਡੀ ਦੌਰਾਨ ਬੈਸਟ ਰੇਡਰ ਕਮਲ ਨਵਾਂ ਪਿੰਡ ਅਤੇ ਬੈਸਟ ਜਾਫੀ ਅਰਸ਼ ਚੋਹਲਾ ਸਾਹਿਬ, ਤੇ ਹੁਸ਼ਿਆਰ ਬਾਓਂਪੁਰ ਦੋਨੋਂ ਰਹੇ। ਇਸ ਮੌਕੇ ਕਰੀਬ 20 ਸਰਕਰਦਾ ਖਿਡਾਰੀਆਂ ਤੇ ਨਾਮਵਰ ਸਖਸ਼ੀਅਤਾਂ ਨੂੰ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਬੱਡੀ ਫੈਡਰੇਸ਼ਨ ਵਲੋਂ ਪਹੁੰਚੇ ਸੁਰਿੰਦਰ ਸਿੰਘ ਅਟਵਾਲ, ਕਨੇਡਾ ਤੋਂ ਕਬੱਡੀ ਦੇ ਸਪੋਂਸਰ, ਉੱਘੇ ਬਿਜਨਸਮੈਨ ਅਮੋਲਕ ਗਾਖਲ, ਇਕਬਾਲ ਗਾਖਲ, ਮੱਖਣ ਸਿੰਘ ਬੈਂਸ ਮੱਲਾ ਬੇਦੀਆਂ, ਤੀਰਥ ਗਾਖਲ ਨਰਿੰਦਰ ਥਾਂਦੀ ਚਾਰਟਰ ਅਮਰੀਕਾ, ਅਟਾਰਨੀ ਜਸਪ੍ਰੀਤ ਸਿੰਘ, ਜਸਪਾਲ ਸੈਣੀ ਤੇ ਹੋਰ ਸੈਂਕੜੈ ਸਖਸ਼ੀਅਤਾਂ ਹਾਜਰ ਸਨ ਜਿਨਾਂ ਨੇ ਆਪਣਾ ਬਣਦਾ ਯੋਗਦਾਨ ਪਾਇਆ । ਹਜਾਰਾਂ ਦੀ ਤਦਾਦ ਵਿੱਚ ਪਹੁੰਚੇ ਦਰਸ਼ਕਾਂ ਨੇ ਕਬੱਡੀ ਮੈਚਾਂ ਦਾ ਖੂਬ ਅਨੰਦ ਲਿਆ। ਇਸ ਕਬੱਡੀ ਟੂਰਨਾਮੈਂਟ ਖਿਡਾਉਣ ਚ ਇੰਟਰਨੈਸ਼ਨਲ ਰੈਫਰੀਆਂ ਤੋ ਇਲਾਵਾ ਕੁਮੈਂਟੇਟਰਾਂ ਚ ਸਟੇਜ ਤੋ ਬੀਬੀ ਆਸ਼ਾ ਸ਼ਰਮਾਂ ਨੇ ਅਦਬ ਨਾਲ ਇਨਾਮਾਂ ਦੀ ਵੰਡ, ਸਨਮਾਨਾਂ ਦਾ ਸਿਲਸਿਲਾ ਸੰਭਾਲਿਆ ਤੇ ਗਰਾਊਂਡ ਦਾ ਮੱਖਣ ਅਲੀ, ਸੁਰਜੀਤ ਕਕਰਾਲੀ, ਲੱਖਾ ਸਿਧਵਾਂ, ਰਾਜਵਿੰਦਰ ਰੰਡਿਆਲਾ, ਸਵਰਨਾ ਮੱਲ੍ਹਾ, ਇਕਬਾਲ ਗਾਲਿਬ ਨੇ ਕੁਮੈਂਟਰੀ ਕੀਤੀ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਦੇ ਪ੍ਰਬੰਧਕਾਂ ਚ ਮੁੱਖ ਤੌਰ ਤੇ ਪ੍ਰਗਟ ਸਿੰਘ ਸੰਧੂ, ਗੁਰਮੀਤ ਵੜੈਚ, ਰਣਧੀਰ ਸਿੰਘ ਨਿੱਝਰ, ਬਿੱਟੂ ਰੰਧਾਵਾ, ਨਰਿੰਦਰ ਥਾਂਦੀ, ਤਰਲੋਚਨ ਅਟਵਾਲ, ਗੋਲਡੀ ਲਾਲੀ, ਸ਼ੇਰੂ ਭਾਟੀਆ, ਭੁਪਿੰਦਰ ਸੰਘੇੜਾ, ਹੈਪੀ ਔਲਖ, ਗੁਰਜੀਤ ਦਿਓਲ, ਪਿੰਦੀ ਸੰਧੂ, ਹੈਪੀ ਬਰਿਆਨਾ,ਲਾਡਾ ਢਿਲੋਂ, ਪੰਮਾ ਲੱਧੜ, ਪਿਆਰਾ ਸੰਧੂ, ਬਲਵਿੰਦਰ ਸੰਧੂ ਆਦਿ ਵਲੋਂ ਕਈ ਮਹੀਨਿਆਂ ਤੋਂ ਕੀਤੀ ਗਈ ਮਿਹਨਤ ਵਰ ਆਈ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਵਲੋਂ ਅਗਲੇ ਵਰ੍ਹੇ ਇਸੇ ਸਥਾਨ ਤੇ 1 ਅਕਤੂਬਰ ਨੂੰ ਇੰਟਰਨੈਸ਼ਲ ਕਬੱਡੀ ਕੱਪ ਕਰਵਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਕਬੱਡੀ ਨੂੰ ਦੇਖਣ ਲਈ ਬੀਬੀਆਂ ਦੀ ਵੀ ਭਾਰੀ ਗਿਣਤੀ ਚ ਹਾਜਰੀ ਦੇਖੀ ਗਈ। ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਹੋਣ ਕਰਕੇ ਪ੍ਰਬੰਧਕਾਂ ਵਲੋਂ ਇਸ਼ਤਿਹਾਰਾਂ ਚ ਨਸ਼ਿਆਂ ਤੋਂ ਸਖਤ ਵਰਜਿਤ ਕੀਤਾ ਗਿਆ ਸੀ ਪਰ ਸ਼ਾਮ ਢਲਦੇ ਹੀ ਕਾਫੀ ਪੀਆਕਰ ਆਪਣੀਆਂ ਕਾਰਾਂ ਦੀਆਂ ਡਿੱਗੀਆਂ ਨਾਲ ਚਿੰਬੜੇ ਨਜਰੀਂ ਆਏ। ਪ੍ਰਬੰਧਕਾਂ ਵਲੋਂ ਮੁਫਤ ਲੰਗਰ, ਪੀਜੇ ਤੇ ਸੋਢੇ ਪਾਣੀ ਦਾ ਪ੍ਰਬੰਧ ਸਲਾਹੁਣਯੋਗ ਸੀ। ਇਸ ਮੌਕੇ ਆਉਣ ਵਾਲੇ ਸਮੇਂ ਚ ਇਸ ਗਰਾਊਂਡ ਨੂੰ ਸਟੇਡੀਅਮ ਵਿੱਚ ਬਦਲਣ ਦਾ ਸ਼ੁਭ ਮਹੂਰਤ ਗੁਬਾਰੇ ਛੱਡ ਕੇ ਕੀਤਾ ਗਿਆ।

# ਬਲੂ ਓਕ ਸੀਨੀਅਰਜ਼ ਕਲੱਬ ਦੀ ਜਨਰਲ ਮੀਟਿੰਗ ਹੋਈ



ਬਲੂ ਓਕ ਸੀਨੀਅਰਜ਼ ਕਲੱਬ ਬਰੈਂਪਟਨ ਦੀ ਜਨਰਲ ਦੀ ਮੀਟਿੰਗ ਬਲੂ ਓਕ ਪਾਰਕ ਵਿਚ 1 ਅਕਤੂਬਰ ਨੂੰ ਸ਼ਾਮ 4 ਵਜੇ ਹੋਈ। ਮਹਿੰਦਰਪਾਲ ਵਰਮਾ ਜਨਰਲ ਸੈਕਟਰੀ ਨੇ ਕਾਰਵਾਈ ਸ਼ੁਰੂ ਕੀਤੀ ਅਤੇ ਆਏ ਮੈਂਬਰਾਂ ਦਾ ਸਵਾਗਤ ਕੀਤਾ। ਮੋਹਨ ਲਾਲ ਵਰਮਾ ਖਜ਼ਾਨਚੀ ਨੇ ਕਲੱਬ ਦਾ 2021 ਦਾ ਹਿਸਾਬ ਪੇਸ਼ ਕੀਤਾ ਅਤੇ ਸਰਵਸੰਮਤੀ ਨਾਲ ਪਾਸ ਹੋਇਆ। ਮੋਹਨ ਨਾਲ ਵਰਮਾ, ਗੁਰਦੇਵ ਸਿੰਘ ਰੱਖੜਾ ਅਤੇ ਡਾਕਟਰ ਸਾਹਿਬ ਸਿੰਘ ਤੂਰ ਚੇਅਰਮੈਨ ਨੇ ਪਿਛਲੀ ਕੈਬਿਨੇਟ ਨੂੰ ਭੰਗ ਕਰਨ ਦਾ ਐਲਾਨ ਕੀਤਾ ਅਤੇ ਨਵੀਂ ਚੋਣ ਲਈ ਬੇਨਤੀ ਕੀਤੀ। ਹਾਊਸ ਵਲੋਂ ਸਰਵਸੰਮਤੀ ਨਾਲ ਗੁਰਮੇਲ ਸਿੰਘ ਚੀਮਾ ਨੂੰ ਪ੍ਰਧਾਨ ਅਤੇ ਪ੍ਰੇਮ ਕੁਮਾਰ ਕੌਸ਼ਲ ਨੂੰ ਖਜ਼ਾਨਚੀ ਸਥਾਪਿਤ ਕੀਤਾ ਅਤੇ ਬਾਕੀ ਸਾਰੀ ਕੈਬਿਨੇਟ ਪਹਿਲੀ ਵਾਲੀ ਹੀ ਰੱਖਣ ਦੀ ਮਨਜ਼ੂਰੀ ਦਿੱਤੀ। ਸੋਹਣ ਸਿੰਘ ਤੂਰ ਚੇਅਰਮੈਨ ਅਤੇ ਗੁਰਮੇਲ ਸਿੰਘ ਚੀਮਾ ਨੇ ਸਾਰੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਦੇ ਸਹਿਯੋਗ ਮਿਲਣ ਦੀ ਬੇਨਤੀ ਕੀਤੀ ਤਾਂ ਜੋ ਕਲੱਬ ਦਾ ਕੰਮ ਸਹੀ ਤਰੀਕੇ ਨਾਲ ਚਲਾਇਆ ਜਾ ਸਕੇ। ਆਖਰ ਵਿਚ ਸਾਰਿਆਂ ਨੇ ਚਾਹ ਮਠਿਆਈ ਅਤੇ ਪਕੌੜਿਆ ਦਾ ਆਨੰਦ ਮਾਣਿਆ। ਇਹ ਸਾਰੀ ਜਾਣਕਾਰੀ ਮਹਿੰਦਰ ਪਾਲ ਵਰਮਾ, ਜਨਰਲ ਸੈਕਟਰੀ ਬਲੂ ਓਕ ਸੀਨੀਅਰਜ਼ ਕਲੱਬ, ਬਰੈਂਪਟਨ ਵਲੋਂ ਦਿੱਤੀ ਗਈ।

## ਸ਼ੋਕ ਸਮਾਚਾਰ: ਸਰਦਾਰਨੀ ਕੁਲਦੀਪ ਕੌਰ ਢਿੱਲੋਂ ਨਹੀਂ ਰਹੇ



'ਜੇਹਾ ਚਿਰੀ ਲਿਖਿਆ, ਤੇਹਾ ਹੁਕਮ ਕਮਾਹਿ, ਘਲੇ ਆਵਹਿ ਨਾਨਕਾ, ਸਦੇ ਉਠਿ ਜਾਹਿ' ਦੇ ਮਹਾਂਵਾਕ ਅਨੁਸਾਰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਕੁਲਦੀਪ ਕੌਰ ਢਿੱਲੋਂ ਪਤਨੀ ਸਰਦਾਰ ਗੁਰਬੰਸ ਸਿੰਘ ਢਿੱਲੋਂ, ਮੋਗਾ (ਸਪੁੱਤਰੀ ਸਵ: ਸ਼੍ਰੀ ਤਾਰਾ ਸਿੰਘ ਸੰਧੂ, ਪਿੰਡ ਰਾਮੂਵਾਲਾ ਨਵਾਂ) ਬੀਤੀ 22 ਸਤੰਬਰ ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਦਾ ਅੰਤਿਮ ਸਸਕਾਰ ਆਉਣ ਵਾਲੀ 14 ਅਕਤੂਬਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ Brampton Crematorium, 30 Bramwin CT, Brampton, Ontario ਅਤੇ ਅੰਤਮ ਅਰਦਾਸ, ਭੋਗ ਅਤੇ ਗੁਰੂ ਕਾ ਲੰਗਰ ਦੁਪਹਿਰ 1 ਤੋਂ 3 ਵਜੇ ਤੱਕ ਗੁਰਦੁਆਰਾ Sikh Spiritual Center , Toronto, 9 Carrier Drive, Etobicoke ON ਵਿਖੇ ਪਾਏ ਜਾਣਗੇ। ਆਪ ਜੀ ਉਨ੍ਹਾਂ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ। ਦੁੱਖ ਸਾਂਝਾ ਕਰਨ ਲਈ ਸਰਦਾਰ ਗੁਰਬੰਸ ਸਿੰਘ ਢਿੱਲੋਂ (ਪਤੀ) ਜਾਂ ਸ਼੍ਰੀ ਜਸਪ੍ਰੀਤ ਸਿੰਘ ਢਿੱਲੋਂ (ਬੇਟਾ) ਨਾਲ 647-612-5828 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੀਨੀਅਰਾਂ ਤੇ ਨੌਜੁਆਨਾਂ ਵੱਲੋਂ ਹੁਨਰ ਕਾਹਲੋਂ ਦੀ ਚੋਣ-ਮੁਹਿੰਮ ਨੂੰ ਭਰਵਾਂ ਹੁੰਗਾਰਾ



ਕੈਲੇਡਨ (ਡਾ. ਝੰਡ) – ਕੈਲੇਡਨ ਦੇ ਵਾਰਡ ਨੰਬਰ 2 ਤੋਂ ਸਿਟੀ ਕੌਂਸਲਰ ਲਈ ਚੋਣ ਲੜ ਰਹੇ ਹੁਨਰ ਕਾਹਲੋਂ ਦੀ ਚੋਣ ਮੁਹਿੰਮ ਨੂੰ ਉਦੋਂ ਵੱਡਾ ਹੁਲਾਰਾ ਮਿਲਿਆ ਜਦੋਂ ਬਰੈਂਪਟਨ ਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਵਿਚ 'ਸਿਆਸਤ ਦੇ ਬਾਬਾ ਬੋਹੜ' ਵਜੋਂ ਜਾਣੇ ਜਾਂਦੇ ਸ. ਗੁਰਬਖ਼ਸ਼ ਸਿੰਘ ਮੱਲ੍ਹੀ ਜਿਨ੍ਹਾਂ ਨੇ 1993 ਵਿਚ ਪਹਿਲੀ ਵਾਰ ਦਸਤਾਰਧਾਰੀ ਸਿੱਖ ਆਗੂ ਵਜੋਂ ਕੈਨੇਡਾ ਦੀ ਪਾਰਲੀਮੈਂਟ ਦੇ ਮੈਂਬਰ ਬਣ ਕੇ ਇੱਥੇ ਸਿਆਸਤ ਦਾ ਨਵਾਂ ਇਤਿਹਾਸ ਸਿਰਜਿਆ, ਲੰਘੇ ਮੰਗਲਵਾਰ 4 ਅਕਤੂਬਰ ਨੂੰ ਕੈਲੇਡਨ ਦੇ ਵਾਰਡ ਨੰਬਰ-2 ਤੋਂ ਕੌਂਸਲਰ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਉਮੀਦਵਾਰ ਹੁਨਰ ਕਾਹਲੋਂ ਦੀ ਹਮਾਇਤ ਕਰਨ ਲਈ ਉਚੇਚੇ ਤੌਰ 'ਤੇ ਕੈਲੇਡਨ ਪਹੁੰਚੇ। ਪਾਠਕਾਂ ਨੂੰ ਭਲੀਭਾਂਤ ਯਾਦ ਹੋਵੇਗਾ ਕਿ ਮੱਲ੍ਹੀ ਸਾਹਿਬ ਛੇ ਵਾਰ ਲਗਾਤਾਰ ਇਸ ਅਹੁਦੇ 'ਤੇ ਰਹੇ ਹਨ ਅਤੇ ਉਨ੍ਹਾਂ ਵੱਲੋਂ ਪਾਰਲੀਮੈਂਟ ਵਿਚ ਆਉਣ 'ਤੇ

### *ਬਰੈਂਪਟਨ ਦੀ ਸਿਆਸਤ ਦੇ 'ਬਾਬਾ ਬੋਹੜ' ਗੁਰਬਖ਼ਸ਼ ਸਿੰਘ ਮੱਲ੍ਹੀ ਵੱਲੋਂ ਮਿਲਿਆ ਅਸ਼ੀਰਵਾਦ

ਕੈਨੇਡਾ ਦੇ ਸੰਵਿਧਾਨ ਵਿਚ ਲੋੜੀਂਦੀ ਸੋਧ ਉਪਰੰਤ ਪਾਰਲੀਮੈਂਟ ਮੈਂਬਰਾਂ ਨੂੰ ਆਪੋ ਆਪਣੇ ਅਕੀਦੇ ਅਨੁਸਾਰ ਧਾਰਮਿਕ ਨਿਸ਼ਾਨ ਪਹਿਨਣ ਦੀ ਆਗਿਆ ਮਿਲੀ ਸੀ। ਉਨ੍ਹਾਂ ਨੂੰ ਨਾ ਕੇਵਲ ਪੰਜਾਬੀ ਕਮਿਓਨਿਟੀ ਵਿਚ ਹੀ, ਸਗੋਂ ਸਾਰੀਆਂ ਹੀ ਕਮਿਊਨਿਟੀਆਂ ਵਿਚ ਕਾਫ਼ੀ ਮਾਣ-ਸਤਿਕਾਰ ਹਾਸਲ ਹੈ। ਕੈਲੇਡਨ ਵਿਖੇ ਆਯੋਜਿਤ ਕੀਤੀ ਗਈ ਇਸ ਸੰਖੇਪ ਇਕ-ਤਰਤਾ ਵਿਚ ਪਹੁੰਚਣ 'ਤੇ ਪੰਜਾਬ ਦੇ ਮਾਨਸਾ ਜ਼ਿਲੇ ਦੇ ਉੱਘੇ ਕਮਿਊਨਿਸਟ ਆਗੂ ਸ. ਜਗਜੀਤ ਸਿੰਘ ਜੋਗਾ ਵੱਲੋਂ ਉਨ੍ਹਾਂ ਦਾ ਸੁਆਗਤ ਕਰਦਿਆਂ ਉਨ੍ਹਾਂ ਨੂੰ ਨਿੱਘੀ 'ਜੀ ਆਇਆਂ' ਕਹੀ ਗਈ। ਹੁਨਰ ਕਾਹਲੋਂ ਦੇ ਪਿਤਾ ਜੀ ਸ. ਮਲੂਕ ਸਿੰਘ ਕਾਹਲੋਂ ਵੱਲੋਂ ਵੀ ਬੜੇ ਭਾਵਪੂਰਤ ਸ਼ਬਦਾਂ ਵਿਚ ਗੁਰਬਖ਼ਸ਼ ਸਿੰਘ ਮੱਲ੍ਹੀ ਦਾ ਹਾਰਦਿਕ ਸੁਆਗਤ ਕੀਤਾ ਗਿਆ।

ਉਪਰੰਤ, ਕੈਲੇਡਨ ਦੇ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਗੁਰਬਖ਼ਸ਼ ਸਿੰਘ ਮੱਲ੍ਹੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਵਿੱਤ ਅਨੁਸਾਰ ਆਪਣੇ ਸਮੇਂ ਕੈਨੇਡਾ ਦੀ ਸਿਆ-ਸਤ ਵਿਚ ਬਣਦਾ ਯੋਗਦਾਨ ਪਾਇਆ ਹੈ ਅਤੇ ਹੁਣ ਕੈਨੇਡਾ ਦੀ ਸਿਆਸਤ ਦਾ ਭਵਿੱਖ ਨੌਜੁਆਨਾਂ ਦੇ ਹੱਥਾਂ ਵਿਚ ਹੈ। ਉਨ੍ਹਾਂ ਕਿਹਾ ਕਿ ਬੜੀ ਚੰਗੀ ਗੱਲ ਹੈ ਕਿ ਆਪਣੀ ਪੰਜਾਬੀ ਕਮਿਊਨਿਟੀ ਵਿੱਚੋਂ ਵੀ ਨੌਜੁਆਨ ਲੜਕੇ ਲੜਕੀਆਂ ਇਸ ਦੇ ਲਈ ਅੱਗੇ ਆ ਰਹੇ ਹਨ ਅਤੇ ਸਾਡਾ ਨੌਜੁਆਨ ਹੁਨਰ ਕਾਹਲੋਂ ਉਨ੍ਹਾਂ ਵਿੱਚੋਂ ਇਕ ਹੈ। ਸਾਨੂੰ ਸਾਰਿਆਂ ਨੂੰ ਪੂਰਾ ਜ਼ੋਰ ਲਾ ਕੇ ਉਸ ਨੂੰ ਕਾਮਯਾਬ ਕਰਨਾ ਬਣਦਾ ਹੈ ਅਤੇ ਇਸ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਣੀ ਚਾਹੀਦੀ। ਉਨ੍ਹਾਂ ਕਿਹਾ ਕਿ 24 ਅਕਤੂਬਰ ਵਾਲੇ ਦਿਨ ਪੋਲਿੰਗ ਵੱਧ ਤੋਂ ਵੱਧ ਹੋਣੀ ਚਾਹੀਦੀ ਹੈ ਅਤੇ ਕੋਈ ਵੀ ਵੋਟਰ ਘਰੇ ਬੈਠਾ ਨਹੀਂ ਰਹਿਣਾ ਚਾਹੀਦਾ। ਬੀਬੀਆਂ ਦੀਆਂ ਵੋਟਾਂ ਵੱਧ ਤੋਂ ਵੱਧ ਪੋਲ ਹੋਣੀਆਂ ਚਾਹੀਦੀਆਂ ਹਨ। ਸਾਡੇ ਵਾਲੰਟੀਅਰਾਂ ਨੂੰ ਸਾਰੇ ਹੀ ਵੋਟਰਾਂ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਵੋਟ ਪਾਉਣ ਲਈ ਕਹਿਣਾ ਚਾਹੀਦਾ ਹੈ। ਇੱਥੋਂ ਤੱਕ ਕਿ ਜਿਨ੍ਹਾਂ ਘਰਾਂ ਦੇ ਅੱਗੇ ਵਿਰੋਧੀ ਉਮੀਦਵਾਰਾਂ ਦੇ ਸਾਈਨ ਲੱਗੇ ਹੋਏ ਹਨ, ਉਨ੍ਹਾਂ ਨੂੰ ਵੀ ਬੜੀ ਹਲੀਮੀ ਨਾਲ ਆਪਣੇ ਹੱਕ ਵਿਚ ਵੋਟ ਪਾਉਣ ਲਈ ਪ੍ਰੇਰਨਾ ਚਾਹੀਦਾ ਹੈ।

ਵਾਰਡ ਨੰਬਰ-2 ਦੇ ਕੌਂਸਲਰ ਉਮੀਦਵਾਰ ਹੁਨ ਕਾਹਲੋਂ ਵੱਲੋਂ ਸ. ਗੁਰਬਖ਼ਸ਼ ਸਿੰਘ ਮੱਲ੍ਹੀ ਅਤੇ ਹਾਜ਼ਰ ਸਾਰੇ ਪਤਵੰਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਹ ਅਤੇ ਉਨ੍ਹਾਂ ਦੇ ਵਾਲੰਟੀਅਰ ਸਾਥੀ ਘਰੋ-ਘਰੀਂ ਜਾ ਕੇ ਵੋਟਰਾਂ ਨੂੰ ਆਪਣੇ ਹੱਕ ਵਿਚ ਵੋਟ ਪਾਉਣ ਲਈ ਬੇਨਤੀ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸਾਰਿਆਂ ਵੱਲੋਂ ਭਰਪੂਰ ਸਮੱਰਥਨ ਮਿਲਣ ਦੀ ਪੂਰੀ ਉਮੀਦ ਹੈ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਕੌਂਸਲਰ ਵਜੋਂ ਕੈਲੇਡਨ ਸ਼ਹਿਰ ਦੀ ਸੇਵਾ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਪੂਰੀ ਤਨਦੇਹੀ ਨਾਲ ਇਹ ਸੇਵਾ ਨਿਭਾਉਣਗੇ ਅਤੇ ਇਸ ਨੂੰ ਵਿਕਸਿਤ ਕਰਨ ਲਈ ਆਪਣਾ ਪੂਰਾ ਟਿੱਲ ਲਾਉਣਗੇ। ਇਸ ਮੌਕੇ ਇਸ ਇਕੱਤਰਤਾ ਵਿਚ ਡਾ. ਗੁਰਮੁੱਖ ਸਿੰਘ ਗਿੱਲ, ਗੁਰਦੀਪ ਸਿੰਘ ਗਿੱਲ, ਬਲਜੀਤ ਸਿੰਘ ਗਿੱਲ, ਸੁਰਜੀਤ ਸਿੰਘ ਵਿਰਕ, ਸਰਬਜੀਤ ਸਿੰਘ ਦੂੱਲੇ, ਪਰਮਜੀਤ ਸਿੰਘ ਕਾਹਲੋਂ, ਪਿਆਰਾ ਸਿੰਘ, ਡਾ. ਅਨੂਪ ਸਿੰਘ, ਮਾਸਟਰ ਬਲਤੇਜ ਸਿੰਘ ਬਰਾੜ, ਗੁਰਦੇਵ ਸਿੰਘ ਸੇਖੋਂ, ਧਰਮ ਸਿੰਘ ਭੰਗੂ, ਅਮਰਜੀਤ ਸਿੰਘ, ਕੁਲਭੂਸ਼ਨ ਕੌੜਾ, ਜਰਨੈਲ ਸਿੰਘ ਕਰਨਾਲ, ਅਮਿਤ ਜੋਸ਼ੀ, ਹਿੰਮਤ ਸਿੰਘ ਸੰਧੂ, ਗਗਨ ਸੰਧੂ, ਇੰਦਰ ਮਾਵੀ, ਹਰਲਿਵਲੀਨ ਕਾਹਲੋਂ, ਮੋਹਿੰਦਰ ਕੌਰ, ਕੁਲਵੰਤ ਕੌਰ, ਜਗਦੀਸ਼ ਕੌਰ, ਅਵਨੀਤ ਕੌਰ ਤੇ ਕਈ ਹੋਰ ਸ਼ਾਮਲ ਸਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls -Personal Taxes -GST/HST
-Credit Card Debts -Personal Loans -Pay Day Loans -Student Loans
-Wage Garnishment -Writ on your property -Frozen Bank Accounts
CONTACT US: Goma Sandhu (416)-731-6382 gomasandhu@hotmail.com
WE HELP... -Save your Assets -Avoid Bankruptcy -Small monthly payments -Rebuild your credit
YOUR DEBT MY SOLUTION

We are looking for:
* General Labours
* Forklift Operators
* Window assemblers
* Production Line Workers
* Machine Operators
* AZ Driver, Shippers/Receivers Packagers
WE ARE HIRING
Only Full Time Position Available
Must be eligible to work in Canada & communication in English
Please call us: 416-514-0733

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਕੇਅਰ ਗਿਵਰ ਦੀ ਲੋੜ
ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

Visions of Punjab
VISION ZOOMERTV
Airs Across Canada Every Saturday 1:00 pm to 1:30 pm EST 10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਿੱਲੋਂ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਇਕੱਲੇ ਪੰਜਾਬੀ ਉਮੀਦਵਾਰ ਅਵਤਾਰ ਮਿਨਹਾਸ ਜੀ ਦਾ ਈਟੋਬੀਕੋਕ ਨੌਰਥ ਵਾਰਡ ਨੰ 1 ਤੋਂ ਸਿਟੀ ਕੌਂਸਲਰ ਦੀ ਸੀਟ ਜਿੱਤਣਾ, ਮੌਜੂਦਾ ਸਮੇਂ ਦੀ ਵੱਡੀ ਲੋੜ

ਈਟੋਬੀਕੋਕ ਨੌਰਥ ਵਾਰਡ ਨੰ 1 ਤੋਂ ਸਕੂਲ ਟਰੱਸਟੀ ਰਹਿ ਚੁੱਕੇ, ਪ੍ਰਸਿੱਧ ਬਿਜਨਸਮੈਨ ਅਤੇ ਪੰਜਾਬੀ ਕਮਿਉਨਿਟੀ ਦੀ ਜਾਣੀਂ ਪਹਿਚਾਣੀਂ ਸ਼ਖਸੀਅਤ ਅਵਤਾਰ ਮਿਨਹਾਸ ਨੇ ਈਟੋਬੀਕੋਕ ਨੌਰਥ ਵਾਰਡ ਨੰ 1 ਤੋਂ ਇਸ ਵਾਰ ਸਿਟੀ ਕੌਂਸਲਰ ਦੀ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਇਕੱਲੇ ਪੰਜਾਬੀ ਉਮੀਦਵਾਰ ਅਵਤਾਰ ਮਿਨਹਾਸ ਜੀ ਦਾ ਈਟੋਬੀਕੋਕ ਵਾਰਡ ਨੰ 1 ਤੋਂ ਸਿਟੀ ਕੌਂਸਲਰ ਦੀ ਸੀਟ ਜਿੱਤਣਾਂ, ਮੌਜੂਦਾ ਸਮੇਂ ਦੀ ਵੱਡੀ ਲੋੜ ਬਣ ਗਿਆ ਹੈ। ਆਪਣੇ ਬੱਚਿਆਂ,ਪਰਿਵਾਰ ਨਾਲ ਈਟੋਬੀਕੋਕ ਏਰੀਏ ਵਿੱਚ ਪਿਛਲੇ 20 ਸਾਲਾਂ ਤੋਂ ਸਰਗਰਮ ਹੋਣ ਕਾਰਨ,ਇਸ ਏਰੀਏ ਦੀਆਂ ਸਮਸਿੱਆਵਾਂ ਤੋਂ ਭਲੀ-ਭਾਂਤ ਜਾਣੂੰ ਹਨ ਅਤੇ ਉਹਨਾਂ ਦਾ ਹੱਲ ਵੀ ਜਾਣਦੇ ਹਨ। ਸਕੂਲ ਟਰੱਸਟੀ ਦੀ ਜਿੱਤ ਤੋਂ ਬਾਅਦ ਉਹਨਾਂ ਦੁਆਰਾ ਬਤੌਰ ਸਕੂਲ ਟਰੱਸਟੀ ਕੀਤੇ ਕੰਮਾਂ ਨੇਂ, ਉਹਨਾਂ ਦੀ ਜਿੱਤ ਨੂੰ ਯਕੀਨੀਂ ਬਣਾਂ ਦਿੱਤਾ ਹੈ। ਈਟੋਬੀਕੋਕ ਵਾਰਡ ਨੰਬਰ 1 ਵਿੱਚ ਇੱਕ ਵੱਖਰੀ ਪਹਿਚਾਣ ਬਣ ਗਈ ਹੈ। ਉੱਘੀ ਸ਼ਖਸੀਅਤ ਦੇ ਮਾਲਕ ਅਵਤਾਰ ਮਿਨਹਾਸ ਜੀ ਪਿਛਲੇ 15 ਸਾਲਾਂ ਤੋਂ ਉੱਪਰ, ਈਟੋਬੀਕੋਕ ਨਾਰਥ ਵਿੱਚ ਅਵਤਾਰ ਆਟੋ ਦੇ ਨਾਂ ਹੇਠ ਆਪਣਾਂ ਸਫਲਤਾਪੂਰਵਕ ਬਿਜਨਸ ਕਰ ਚੁੱਕੇ ਹਨ ਅਤੇ ਹੁਣ ਰੀਅਲ ਅਸਟੇਟ ਬਿਜ਼ਨਸ ਵਿੱਚ ਧੁੰਮਾਂ ਪਾ ਰਹੇ ਹਨ। ਹਰ ਚੰਗੀ ਕਮਿਉਨਿਟੀ ਦੀ ਤਰ੍ਹਾਂ ਈਟੋਬੀਕੋਕ ਏਰੀਆ ਦੀ ਮਲਟੀਕਲਚਰਲ ਕਮਿਉਨਿਟੀ ਸੰਸਥਾਵਾ ਨਾਲ ਸ਼ਮੂਲੀਅਤ ਹੋਣ ਕਾਰਨ, ਅਵਤਾਰ ਜੀ, ਆਪਣੀਂ ਵੱਖਰੀ ਪਹਿਚਾਣ ਰੱਖਦੇ ਹਨ। ਅਵਤਾਰ ਮਿਨਹਾਸ ਸਾਹਿਬ ਜੀ ਨੇਂ ਇਸੇ ਏਰੀਏ ਵਿੱਚ ਬਿਜਨਸ ਕਰਨ ਦੇ ਨਾਲ-ਨਾਲ ਵਾਲੰਟੀਅਰ ਕੰਮ ਕੀਤੇ ਹਨ ਅਤੇ ਕਈ ਸੰਸਥਾਵਾਂ ਨੂੰ ਦਾਨ ਵੀ ਕਰ ਚੁੱਕੇ ਹਨ। ਬਿਜਨਸ ਕਰਨ ਦੇ ਨਾਲ-ਨਾਲ ਪ੍ਰੈਕਟੀਕਲ ਤਜਰਬਾ ਹੋਣ ਕਾਰਣ ਉਹ ਇਸ ਏਰੀਰੇ ਦੇ ਢੁਕਵੇਂ ਸਿਟੀ ਕੌਂਸਲਰ ਉਮੀਦਵਾਰ ਹਨ। ਲਗਭਗ ਪਿਛਲੇ ਤਿੰਨ ਦਹਾਕਿਆ ਤੋਂ ਕਨੇਡਾ ਵਿੱਚ ਰਹਿ ਰਹੇ ਹਨ। ਕਮਿਉਨਿਟੀ ਦੀ ਸੇਵਾ ਭਾਵਨਾਂ ਨਾਲ ਭਰਪੂਰ ਹੋਣ ਕਾਰਨ ਉਹ ਕਈ ਸੰਸਥਾਵਾਂ ਦੀ ਮੱਦਦ ਕਰ ਚੁੱਕੇ ਹਨ। ਵਿਲੀਅਮ ਆਸਲਰ ਹਸਪਤਾਲ ਲਈ 50,000 ਡਾਲਰ ਇਕੱਠੇ ਕਰਨੇਂ,ਸੀ ਐਨ ਆਈ ਬੀ,ਖੇਡ ਸੰਸਥਾਵਾਂ ਅਤੇ ਸਾਉਥ ਏਸ਼ੀਅਨ ਸੀਨੀਅਰਜ਼ ਸੰਸਥਾਵਾਂ ਦੀ ਮੱਦਦ ਕਰਨਾਂ, ਉਹਨਾਂ ਦੇ ਸ਼ਲਾਘਾਯੋਗ ਕੰਮ ਹਨ।




ਇਹਨਾਂ ਸਾਰੇ ਕਮਿਉਨਿਟੀ ਕਮਾਂ ਤੋਂ ਇਲਾਵਾ, ਅਵਤਾਰ ਜੀ ਨੇਂ ਬਤੌਰ ਸਕੂਲ ਟਰੱਸਟੀ, ਸਕੂਲਾਂ,ਬਚਿੱਆਂ ਅਤੇ ਸਾਰੀਆਂ ਕਮਿਉਨੀਟੀਆਂ ਨੂੰ ਜਿਸ ਤਰ੍ਹਾਂ ਸਾਕਾਰਾਤਮਕ ਰੂਪ ਨਾਲ ਕੰਮ ਕਰਕੇ ਪ੍ਰਭਾਵਿਤ ਕੀਤਾ, ਉਹ ਆਪਣੇਂ ਆਪ ਵਿੱਚ ਇੱਕ ਮਿਸਾਲ ਹੈ। ਘਰ-ਘਰ ਵੋਟਾਂ ਮੰਗਦਿਆਂ ਵੋਟਰ, ਉਹਨਾਂ ਨੂੰ ਝੱਟ ਪਛਾਣ ਲੈਂਦੇ ਹਨ।ਕਈ ਵੋਟਰਾਂ ਨੇਂ ਤਾਂ ਸਾਈਨ ਲਾਉਣ ਦੀ ਤਾਰੀਖ ਤੋਂ ਪਹਿਲਾਂ ਹੀ ਆਪਣੀ ਮਰਜ਼ੀ ਨਾਲ ਓਹਨਾਂ ਦੇ ਪੋਸਟਰ ਲਗਾ ਲਏ ਸਨ। ਇਸ ਤੋਂ ਇਲਾਵਾ ਮਾਰਕੀਟਾਂ,ਸ਼ਾਪਿੰਗ ਸੈਂਟਰਾਂ ਵਿੱਚ ਵੀ ਉਹਨਾਂ ਨੂੰ ਵੋਟਰ ਦੂਰੋਂ ਪਛਾਣ ਲੈਂਦੇ ਹਨ।

2016 ਵਿੱਚ ਜਦੋਂ ਉਹ ਸਕੂਲ ਟਰੱਸਟੀ ਬਣੇ ਸਨ ਤਾਂ ਉਹਨਾਂ ਦੀ ਇਹ ਇਤਿਹਾਸਕ ਜਿੱਤ ਸੀ। ਅਵਤਾਰ ਜੀ ਨੇਂ ਕਈ ਸਾਲਾਂ ਤੋਂ ਕੌਂਸਲਰ,ਐਮ ਪੀ ਪੀ ਅਤੇ ਟਰਸਟੀਜ਼ ਰਹਿ ਚੁੱਕੇ ਜੌਹਨ ਹੇਸਟਿੰਗਜ਼ ਨੂੰ ਹਰਾਇਆ ਸੀ। 2016 ਵਿੱਚ, ਈਟੋਬੀਕੋਕ ਵਾਰਡ ਨੰਬਰ 1 ਤੋਂ ਹੋਈਆਂ ਸਕੂਲ ਟਰਸੱਟੀਜ਼ ਦੀਆਂ ਵੋਟਾਂ ਵਿੱਚ ਖੜ੍ਹੇ ਇੱਕੋ-ਇੱਕ ਪੰਜਾਬੀ ਉਮੀਦਵਾਰ ਅਵਤਾਰ ਮਿਨਹਾਸ ਨੂੰ ਵੱਡੀ ਜਿੱਤ ਪ੍ਰਾਪਤ ਹੋਈ ਸੀ।

ਟੋਰੰਟੋ ਦੇ ਇਤਿਹਾਸ ਵਿੱਚ ਉਹ ਦੂਸਰੇ ਪੰਜਾਬੀ ਹਨ ਜਿਹਨਾਂ ਸਕੂਲ ਟਰਸੱਟੀਜ਼ ਬਣ ਕੇ ਇਤਿਹਾਸ ਸਿਰਜ਼ਿਆ ਸੀ। ਉਹਨਾਂ ਨੇਂ ਜੌਹਨ ਹੇਸਟਿੰਗਜ਼ ਨੂੰ ਹਰਾਇਆ ਸੀ, ਜੋ ਕਿ ਸਿਟੀ ਕੌਂਸਲਰ,ਐਮ ਪੀ ਪੀ ਅਤੇ ਸਕੂਲ ਟਰੱਸਟੀ ਰਹਿ ਚੁੱਕੇ ਸਨ। ਇਸ ਕੈਂਪੈਨ ਵਿੱਚ ਅਵਤਾਰ ਮਿਨਹਾਸ ਜੀ ਦੇ ਭੈਣਾਂ-ਭਰਾਵਾਂ, ਨੇੜੇ-ਦੂਰ ਦੇ ਰਿਸ਼ਤੇਦਾਰਾਂ,ਯਾਰਾਂ-ਦੋਸਤਾਂ ਨੇਂ ਪੂਰਾ ਸਹਿਯੋਗ ਦਿੱਤਾ ਸੀ ਅਤੇ ਹੁਣ ਵੀ ਮਦਦ ਕਰ ਰਹੇ ਹਨ। ਇਨ੍ਹਾਂ ਦੀ ਧਰਮ ਪਤਨੀਂ ਅਤੇ ਬਚਿੱਆਂ ਨੇਂ ਖੁਦ ਦਰਵਾਜੇ ਖੜਕਾ ਕੇ ਪ੍ਰਚਾਰ ਕੀਤਾ, ਜਿੱਤ ਦੁਆਉਣ ਵਿੱਚ ਪੂਰੀ ਮੱਦਦ ਕੀਤੀ ਸੀ ਅਤੇ ਇਹ ਮਦਦ ਹੁਣ ਵੀ ਜਾਰੀ ਹੈ। ਉਸ ਸਮੇਂ ਇਤਿਹਾਸਕ ਜਿੱਤ ਤੋਂ ਬਾਅਦ ਅਵਤਾਰ ਜੀ ਨੇਂ ਕਿਹਾ ਸੀ ,"ਜਦੋਂ ਮੈਂ ਛੋਟਾ ਬੱਚਾ ਸੀ ਤਾਂ ਮੇਰੇ ਦਾਦਾ ਜੀ ਹਮੇਸ਼ਾਂ ਕਹਿੰਦੇ ਹੁੰਦੇ ਸੀ ਕਿ ਤੂੰ ਵਡਾ ਹੋ ਕੇ ਲੀਡਰ ਬਣੇਗਾ ਅਤੇ ਮੈਂ ਆਪਣੇਂ ਦਾਦਾ ਜੀ ਦਾ ਇਹ ਸੁਪਨਾਂ ਸਾਕਾਰ ਹੁੰਦਾ ਦੇਖ ਕੇ ਬਹੁਤ ਖੁਸ਼ ਹਾਂ।"। ਇਸ ਵਾਰ ਸਿਟੀ ਕੌਂਸਲਰ ਦੀ ਵੱਡੀ ਸੀਟ ਜਿੱਤ ਕੇ ਅਵਤਾਰ ਜੀ ਆਪਣੇਂ ਦਾਦਾ ਜੀ ਦੇ ਸੁਪਨੇਂ ਨੂੰ ਨਵੀਂ ਉਚਾਈਆਂ ਦੇਣਾਂ ਚਾਹੁੰਦੇ ਹਨ।

ਅਵਤਾਰ ਮਿਨਹਾਸ ਜੀ ਦੇ ਸਕੂਲ ਟਰੱਸਟੀ ਚੋਣਾਂ ਸਮੇਂ ਦੇ ਪੁਰਾਣੇਂ ਵਾਲੰਟਰੀਆਂ ਨੇਂ ਕੁੱਝ ਮੁਸ਼ਕਲਾਂ ਦੇ ਬਾਵਜੂਦ ਹਿੰਮਤ ਨਹੀਂ ਹਾਰੀ ਸੀ ਅਤੇ ਇਸ ਵਾਰ ਹੋਰ ਵੀ ਉਤਸ਼ਾਹ ਨਾਲ ਸੇਵਾ ਕਰ ਰਹੇ ਹਨ। ਸੱਭ ਤੋਂ ਜਿਆਦਾ ਖੁਸ਼ੀ ਵਾਲੰਟੀਅਰਾਂ ਦੁਆਰਾ ਮਨਾਈ ਗਈ ਸੀ ਅਤੇ ਇਸ ਵਾਰ ਵੀ ਵੱਡੀਆਂ ਖੁਸ਼ੀਆਂ ਦਾ ਇੰਤਹਾਰ ਕਰ ਰਹੇ ਹਨ। ਜੂਨ ਮਹੀਨੇਂ ਤੋਂ ਹੀ ਤਪਦੀ ਧੁੱਪ ਦੀ ਪਰਵਾਹ ਨਾਂ ਕੀਤਿਆਂ ਆਪਣੇ ਪੰਜਾਬੀ ਉਮੀਦਵਾਰ ਨੂੰ ਜਿਤਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੇ। ਉਹਨਾਂ ਦੁਆਰਾ ਹਜਾਰਾਂ ਘਰਾਂ ਵਿੱਚ ਜਾ ਕੇ ਕਈ ਵਾਰ ਦਰਵਾਜੇ ਖੜਕਾਏ ਜਾ ਰਹੇ ਹਨ। ਲਿਟਰੇਚਰ ਵੰਡਿਆ ਜਾ ਰਿਹਾ ਅਤੇ ਸਾਈਨ ਲਗਾਏ ਜਾ ਰਹੇ ਹਨ ਜਿਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਉਹਨਾਂ ਵਿੱਚ ਕਿੰਨੀ ਲਗਨ ਹੈ ਅਤੇ ਕਿੰਨਾ ਜੋਸ਼ ਹੈ।

ਇਟੋਬੀਕੋਕ ਨੌਰਥ ਤੋਂ ਵਾਰਡ ਨੰ 1 ਤੋਂ ਸਿਟੀ ਕੌਂਸਲਰ ਲਈ ਉਮੀਦਵਾਰ, ਅਵਤਾਰ ਮਿਨਹਾਸ ਜੀ ਵੀ ਇਸ ਸਮੇਂ ਇਕੱਲੇ ਪੰਜਾਬੀ ਉਮੀਦਵਾਰ ਹਨ ਅਤੇ ਸਾਡਾ ਪੰਜਾਬੀ,ਭਾਰਤੀ ਕਮਿਉਨਿਟੀ ਦਾ ਫਰਜ਼ ਬਣਦਾ ਹੈ ਕਿ ਬਰੈਂਮਪਟਨ,ਕਨੇਡਾ ਦੇ ਦੂਸਰੇ ਹਿਸਿਆਂ ਵਿੱਚ ਪੰਜਾਬੀ, ਭਾਰਤੀਆਂ ਨੂੰ ਜਿਤਾਉਣ ਤੋਂ ਬਾਅਦ ਅਸੀ ਉਨ੍ਹਾਂ ਨੂੰ ਵੀ ਵੋਟਾਂ ਵਿੱਚ ਜਿਤਾ ਕੇ ਇੱਕ ਹੋਰ ਪੰਜਾਬੀ,ਭਾਰਤੀ ਨੂੰ ਆਪਣੀ ਅਤੇ ਕਨੇਡੀਅਨ ਕਮਿਊਨਿਟੀ ਦਾ ਲੀਡਰ ਬਣਾਈਏ ਤਾਂ ਜੋ ਆਪਣੀ, ਬੋਲੀ, ਸੱਭਿਆਚਾਰ, ਸੰਸਕ੍ਰਿਤੀ ਦੀ ਸਮਝ ਰੱਖਦਿਆਂ, ਉਹ ਸਿਟੀ ਕੌਂਸਲਰ ਦੇ ਤੌਰ ਤੇ ਸਾਡੀ ਨੁਮਾਇੰਦਗੀ ਕਰ ਸਕਣ। ਜਿਸ ਤਰਾਂ 2016 ਵਿੱਚ ਆਪਣੀ ਕਮਿਊਨਿਟੀ ਨੇ ਅਵਤਾਰ ਜੀ ਨੂੰ ਸਕੂਲ ਟਰੱਸਟੀ ਬਣਾਂ ਕੇ ਇਤਿਹਾਸ ਸਿਰਜਿਆ ਸੀ ਉਸੇ ਤਰਾਂ ਇਸ ਵਾਰ ਸਾਡਾ ਸੱਭ ਦਾ ਇਹ ਫਰਜ ਬਣਦਾ ਹੈ ਕਿ ਇਸ ਵਾਰ ਉਹਨਾਂ ਨੂੰ ਬਤੌਰ ਸਿਟੀ ਕੌਂਸਲਰ ਜਿਤਾ ਕੇ ਇੱਕ ਹੋਰ ਇਤਿਹਾਸ ਸਿਰਜੀਏ ਕਿਉਂ ਕਿ ਇਸ ਵਾਰ ਵੀ ਉਹਨਾਂ ਦੀ ਜਿੱਤ ਤੋਂ ਬਾਅਦ ਉਹ ਟੋਰੰਟੋ ਦੇ ਇਤਿਹਾਸ ਵਿੱਚ ਪਹਿਲੇ ਪੰਜਾਬੀ ਕੌਂਸਲਰ ਬਣ ਜਾਣਗੇ। ਈਟੋਬੀਕੋਕ ਵਾਰਡ ਨੰ 1 ਅਤੇ 2 ਸਕੂਲ ਟਰੱਸਟੀਜ ਦੀ ਐਡਵਾਂਸ ਪੋਲਿੰਗ ਅਕਤੂਬਰ 7 ਤੋਂ 14 ਅਤੇ ਵੋਟਾਂ ਦਾ ਆਖਰੀ ਦਿਨ ਅਕਤੂਬਰ 24 ਮਿੱਥਿਆ ਗਿਆ ਹੈ।

(ਰਿਪੋਰਟ:ਡੇਵਿਡ ਝਮਟ)

# ਐਟਲਾਂਟਿਕ ਕੈਨੇਡੀਅਨਜ਼ ਲਈ ਟਰੂਡੋ ਵੱਲੋਂ 300 ਮਿਲੀਅਨ ਡਾਲਰ ਦੇ ਰਿਕਵਰੀ ਫੰਡ ਦਾ ਐਲਾਨ

ਹੈਲੀਫੈਕਸ, 6 ਅਕਤੂਬਰ (ਪੋਸਟ ਬਿਊਰੋ) : ਤੂਫਾਨ ਫਿਓਨਾ ਵੱਲੋਂ ਮਚਾਈ ਗਈ ਤਬਾਹੀ ਨਾਲ ਸੰਘਰਸ਼ ਕਰ ਰਹੇ ਐਟਲਾਂਟਿਕ ਕੈਨੇਡੀਅਨਜ਼ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 300 ਮਿਲੀਅਨ ਡਾਲਰ ਦੇ ਰਿਕਵਰੀ ਫੰਡ ਦਾ ਐਲਾਨ ਕੀਤਾ ਗਿਆ ਹੈ।

ਇਸ ਸਬੰਧ ਵਿੱਚ ਟਰੂਡੋ ਵੱਲੋਂ ਅੱਜ ਹੈਲੀਫੈਕਸ ਵਿੱਚ ਐਲਾਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਤੂਫਾਨ ਤੋਂ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਲਈ ਇਹ ਰਕਮ ਆਉਣ ਵਾਲੇ ਦੋ ਸਾਲਾਂ ਵਿੱਚ ਖਰਚੀ ਜਾਵੇਗੀ, ਇਸ ਦੇ ਨਾਲ ਹੀ



ਸਰਕਾਰ ਲੰਮੇਂ ਸਮੇਂ ਤੱਕ ਰਹਿਣ ਵਾਲੇ ਇਸ ਤੂਫਾਨ ਦੇ ਅਸਰ ਨਾਲ ਨਜਿੱਠਣ ਵਿੱਚ ਵੀ ਸਥਾਨਕ ਲੋਕਾਂ ਦੀ ਮਦਦ ਕਰੇਗੀ। ਟਰੂਡੋ ਨੇ ਆਖਿਆ ਕਿ ਇਹ ਫੰਡ ਉਨ੍ਹਾਂ ਲਈ ਹਨ ਜਿਨ੍ਹਾਂ ਨੂੰ ਕੋਈ ਹੋਰ ਪ੍ਰੋਗਰਾਮ ਤਹਿਤ ਕਵਰ ਨਹੀਂ ਕੀਤਾ ਜਾਂਦਾ।

ਇਸ ਮੌਕੇ ਐਟਲਾਂਟਿਕ ਕੈਨੇਡਾ ਓਪਰਚੁਨਿਟੀਜ਼ ਏਜੰਸੀ (ਏਸੀਓਏ) ਲਈ ਜ਼ਿੰਮੇਵਾਰ ਮੰਤਰੀ ਜਿਨੇਟ ਪੈਟਿਅਪਸ ਟੇਲਰ ਨੇ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਕੈਨੇਡੀਅਨਜ਼ ਨੂੰ ਇਸ ਤਰ੍ਹਾਂ ਦੇ ਔਖੇ ਹਾਲਾਤ ਵਿੱਚੋਂ ਕੱਢਣ ਲਈ ਜਲਦ ਤੋਂ ਜਲਦ ਰਕਮ ਮੁਹੱਈਆ ਕਰਵਾਈ ਜਾਵੇਗੀ। ਏਸੀਓਏ ਨਾਲ ਇਨ੍ਹਾਂ ਫੰਡਾਂ ਨੂੰ ਮੈਨੇਜ ਕਰਨ ਦਾ ਕੰਮ ਕੈਨੇਡਾ ਇਕਨੌਮਿਕ ਡਿਵੈਲਪਮੈਂਟ ਫੌਰ ਕਿਊਬਿਕ ਰੀਜਨਜ਼, ਫਿਸ਼ਰੀਜ਼ ਐਂਡ ਓਸ਼ਨਜ਼ ਕੈਨੇਡਾ ਤੇ ਟਰਾਂਸਪੋਰਟ ਕੈਨੇਡਾ ਸਮੇਤ ਹੋਰਨਾਂ ਫੈਡਰਲ ਵਿਭਾਗਾਂ ਤੇ ਏਜੰਸੀਆਂ ਵੱਲੋਂ ਕੀਤਾ ਜਾਵੇਗਾ।

# ਸੀਆਈਐਫ ਦੇ ਸਮਾਰੋਹ ਵਿੱਚ ਅਨਿਲ ਅੱਗਰਵਾਲ ਨੂੰ ਕੀਤਾ ਗਿਆ ਸਨਮਾਨਿਤ

ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਕੈਨੇਡਾ ਇੰਡੀਆ ਫਾਊਂਡੇਸ਼ਨ ਵੱਲੋਂ ਆਪਣਾ ਸਾਲਾਨਾ ਸੀਆਈਐਫ ਗਲੋਬਲ ਇੰਡੀਅਨ ਗਾਲਾ ਸਮਾਰੋਹ ਦਾ ਆਯਜਨ ਕੀਤਾ ਗਿਆ।

ਇਸ ਮੌਕੇ ਇੰਡੋ ਕੈਨੇਡੀਅਨ ਕਮਿਊਨਿਟੀ, ਫੈਡਰਲ, ਪ੍ਰੋਵਿੰਸ਼ੀਅਲ ਤੇ ਮਿਊਂਸਪਲ ਆਗੂਆਂ ਦੇ ਨਾਲ ਨਾਲ ਡਸੀਜ਼ਨ ਮੇਕਰਜ਼, ਐਕੇਡੈਮੀਆ, ਬਿਜ਼ਨਸਮੈਨ ਆਦਿ ਨੇ ਹਿੱਸਾ ਲਿਆ।ਇਸ ਦੌਰਾਨ ਕੈਨੇਡਾ ਦੇ ਇੰਡੀਜੀਨਸ ਲੋਕਾਂ ਦੀ ਅਗਵਾਈ ਕਰਨ ਵਾਲੀ ਅਨਿਸ਼ਨਾਬੇ ਹੈਲਥ ਫਾਊਂਡੇਸ਼ਨ ਦੇ ਨੁਮਾਇੰਦੇ ਵੀ ਹਾਜ਼ਰ ਸਨ। ਐਵਾਰਡ ਜੇਤੂ ਅਨਿਲ ਅੱਗਰਵਾਲ ਨੇ ਐਵਾਰਡ ਦੀ ਸਾਰੀ ਰਕਮ, 50,000 ਡਾਲਰ ਅਨਿਸ਼ਨਾਬੇ ਹੈਲਥ ਫਾਊਂਡੇਸ਼ਨ ਨੂੰ ਦਾਨ ਕਰ ਦਿੱਤੀ। ਇੱਥੇ ਹੀ ਬੱਸ ਨਹੀਂ , ਉਨ੍ਹਾਂ ਆਪਣੇ ਕੋਲੋਂ ਵੀ 21,000 ਡਾਲਰ ਦੀ ਰਕਮ ਇਸ ਐਵਾਰਡ ਦੀ ਰਕਮ ਨਾਲ ਜੋੜ ਕੇ ਫਾਊਂਡੇਸ਼ਨ ਨੂੰ ਦਾਨ ਕੀਤੀ।



ਸੀਆਈਐਫ ਦੇ ਚੇਅਰ ਸਤੀਸ਼ ਠੱਕਰ ਨੇ ਇਸ ਮੌਕੇ ਆਖਿਆ ਕਿ ਇਸ ਸਾਲ ਕਮਿਊਨਿਟੀ ਤੇ ਸਪਾਂਸਰਜ਼ ਦਾ ਵਧੀਆ ਸਮਰਥਨ ਉਨ੍ਹਾਂ ਨੂੰ ਮਿਲਿਆ ਹੈ। ਉਨ੍ਹਾਂ ਆਖਿਆ ਕਿ ਪਰਵਾਸੀ ਭਾਰਤੀਆਂ ਦੇ ਸਮਰਪਣ ਤੇ ਵਚਨਬੱਧਤਾ ਸਦਕਾ ਹੀ ਕੈਨੇਡਾ ਤੇ ਭਾਰਤ ਦਰਮਿਆਨ ਸਬੰਧ ਹੋਰ ਮਜ਼ਬੂਤ ਹੋ ਰਹੇ ਹਨ। ਉਨ੍ਹਾਂ ਮੰਨੇ ਪ੍ਰਮੰਨੇ ਕਾਰੋਬਾਰੀ ਤੇ ਪਰੋਪਕਾਰੀ ਅਨਿਲ ਅੱਗਰਵਾਲ ਦੀ ਸਫਲਤਾ ਦੀ ਕਹਾਣੀ ਨੂੰ ਸਾਰਿਆਂ ਨੂੰ ਪ੍ਰੇਰਿਤ ਕਰਨ ਵਾਲਾ ਦੱਸਿਆ।

ਲੰਡਨ, ਇੰਗਲੈਂਡ ਸਥਿਤ ਵੇਦਾਂਤਾ ਰਿਸੋਰਸਿਜ਼ ਦੇ ਚੇਅਰਮੈਨ ਅਨਿਲ ਅੱਗਰਵਾਲ ਨੇ ਇਸ ਮੌਕੇ ਆਪਣੇ ਸੰਘਰਸ਼ ਸਾਂਝੇ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਤੇ ਉਨ੍ਹਾਂ ਕਈ ਸਬਕ ਵੀ ਸਿੱਖੇ। ਉਨ੍ਹਾਂ ਆਖਿਆ ਕਿ ਕੈਨੇਡਾ ਵਿੱਚ ਉਹ ਪਹਿਲੀ ਵਾਰੀ ਆਏ ਹਨ ਤੇ ਇੱਥੋਂ ਦੇ ਲੋਕਾਂ ਦੀ ਮਹਿਮਾਨਨਵਾਜ਼ੀ ਤੇ ਇੰਡੋ ਕੈਨੇਡੀਅਨ ਕਮਿਊਨਿਟੀ ਦੇ ਪਿਆਰ ਤੇ ਸਾਂਝ ਨੂੰ ਵੇਖ ਕੇ ਕਾਫੀ ਖੁਸ਼ ਹਨ।ਉਨ੍ਹਾਂ ਆਖਿਆ ਕਿ ਕੈਨੇਡਾ ਤੇ ਭਾਰਤ ਦੋਵੇਂ ਹੀ ਉੱਭਰਦੇ ਹੋਏ ਅਰਥਚਾਰੇ ਹਨ ਤੇ ਦੋਵੇਂ ਹੀ ਦੇਸ਼ ਕਈ ਖੇਤਰਾਂ ਵਿੱਚ ਸਾਂਝ ਨੂੰ ਹੋਰ ਵਧਾ ਸਕਦੇ ਹਨ।ਉਨ੍ਹਾਂ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੇ ਫੈਡਰਲ ਮੰਤਰੀ ਮੈਰੀ ਐਨਜੀ ਨੂੰ ਭਾਰਤ ਆਉਣ ਦਾ ਸੱਦਾ ਵੀ ਦਿੱਤਾ।ਦੁਨੀਆ ਜਾਣਦੀ ਹੈ ਕਿ ਅਨਿਲ ਅੱਗਰਵਾਲ ਬਹੁਤ ਵੱਡੇ ਪਰੋਪਕਾਰੀ ਹਨ ਤੇ ਉਨ੍ਹਾਂ ਆਪਣੀ 75 ਫੀ ਸਦੀ ਸੰਪਤੀ ਦਾਨ ਕਰਨ ਦਾ ਤਹੱਈਆ ਵੀ ਲਿਆ ਹੋਇਆ ਹੈ। ਇਸ ਮੌਕੇ 1000 ਦੇ ਲੱਗਭਗ ਲੋਕ ਮੌਜੂਦ ਸਨ।ਹੋਰਨਾਂ ਤੋਂ ਇਲਾਵਾ ਕਾਊਂਸਲ ਜਨਰਲ ਅਪੂਰਵ ਸ਼੍ਰੀਵਾਸਤਵ, ਪ੍ਰੀਮੀਅਰ ਡੱਗ ਫੋਰਡ, ਮਨਿਸਟਰ ਆਫ ਸਮਾਲ ਬਿਜ਼ਨਸ ਮੈਰੀ ਐਨਜੇ (ਫੈਡਰਲ ਮੰਤਰੀ), ਫੈਡਰਲ ਮਨਿਸਟਰ ਫੌਰ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਹੈਲੇਨਾ ਜ਼ੈਜ਼ੈਕ, ਭਾਰਤ ਵਿੱਚ ਕੈਨੇਡਾ ਦੀ ਡਿਪਟੀ ਹਾਈ ਕਮਿਸ਼ਨਰ ਅਮਾਂਡਾ ਸਟਰੋਹਨ ਨੇ ਆਪਣੇ ਵਿਚਾਰ ਰੱਖੇ। ਅਨਿਸ਼ਨਾਬੇ ਹੈਲਥ ਫਾਊਂਡੇਸ਼ਨ ਦੇ ਬੋਰਡ ਮੈਂਬਰ ਟਿਮ ਲਾਰੌਂਡੇ ਨੇ 71,000 ਡਾਲਰ ਦਾ ਚੈੱਕ ਸਵੀਕਾਰ ਕੀਤਾ। ਅੰਤ ਵਿੱਚ ਸੀਆਈਐਫ ਦੇ ਨੈਸ਼ਨਲ ਕਨਵੀਨਰ ਰਿਤੇਸ਼ ਮਲਿਕ ਨੇ ਸਾਰਿਆਂ ਦਾ ਧੰਨਵਾਦ ਕੀਤਾ।





FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009


10510 Torbram Road,
Brampton
905-790-0030


2120 North park Drive
Brampton ON L6S 0C9
905-793-1338

10 Pannahill Dr,
Brampton
905 913-8017


VOTE TO RE-ELECT
Paul Vicente
Brampton Regional Councillor Wards 1&5
paulvicente.ca
VOTE TO RE-ELECT
Rowena Santos
Brampton City Councillor Wards 1&5
rowenasantos.ca
Vote Vicente and Santos for a Brighter Future for Brampton
Bovaird Dr
Mississauga Rd
Chinguacousy Rd
Main St
Hwy 410
Queen St
WARDS 1 & 5
WARDS 1&5
bramptonvotes.ca 647.501.8683
For dates, times, voting locations, rides and reminders


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
HOUSE FOR LEASE IN CALEDON
KENNEDY/ NEW HOUSE/ DOUGALL AVE.
2500-3000 sq feet ਦਾ Detached ਘਰ
$3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
2nd ਫਲੋਰ ਤੇ 9 ਫੁੱਟ ਦੀ ਸੀਲੀਂਗ
ਪੂਰਾ ਘਰ $4700/month with unfurnished ਬੇਸਮੇਂਟ
HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
1ਸਾਲ ਦੀ Lease, Credit Report, Full Rental App.
First & Last month + Key Deposit
LISTED IN BRAMPTON
MAYFIELD / MCLAUGHLIN
Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
3+1 ਬੈੱਡਰੂਮ + 4 ਵਾਸ਼ਰੂਮ
1 ਬੈੱਡਰੂਮ Legal Finished Basement with Seperate Entrance
9 ਫੁੱਟ ਦੀ ਸੀਲੀਂਗ
ਸਟੈਂਡਰਡ ਓਕ ਸਟੈਅਰ ਕੇਸ
ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
LISTED IN BRAMPTON
CASTLEMORE/ HUMBERWEST/AIRPORT
1500-2000 sq feet ਦਾ ਘਰ
3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
Extended ਡਰਾਈਵਵੇਅ
ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
FREE
Full MLS Services
Consistently Marketing Your Property Until SOLD
Competitive Rates, Exceptional Service & Award Winning Results
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


OURR HOME & APPLIANCES
416-477-5556
GRAND Opening
ON OCTOBER 7TH AT
SCAN This QR Code
5781 HIGHWAY 7 UNIT 10, VAUGHAN
NO TAX EVENT EXCLUSIVELY IN OCTOBER MONTH
PREMIUM CLEARANCE CENTRE
WE SELL BRAND NEW/OPEN BOX APPLIANCES
GREAT EARLY BIRD SPECIAL OFFER
GET A CHANCE TO WIN
65" 4K LED TV
OR
FRIDGE
OR
$500
UPTO 70% OFF
We Sell and Install all the Major Brand New Appliances
Great Selection Of High-End Open Box Appliances
Visit our store and get exclusive money-saving offers and deals
0% Financing with Fairstone
WE ARE AUTHORIZED DEALERSHIP FOR ALL MAJOR BRANDS
JENNAIR dacor KitchenAid BOSCH Electrolux VentAHood
SAMSUNG LG MAYTAG Whirlpool FRIGIDAIRE elica AVG Vesta
OURR LOCATIONS
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
(416)-551-5553
WWW.OURRHOMEAPPLIANCES.COM


Elect JOHAL SATPAUL SINGH
your Peel District School Board Trustee
Brampton Wards 9 - 10
A trusted voice for our community
I will work for you to:
Advocate to build a partnership with City to provide free Transit for Peel students
Strengthen relationships in school communities
Build an inclusive environment free of racism, bullying & drugs
Decrease congestion around schools
Advocate for more Regional Programs Funding
Ensure fair funding for Peel Schools
Phone: 416-895-3784 | Email: satpaulsinghjohal@gmail.com
MAYFIELD RD
HWY 410
WARD 9
TORBRAM RD
WARD 10
HWY 50
BOVAIRD DR
CASTLEMORE RD
GORE RD
Elect Satpaul Singh Johal
Trustee for Peel District School Board
Gurdwara Dasmesh Darbar
Advance Polling: from 10:00 am - 8:00 pm
October 7, 8, 9, 14 and 15
Election Day: October 24, 2022
My Name is on the Ballot Paper
ਇਲੈਕਸ਼ਨ ਦਾ ਦਿਨ 24 ਅਕਤੂਬਰ
ਐਡਵਾਂਸ ਵੋਟਾਂ:
7, 8, 9, 14 ਤੇ 15 ਅਕਤੂਬਰ
ਵੋਟਾਂ ਪਾਉਣ ਦਾ ਸਮਾਂ 10 ਤੋਂ 8 ਵਜੇ ਤੱਕ
Mark X or ✓ in front of:
JOHAL, SATPAUL SINGH
Peel District School Board Trustee
Brampton Wards 9 - 10
Phone: 416-895-3784 | Email: satpaulsinghjohal@gmail.com
Authorised by Satpaul Singh Johal Campaign